

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 9 ISSUE - 26

October 7, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com




ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ 14ਵੇਂ ਪ੍ਰੀਨਿਰਵਾਣ ਦਿਵਸ ਤੇ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਸ਼ਰਧਾਂਜਲੀ ਭੇਂਟ ਕਰਦਾ ਹੈ। ਸਬੰਧਤ ਸੰਪਾਦਕੀ ਅਤੇ ਲੇਖ ਦੇਖੋ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ'

## ਟਰੰਪ ਪ੍ਰਸ਼ਾਸਨ ਵੱਲੋਂ ਰੁਜ਼ਗਾਰ ਅਧਾਰਤ ਵੀਜ਼ਾ 'ਤੇ ਨਵੀਆਂ ਰੋਕਾਂ ਲਾਉਣ ਦਾ ਐਲਾਨ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)-** ਟਰੰਪ ਪ੍ਰਸ਼ਾਸਨ ਨੇ ਰੁਜ਼ਗਾਰ ਅਧਾਰਤ ਵੀਜ਼ਾ ਪ੍ਰੋਗਰਾਮ ਉਪਰ ਸਖਤ ਨਿਯਮ ਲਾਗੂ ਕਰਨ ਦਾ ਐਲਾਨ ਕੀਤਾ ਹੈ ਜਿਸ ਪ੍ਰੋਗਰਾਮ ਤਹਿਤ ਉੱਚ ਹੁਨਰਮੰਦ ਵਿਦੇਸ਼ੀ ਵਰਕਰ ਅਮਰੀਕਾ ਆਉਂਦੇ ਹਨ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਕੋਰੋਨਾ ਮਹਾਮਾਰੀ ਕਾਰਨ ਰੁਜ਼ਗਾਰ ਦੇ ਮੌਕਿਆਂ ਨੂੰ ਲੱਗੇ ਜੋਰਦਾਰ ਝਟਕੇ ਕਾਰਨ ਇਹ ਤਬਦੀਲੀਆਂ ਕਰਨੀਆਂ ਜਰੂਰੀ ਹੋ ਗਈਆਂ ਹਨ। ਕਿਰਤ ਵਿਭਾਗ ਤੇ ਹੋਮਲੈਂਡ ਸਕਿਉਰਿਟੀ ਵਿਭਾਗ ਨੇ ਐਲਾਨ ਕੀਤਾ ਹੈ ਕਿ ਉਹ ਨਵੇਂ ਨਿਯਮ ਜਾਰੀ ਕਰਨਗੇ ਜਿਨਾਂ ਤਹਿਤ ਐਚ- 1 ਬੀ ਵੀਜ਼ਾ ਪ੍ਰੋਗਰਾਮ ਉਪਰ ਰੋਕਾਂ ਲੱਗ ਜਾਣਗੀਆਂ। ਇਹ ਇਕ ਰੁਜ਼ਗਾਰ ਅਧਾਰਤ ਵੀਜ਼ਾ ਪ੍ਰੋਗਰਾਮ ਹੈ ਜਿਸ ਤਹਿਤ ਟੈੱਕ ਕੰਪਨੀਆਂ ਉੱਚ ਹੁਨਰਮੰਦ ਵਰਕਰਾਂ ਨੂੰ ਸੱਦ ਦੀਆਂ ਹਨ। ਇਸ ਸਾਲ ਵਿਚ ਦੂਸਰੀ ਵਾਰ ਟਰੰਪ ਪ੍ਰਸ਼ਾਸਨ ਅਜਿਹੇ ਵੀਜ਼ਿਆਂ ਉਪਰ ਬੰਦਸ਼ਾਂ ਲਾ ਰਿਹਾ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਨੇ ਇਕ ਆਦੇਸ਼ ਜਾਰੀ ਕਰਕੇ ਹੋਰਨਾਂ ਤੋਂ ਇਲਾਵਾ ਐਚ-1 ਬੀ ਵੀ-ਜ਼ਿਆਂ ਨੂੰ ਇਸ ਸਾਲ ਦੇ ਅੰਤ ਤੱਕ ਸੀਮਿਤ ਕਰ ਦਿੱਤਾ ਸੀ। ਹੋਮਲੈਂਡ ਸਕਉਰਿਟੀ ਸਕੱਤਰ ਚਾਡ ਵੋਲਫ ਨੇ ਇਕ ਬਿਆਨ ਵਿਚ ਕਿਹਾ ਹੈ ਕਿ 'ਅਸੀਂ ਅਜਿਹੇ ਦੌਰ ਵਿਚ ਦਾਖਲ ਹੋ ਰਹੇ ਹਾਂ ਜਿਸ ਵਿਚ ਆਰਥਕ ਸੁਰੱਖਿਆ ਕਾਇਮ ਰਖਣਾ ਜਰੂਰੀ ਹੋ ਗਿਆ ਹੈ ਕਿਉਂਕਿ ਆਰਥਕ ਸੁਰੱਖਿਆ ਨਾਲ ਹੀ ਦੇਸ਼ ਸੁਰੱਖਿਅਤ ਹੈ। ਅਸੀਂ ਉਹ ਹਰ ਕਦਮ ਚੁਕਾਂਗੇ ਜਿਨਾਂ ਨਾਲ ਅਮਰੀਕਨ ਵਰਕਰਾਂ ਨੂੰ ਪਹਿਲ ਦੇ ਆਧਾਰ 'ਤੇ ਕੰਮ ਮਿਲਣਾ ਯਕੀਨੀ ਹੋਵੇ।'' ਕਿਰਤ ਵਿਭਾਗ ਦੇ ਸਕੱਤਰ ਈਉਗੇਨ ਸਕਾਲੀਆ ਨੇ ਇਕ ਵੱਖਰੇ ਬਿਆਨ ਵਿਚ ਵੋਲਫ਼ ਦੇ ਬਿਆਨ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਉਨਾਂ ਦਾ ਵਿਭਾਗ ਵੀਜ਼ਾ ਪ੍ਰੋਗਰਾਮ ਵਿਚਲੀਆਂ ਊਣਤਾਈਆਂ ਨੂੰ ਦੂਰ ਕਰ ਰਿਹਾ ਹੈ ਤਾਂ ਜੋ ਇਹ ਗੱਲ ਯਕੀਨੀ ਬਣਾਈ ਜਾ ਸਕੇ ਕਿ ਸਸਤੇ ਵਿਦੇਸ਼ੀ ਕਿਰਤੀਆਂ ਕਾਰਨ ਅਮਰੀਕਨ ਵਰਕਰ ਨਾ ਪ੍ਰਭਾਵਿਤ ਹੋਣ। ਨਵੇਂ ਨਿਯਮ ਬਹੁਤ ਛੇਤੀ ਲਾਗੂ ਹੋ ਜਾਣਗੇ।






ਯੂ. ਪੀ. ਦੇ ਹਾਥਰਸ ਵਿਚ ਦਲਿਤ ਲੜਕੀ ਮਨੀਸ਼ਾ ਵਾਲਮੀਕ ਨਾਲ ਹੋਏ ਬਲਾਤਕਾਰ ਅਤੇ ਕਰੂਰ ਹੱਤਿਆਕਾਂਡ ਵਿਰੁੱਧ ਪ੍ਰਦਰਸ਼ਨ ਕਰਦੀਆਂ ਬੱਚੀਆਂ ਅਤੇ ਬੀਬੀਆਂ।



ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਮੁੱਦੇ ਨੂੰ ਲੈ ਕੇ 10 ਅਕਤੂਬਰ ਨੂੰ ਸਮੂਹ ਸੰਤ, ਸਮਾਜ ਇਕੱਠਾ ਹੋ ਕੇ ਕਰੇਗਾ ਪ੍ਰਦਰਸ਼ਨ। (ਰਿਪੋਰਟ ਦੇਖੋ ਸਫਾ 11 'ਤੇ)

## ਕਿਸਾਨੀ ਨੂੰ ਤਬਾਹ ਕਰ ਦੇਣਗੇ ਕੇਂਦਰ ਦੇ ਘੜੇ ਨਵੇਂ ਖੇਤੀ ਕਾਨੂੰਨ





**ਸੰਗਰੂਰ (ਬਿਊਰੋ)-** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਵਿਚ ਅੱਜ ਸੰਗਰੂਰ ਵਿਖੇ ਕਾਂਗਰਸ ਸਰਕਾਰ ਅਤੇ ਰਾਹੁਲ ਗਾਂਧੀ ਨੂੰ ਘੇਰਨ ਪਿਛਲੇ ਤਿੰਨ ਦਿਨਾਂ ਵਿਚ ਦੂਜਾ ਰੋਸ਼ ਪ੍ਰਦਰਸ਼ਨ ਹੋਇਆ। ਹਾਲਾਂਕਿ ਦੋ ਦਿਨ ਪਹਿਲਾਂ ਹੀ ਬਸਪਾ ਨੇ ਸੰਗਰੂਰ ਵਿਚ ਵਿਸ਼ਾਲ ਰੋਸ ਪ੍ਰਦਰਸ਼ਨ ਤੇ ਰੋਸ ਮਾਰਚ ਕੀਤਾ ਸੀ। ਅੱਜ ਹੈਰਾਨੀਜਨਕ ਤਿਆਰੀ ਨਾਲ ਬਸਪਾ ਪੰਜਾਬ ਨੇ ਵਿਸ਼ਾਲ ਇਕੱਠ ਕਰਦਿਆ ਜਿੱਥੇ ਆਪਣੇ ਮਜਬੂਤ ਸੰਗਠਨ ਦਾ ਮੁਜਾਹਰਾ ਕੀਤਾ। (ਬਾਕੀ ਦੇਖੋ ਸਫਾ 7 'ਤੇ)

**ਕੁਰੂਕਸ਼ੇਤਰ/ ਪਟਿਆਲਾ (ਬਿਊਰੋ)-** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਖੇਤੀ ਨਾਲ ਸਬੰਧਤ ਤਿੰਨੇ ਕਾਨੂੰਨ ਪੂਰੀ ਤਰ੍ਹਾਂ ਨਾਲ ਕਾਲੇ ਕਾਨੂੰਨ ਹਨ ਅਤੇ ਆਉਣ ਵਾਲੇ ਸਮੇਂ 'ਚ ਜੇਕਰ ਇਹ ਲਾਗੂ ਹੁੰਦੇ ਹਨ ਤਾਂ ਨਾ ਸਿਰਫ਼ ਕਿਸਾਨ ਤਬਾਹ ਹੋਣਗੇ ਬਲਕਿ ਪੂਰਾ ਦੇਸ਼ ਗੁਲਾਮ ਹੋ ਜਾਵੇਗਾ। ਰਾਹੁਲ ਗਾਂਧੀ ਨੇ ਕਿਹਾ ਕਿ ਇਨ੍ਹਾਂ ਕਾਨੂੰਨਾਂ ਤੋਂ ਪਹਿਲਾਂ ਵੀ ਛੇ ਸਾਲ ਦੇ ਕਾਰਜਕਾਲ ਦੌਰਾਨ ਨਰਿੰਦਰ ਮੋਦੀ ਨੇ ਗਰੀਬਾਂ 'ਤੇ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਮੋਦੀ ਨੇ ਪਹਿਲਾਂ ਨੋਟਬੰਦੀ ਤੇ ਜੀਐੱਸਟੀ ਨੂੰ ਅਮਲ ਵਿੱਚ ਲਿਆ ਕੇ ਅਤੇ (ਬਾਕੀ ਸਫਾ 16 'ਤੇ)




SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

MANDEEP SANDHU

All Kinds of Immigration Forms/Petitions/Visa

WE OPEN 7-DAYS A WEEK

ਵੀਜ਼ਾ

Note: I am not an Immigration Attorney.

3222 PENELOPE DR. STOCKTON, CA- 95212 (NEAR HWY 99 ON MORADA LANE)

(209-373-3562) msandhu2014@gmail.com



GINNY WALIA Law Offices. Inc

Ginny H. K. Walia

Experienced Jury Trial Lawyer

Featured as a legal analyst on Fox News, MSNBC and Kron 4

FAMILY LAW, CRIMINAL DEFENSE AND CIVIL LITIGATION

Tel: (408) 724-9200
Fax: (408) 724-9202
Toll Free: 1 (800) 379-9330

ginny@walialawfirm.com
www.walialawfirm.com

BAGGA JEWELERS

916-912-8842, 916-329-8772

SINCE 1996

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga

6930 65TH STREET # 115 SACRAMENTO CA 95823



MAJESTIC HOMES

RAMESH SUMAN
Broker Realtor
RCS-D TM

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.



* Please call us for Professional & reliable services at reasonable rates.

959 Corporate Way, Fremont, CA. 94539


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
rajasweetsandcatering
rajasweets


ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀ ਵੀ ਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ ਪੀ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਅਮਰੀਕੀ ਰਾਸ਼ਟਰਪਤੀ ਦੀ ਪਹਿਲੀ ਡੀਬੇਟ ਕੌਣ ਜਿੱਤਿਆ ਤੇ ਕੌਣ ਹਾਰਿਆ..?

**ਫਰਿਜ਼ਨੋ (ਕੈਲੀਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਅਮਰੀਕੀ ਰਾਸ਼ਟਰਪਤੀ ਚੋਣਾਂ 3 ਨਵੰਬਰ ਨੂੰ ਹੋਣ ਜਾ ਰਹੀਆਂ ਹਨ। ਅਮਰੀਕਾ ਵਿਚਹਰੇਕ ਚਾਰ ਸਾਲ ਬਾਅਦ ਰਾਸ਼ਟਰਪਤੀ ਦੀ ਚੋਣ ਹੁੰਦੀ ਹੈ। ਅਮਰੀਕੀ ਸਿਆਸਤ ਵਿੱਚ ਰਵਾਇਤ ਹੈ ਕਿ ਰਾਸ਼ਟਰਪਤੀ ਚੋਣਾ ਤੋਂ ਪਹਿਲਾਂ ਅਮਰੀਕੀਰ-ਾਸ਼ਟਰਪਤੀ ਦੀ ਚੋਣ ਲੜ ਰਹੇ ਦੋ ਮੁੱਖ ਉਮੀਦਵਾਰ ਡੈਮੋਕ੍ਰੇਟਿਕ ਅਤੇ ਰਿਪਬਲਿਕਨ ਵਿਚਾਲੇ ਤਿੰਨ ਜਨਤਕ ਬਹਿਸਾਂ ਹੁੰਦੀਆਂ ਹਨ, ਅਤੇ ਇਹ ਬਹਿਸਾਂਵੇਖਣ ਤੋਂ ਬਾਅਦ ਅਮਰੀਕੀ ਲੋਕ ਤਹਿ ਕਰਦੇ ਨੇ ਕਿ ਵੋਟ ਕਿਸ ਉਮੀਦਵਾਰ ਨੂੰ ਪਾਉਣੀ ਹੈ। ਇਸੇ ਕੜੀ ਤਹਿਤ ਇਸ ਵਾਰ ਦੀਆਂ ਚੋਣਾਂ ਤੋਂ ਪਹਿਲਾਂ ਵੀਡੋਨਾਲਡ ਟਰੰਪ ( ਰਿਪਬਲਿਕਨ )ਅਤੇ ਜੋ ਬਿਡੇਨ (ਡੈਮੋਕ੍ਰੇਟਿਕ) ਵਿਚਾਲੇ ਤਿੰਨ ਵਾਰ ਆਹਮੋ-ਸਾਹਮਣੇ ਦੀ ਬਹਿਸ ਹੋਵੇਗੀ। ਇਹਨਾਂ ਉਮੀਦਵਾਰਾਂ ਵਿਚਕਾਰਪਹਿਲੀ ਬਹਿਸ ਕੱਲ ਰਾਤੀਂ ਜਾਣੀ ਮੰਗਲਵਾਰ ਰਾਤੀਂ ਹੋਈ, ਉੱਥੇ ਦੂਜੀ ਬਹਿਸ 15 ਅਕਤੂਬਰ ਅਤੇ ਤੀਜੀ 22 ਅਕਤੂਬਰ ਨੂੰ ਹੋਵੇਗੀ। ਚੋਣਾਂ ਵਿਚ ਜਨਮਤਤੈਅ ਕਰਨ ਵਿਚ ਵੀ ਇਸ ਬਹਿਸ ਦੀ ਅਹਿਮ ਭੂਮਿਕਾ ਹੋਵੇਗੀ। ਚੋਣਾਂ ਤੋਂ ਪਹਿਲਾਂ ਮੰਗਲਵਾਰ ਦੇਰ ਸ਼ਾਮ ਨੂੰ ਹੋਈ ਪਹਿਲੀ ਰਾਸ਼ਟਰਪਤੀ ਬਹਿਸ ਦੇ ਬਾਅਦਹੋਏ ਤੁਰੰਤ ਸਰਵੇਖਣ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਪਿਛੜਦੇ ਨਜ਼ਰ ਆ ਰਹੇ ਹਨ। ਸੀ.ਬੀ.ਐਸ. ਨਿਊਜ਼ ਦੇ ਸਰਵੇਖਣ ਵਿਚ 48 ਫੀਸਦੀ ਲੋਕਾਂ ਨੇਕਿਹਾ ਕਿ ਬਿਡੇਨ ਨੇ ਬਹਿਸ ਵਿਚ ਜਿੱਤ ਦਰਜ ਕੀਤੀ, ਉੱਥੇ 41 ਫੀਸਦੀ ਲੋਕਾਂ ਨੇ ਕਿਹਾ ਕਿ ਟਰੰਪ ਬਹਿਸ ਵਿਚ ਅੱਗੇ ਰਹੇ। ਇਸ ਸਰਵੇਖਣ ਵਿਚ ਬਹਿਸਦੇਖਣ ਵਾਲੇ 10 ਵਿਚੋਂ 8 ਲੋਕਾਂ ਨੇ ਕਿਹਾ ਕਿ ਪੂਰੀ ਬਹਿਸ ਨੈਗੇਟਿਵ ਸੀ।ਰਾਸ਼ਟਰਪਤੀ



ਬਹਿਸ ਦੇਖਣ ਦੇ ਬਾਅਦ ਚੰਗਾ ਜਾਂ ਖਰਾਬ ਮਹਿਸੂਸ ਕਰਨ ਦੇਸਵਾਲ ’ਤੇ 69 ਫੀਸਦੀ ਲੋਕਾਂ ਨੇ ਇਸ ਸਬੰਧੀ ਨਾਰਾਜ਼ਗੀ ਜ਼ਾਹਰ ਕੀਤੀ। ਦਰਸ਼ਕਾਂ ਦੀ ਇਹ ਪ੍ਰਤੀਕਿਰਿਆ ਅਜਿਹੇ ਸਮੇਂ ਵਿਚ ਸਾਹਮਣੇ ਆਈ ਹੈ ਜਦੋਂ ਦੋਹਾਂਨੇਤਾਵਾਂ ਵਿਚ ਬਹਿਸ ਦੇ ਦੌਰਾਨ ਤਣਾਅ ਸਾਫ ਨਜ਼ਰ ਆਇਆ। ਬਹਿਸ ਦੇ ਦੌਰਾਨ ਦੋਵੇਂ ਨੇਤਾ ਇਕ-ਦੂਜੇ ਦੀ ਗੱਲ ਅੱਧ ਵਿਚਾਲੇ ਕੱਟ ਕੇ ਆਪਣੀ ਗੱਲਕਰਦੇ ਨਜ਼ਰ ਆਏ। ਇਕ ਸਮੇਂ ਸਥਿਤੀ ਅਜਿਹੀ ਆ ਗਈ ਜਦੋਂ ਬਿਡੇਨ ਭੜਕ ਗਏ ਅਤੇ ਉਹਨਾਂ ਨੇ ਕਿਹਾ,’’ਕੀ ਤੁਸੀਂ ਚੁੱਪ ਰਹੋਗੇ।’’

ਬਿਡੇਨ ਨੇ ਕਿਹਾ ਕਿ ਹੁਣ ਤੱਕ ਟਰੰਪ ਇੱਥੇ ਜੋ ਕੁਝ ਵੀ ਕਹਿ ਰਹੇ ਹਨ ਉਹ ਸਭ ਸਫੇਦ ਝੂਠ ਹੈ। ਮੈਂ ਇੱਥੇ ਇਹਨਾਂ ਦੇ ਝੂਠ ਦੱਸਣ ਲਈ ਨਹੀਂ ਆਇਆ ਹਾਂ।ਸਾਰੇ ਜਾਣਦੇ ਹਨ ਕਿ ਟਰੰਪ ਇਕ ਝੂਠੇ ਹਨ। ਬਿਡੇਨ ਅਤੇ ਟਰੰਪ ਦੋਹਾਂ ਨੇ ਇਕ-ਦੂਜੇ ਦੇ ਪਰਿਵਾਰ ’ਤੇ ਨਿਸ਼ਾਨਾ ਵਿੰਨ੍ਹਿਆ। ਬਿਡੇਨ ਨੇ ਕੋਰੋਨਾਵਾਇਰਸ ਨੂੰਲੈਕੇ ਵੀ ਬਹਿਸ ਦੇ ਦੌਰਾਨ ਟਰੰਪ ’ਕੇ ਜੰਮ ਕੇ ਹਮਲਾ ਬੋਲਿਆ। ਬਿਡੇਨ ਨੇ ਕਿਹਾ ਕਿ ਇਹ ਟਰੰਪ ਉਹੀ ਵਿਅਕਤੀ ਹਨ ਜੋ ਇਹ ਦਾਅਵਾ ਕਰ ਰਹੇ ਸਨ ਕਿਈਸਟਰ ਤੱਕ ਕੋਰੋਨਾਵਾਇਰਸ ਖਤਮ ਹੋ ਜਾਵੇਗਾ। ਉਹਨਾਂ ਨੇ ਕਿਹਾ ਕਿ ਕੋਰੋਨਾਵਾਇਰਸ ਨਾਲ ਵੱਡੀ ਗਿਣਤੀ ਵਿਚ ਲੋਕ ਮਾਰੇ ਗਏ ਅਤੇ ਜੇਕਰ ਸਮਾਰਟਅਤੇ ਤੇਜ਼ੀ ਨਾਲ ਕਦਮ ਨਾ ਚੁੱਕੇ ਗਏ ਤਾਂ ਹੋਰ ਲੋਕ ਵੀ ਮਰਨਗੇ। ਡੈਮੋਕ੍ਰੇਟ ਨੇਤਾ ਨੇ ਟਰੰਪ ਨੂੰ ਕਿਹਾ ਕਿ ਤੁਸੀਂ ਹੁਣ ਤੱਕ ਦੇ ਸਭ ਤੋਂ ਖਰਾਬ ਰਾਸ਼ਟਰਪਤੀ ਹੋ।



ਇਸ ਦੋਸ਼ ’ਤੇ ਟਰੰਪ ਨੇ ਪਲਟਵਾਰ ਕੀਤਾ। ਟਰੰਪ ਨੇ ਬਿਡੇਨ ਨੂੰ ਕਿਹਾ ਕਿ ਤੁਸੀਂ ਨਹੀਂ ਚਾਹੁੰਦੇ ਸੀ ਕਿ ਕੋਰੋਨਾ ਨੂੰ ਦੇਖਦੇ ਹੋਏ ਚੀਨ ਦੇ ਲਈ ਸਾਨੂੰ ਆਪਣੇਦਰਵਾਜੇ ਬੰਦ ਕਰ ਦੇਣੇ ਚਾਹੀਦੇ ਹਨ ਕਿਉਂਕਿ ਤੁਸੀਂ ਸਮਝਦੇ ਸੀ ਕਿ ਇਹ ਭਿਆਨਕ ਹੈ। ਮਾਸਕ ਨਾ ਪਾਉਣ ਦੇ ਸਵਾਲ ’ਤੇ ਟਰੰਪ ਨੇ ਕਿਹਾ ਕਿ ਜਦੋਂ ਮੈਨੂੰ ਲੋੜਸਮਝ ਵਿਚ ਆਉਂਦੀ ਹੈ ਤਾਂ ਮੈਂ ਮਾਸਕ ਪਾਉਂਦਾ ਹਾਂ। ਮੈਂ ਬਿਡੇਨ ਦੀ ਤਰ੍ਹਾਂ ਮਾਸਕ ਨਹੀਂ ਪਾਉਂਦਾ। ਟਰੰਪ ਨੇ ਕਿਹਾ ਕਿ ਜੇਕਰ ਬਿਡੇਨ ਰਾਸ਼ਟਰਪਤੀ ਹੁੰਦੇ ਤਾਂਅਮਰੀਕਾ ਵਿਚ ਕੋਵਿੱਡ ਨਾਲ ਘੱਟੋ-ਘੱਟ 20 ਲੱਖ ਲੋਕ ਮਾਰੇ ਗਏ ਹੁੰਦੇ। ।ਇਸ ਪਹਿਲੀ ਬਹਿਸ ਦਾ ਸੰਚਾਲਨ ਫਾਕਸ ਨਿਊਜ਼’ ਦੇ ਮਸ਼ਹੂਰ ਐਂਕਰ ਕਿਸਵਾਲਾਸ ਨੇ ਕੀਤਾ, ਉਹਨਾਂ ਵੱਲੋਂ ਵਾਰ ਵਾਰ ਟਰੰਪ ਨੂੰ ਚੁੱਪ ਕਰਵਾਉਣ ਲਈ ਬੇਨਤੀਆਂ ਕੀਤੀਆ ਗਈਆ ਪਰ ਬੇਲਗਾਮ ਹੋਏ ਦੋਵੇਂ ਉਮੀਦਵਾਰ ਇਸ ਤਰਾਂਪੇਸ਼ ਆ ਰਹੇ ਸਨ ਜਿਵੇਂ ਇਹ ਰਾਸ਼ਟਰਪਤੀ ਦੀ ਬਹਿਸ ਨਾਂ ਹੋਕੇ ਦੋ ਬੱਚੇ ਚਿੱਕੜ ਵਿੱਚ ਲੜ ਰਹੇ ਹੋਣ। ਅਗਲੀ ਬਹਿਸ ਦਾ ਸੰਚਾਲਨ ’ਸੀ-ਸਪੈਨਨੈਟਵਰਕਰਸ’ ਦੇ ਸਟੀਵ ਸਕਲੀ 15 ਅਕਤੂਬਰ ਨੂੰ ਮਿਆਮੀ (ਫਲੋਰਿਡਾ) ’ਚ ਕਰਨਗੇ ਅਤੇ ਤੀਸਰੀ ਅਤੇ ਆਖਰੀ ਬਹਿਸ ਦਾ ਸੰਚਾਲਨ ’ਐਨ. ਬੀ. ਸੀ. ਨਿਊਜ਼’ ਦੀ ਕ੍ਰਿਸਟਨ ਵੇਲਕਰ 20 ਅਕਤੂਬਰ ਨੂੰ ਨੈਸ਼ਵਿਲੇ (ਟੇਨੇਸੀ) ’ਚ ਕਰੇਗੀ।

# ਮੈ ਤੇ ਫਸਟ ਲੇਡੀ ਠੀਕ ਠਾਕ ਮਹਿਸੂਸ ਕਰ ਰਹੇ ਹਾਂ-ਟਰੰਪ

## ਰਾਸ਼ਟਰਪਤੀ ਫੌਜੀ ਹਸਪਤਾਲ ਵਿਚ ਦਾਖਲ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)—** ਰਾਸ਼ਟਰ-ਪਤੀ ਡੋਨਾਲਡ ਟਰੰਪ ਤੇ ਫਸਟ ਲੇਡੀ ਮੇਲਾਨੀਆ ਟਰੰਪ ਦੇ ਕੋਰੋਨਾ ਪੌਜ਼ਟਿਵ ਆਉਣ ਤੋਂ ਬਾਅਦ ਸ੍ਰੀ ਟਰੰਪ ਨੂੰ ਬੇਥੇਸਡਾ ਦੇ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ। ਹਾਲਾਂ ਕਿ ਸ਼ੁਰੂਆਤੀ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਟਰੰਪ ਤੇ ਮੇਲਾਨੀਆ ਟਰੰਪ ਵਾਈਟ ਹਾਊਸ ਵਿਚਲੀ ਆਪਣੀ ਰਿਹਾਇਸ਼ ਵਿਚ ਹੀ ਕੁਝ ਦਿਨ ਰਹਿਣਗੇ। 74 ਸਾਲਾ ਰਾਸ਼ਟਰਪਤੀ ਦੇ ਸਟਾਫ਼ ਨੇ ਕਿਹਾ ਹੈ ਕਿ ਇਹ ਕਦਮ ਇਹਤਿਆਤ ਵਜੋਂ ਚੁੱਕਿਆ ਗਿਆ ਹੈ। ਉਹ ਕੁਝ ਦਿਨ ਹਸਪਤਾਲ ਰਹਿਣਗੇ। ਵਾਈਟ ਹਾਊਸ ਤੋਂ ਇਹ ਫੌਜੀ ਹਸਪਤਾਲ ਤਕਰੀਬਨ 9 ਮੀਲ ਦੂਰ ਹੈ। ਰਿਪੋਰਟ ਪੌਜ਼ਟਿਵ ਆਉਣ ਤੋਂ ਬਾਅਦ ਰਾਸ਼ਟਰਪਤੀ ਪਹਿਲੀ



ਵਾਰ ਸਾਹਮਣੇ ਆਏ। ਉਨਾਂ ਨੇ ਮਾਸਕ ਪਾਇਆ ਹੋਇਆ ਸੀ ਤੇ ਨੀਲੇ ਰੰਗ ਦਾ ਸੂਟ ਤੇ ਨੀਲੇ ਰੰਗ ਦੀ ਟਾਈ ਪਹਿਨੀ ਹੋਈ ਸੀ। ਹਸਪਤਾਲ ਦੇ ਘਾਹ ਉਪਰ ਦੀ ਟਹਿਲਦਿਆਂ ਰਾਸ਼ਟਰਪਤੀ ਨੇ ਪੱਤਰਕਾਰਾਂ ਵੱਲ ਅੰਗੂਠਾ ਉਪਰ ਕਰਕੇ ਹੁੰਗਾਰਾ ਭਰਿਆ ਪਰ ਉਹ ਸਵਾਲਾਂ ਲਈ ਨਹੀਂ ਰੁਕੇ। ਹਸਪਤਾਲ ਲਈ ਰਵਾਨਾ ਹੋਣ ਤੋਂ ਪਹਿਲਾਂ ਇਕ ਰਿਕਾਰਡ ਕੀਤੇ ਸੁਨੇਹੇ ਵਿਚ ਉਨਾਂ ਕਿਹਾ ਕਿ ਉਹ ਤੇ ਫਸਟ ਲੇਡੀ ਠੀਕ ਠਾਕ ਮਹਿਸੂਸ ਕਰ ਰਹੇ ਹਨ। ਵਾਈਟ ਹਾਊਸ ਦੇ ਪ੍ਰੈਸ ਸਕੱਤਰ ਕੇਲੀਘ ਮੈਕਏਨਾਨੀ ਨੇ ਕਿਹਾ ਹੈ ਕਿ ਰਾਸ਼ਟਰਪਤੀ ਚੰਗੀ ਮਾਨਸਿਕ ਅਵਸਥਾ ਵਿਚ ਹਨ। ਉਨਾਂ ਨੂੰ ਲਕੇ ਲੱਛਣ ਹਨ। ਫਿਲਹਾਲ ਫਸਟ ਲੇਡੀ ਮੇਲਾਨੀਆ ਵਾਈਟ ਹਾਊਸ ਵਿਚ ਹੀ ਇਕਾਂਤਵਾਸ ਵਿਚ ਰਹਿ ਰਹੇ ਹਨ।

# ਤਕਰੀਬਨ 65% ਭਾਰਤੀ ਮੂਲ ਦੇ ਅਮਰੀਕੀ ਗਰੀਬ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਬੀਤੇ ਦਿਨ ਜਾਰੀ ਇਕ ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ 6.5% ਭਾਰਤੀ ਮੂਲ ਦੇ ਅਮਰੀਕੀ ਗਰੀਬੀ ਦੀ ਹਾਲਤ ਵਿਚ ਰਹਿ ਰਹੇ ਹਨ। ’ ਏ ਸਟੱਡੀ ਆਫ ਪਾਵਰਟੀ ਇਨ ਦ ਇੰਡੀਅਨ ਅਮਰੀਕਨ ਪਾਪੂਲੇਸ਼ਨ’ ਦੇ ਸਿਰਲੇਖ ਵਾਲੀ ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤੀ - ਅਮਰੀਕੀਆਂ ਦੀ ਕੁੱਲ 42 ਲੱਖ ਆਬਾਦੀ ਵਿਚੋਂ ਤਕਰੀਬਨ 2,50,000 ਲੋਕ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਗੁਜਾਰ ਰਹੇ ਹਨ। ਇਹ ਰਿਪੋਰਟ ਇੰਡੀਆਸਪੋਰਾ ਤੇ ਜੌਹਨ ਹੋਪਕਿਨਜ ਯੁਨੀਵਰਸਿਟੀ ਦੇ ਪਾਲ ਨਿਟਜ਼ੇ ਸਕੂਲ ਆਫ ਐਡਵਾਂਸ ਇੰਟਰਨੈਸ਼ਨ ਸਟੱਡੀ ਵਿਖੇ ਆਪਣੀਆਂ ਸੇਵਾਵਾਂ ਦੇ ਰਹੇ ਖੋਜ਼ੀ ਦਿਵੇਸ਼ ਕਪੂਰ ਤੇ ਜਸ਼ਨ ਬਾਜਵਤ ਨੇ ਤਿਆਰ ਕੀਤੀ ਹੈ। ਇੰਡੀਆਸਪੋਰਾ ਵੱਖ ਵੱਖ ਪਿਛੋਕੜ ਤੇ ਕਾਰੋਬਾਰਾਂ ਨਾਲ ਸਬੰਧਿਤ ਭਾਰਤੀ-ਅਮਰੀਕੀ ਆਗੂਆਂ ਦੀ ਇਕ ਗੈਰ ਮੁਨਾਫ਼ਾ ਸੰਸਥਾ ਹੈ ਜਿਸ ਨੇ ਇਹ ਰਿਪੋਰਟ ਜਾਰੀ ਕੀਤੀ ਹੈ। ਕਪੂਰ ਅਨੁਸਾਰ ਜਿਆਦਾਤਰ ਗਰੀਬੀ ਬੰਗਾਲੀ ਤੇ ਪੰਜਾਬੀ ਬੋਲਦੇ ਭਾਰਤੀ-ਅਮਰੀਕੀਆਂ ਵਿਚ ਪਾਈ ਜਾਂਦੀ ਹੈ। ਇੰਡੀਆਸਪੋਰਾ ਦੇ ਸੰਸਥਾਪਕ ਐਮ ਆਰ ਰੰਗਾਸਵਾਮੀ ਨੇ ਕਿਹਾ ਹੈ ਕਿ ਇਸ ਰਿਪੋਰਟ ਤੋਂ ਸਾਨੂੰ ਭਾਰਤੀ ਮੂਲ ਦੇ ਅਮਰੀਕੀਆਂ ਦੇ ਦੁੱਖਾਂ ਤੇ ਉਨਾਂ ਦੀ ਅਸਲ ਸਥਿੱਤੀ ਦਾ ਪਤਾ ਲੱਗਦਾ ਹੈ ਜਿਨਾਂ ਦੀ ਹਾਲਤ ਸੁਧਾਰਨ ਵੱਲ ਧਿਆਨ ਦੇਣ ਦੀ ਲੋੜ ਹੈ।


SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.



SPECIAL BIT INSPECTION AND DOT AUDIT COMPLIANCE:
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਕੋਰੋਨਾ ਤੋਂ ਡਰਨ ਦੀ ਲੋੜ ਨਹੀ-ਡੋਨਾਲਡ ਟਰੰਪ, ਹਸਪਤਾਲ ਤੋਂ ਰਾਸ਼ਟਰਪਤੀ ਵ੍ਹਾਈਟ ਹਾਊਸ ਪੁੱਜੇ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)–** ਕੋਰੋਨਾ ਰਿਪੋਰਟ ਪੌਜ਼ਟਿਵ ਆਉਣ 'ਤੇ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਵਿਚ 3 ਦਿਨ ਇਲਾਜ਼ ਕਰਵਾਉਣ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਵਾਈਟ ਹਾਊਸ ਵਿਚ ਵਾਪਿਸ ਪਰਤ ਗਏ ਹਨ। ਹਾਲਾਂ ਕਿ ਇਹ ਪਤਾ ਨਹੀਂ ਲੱਗ ਸਕਿਆ ਕਿ ਰਾਸ਼ਟਰਪਤੀ ਨੂੰ ਡਾਕਟਰਾਂ ਨੇ ਛੁੱਟੀ ਦਿੱਤੀ ਹੈ ਜਾਂ ਵਾਈਟ ਹਾਊਸ ਵਿਚ ਪਰਤ ਆਉਣ ਦਾ ਉਨਾਂ ਦਾ ਨਿੱਜੀ ਫੈਸਲਾ ਹੈ। ਹਸਪਤਾਲ ਵਿਚੋਂ ਨਿਕਲਣ ਸਮੇ ਉਨਾਂ ਨੇ ਅਨੇਕਾਂ ਵਾਰ ਅੰਗੂਠਾ ਉਪਰ ਚੁੱਕ ਕੇ



ਆਪਣੇ ਠੀਕ ਹੋਣ ਦਾ ਸੰਕੇਤ ਦਿੱਤਾ। ਲੰਘੀ ਰਾਤ ਟਵਿਟਰ ਉਪਰ ਪਾਈ ਇਕ ਵੀਡੀਓ ਵਿਚ ਉਨਾਂ ਕਿਹਾ ਕਿ ਕੋਰੋਨਾ ਤੋਂ ਡਰਨ ਦੀ ਲੋੜ ਨਹੀਂ ਹੈ। ਤੁਸੀਂ ਇਸ ਉਪਰ ਜਿੱਤ ਪ੍ਰਾਪਤ ਕਰਨ ਜਾ ਰਹੇ ਹੋ।'' ਉਨਾਂ ਨੇ ਇਹ ਵੀ ਕਿਹਾ ' ਪਣਾ ਧਿਆਨ ਰਖੋ, ਸਾਡੇ ਕੋਲ ਵਿਸ਼ਵ ਦੀ ਸਭ ਤੋਂ ਵਧੀਆ ਦਵਾਈ ਹੈ।'' ਰਾਸ਼ਟਰਪਤੀ ਦੀ ਮੈਡੀਕਲ ਟੀਮ ਨੇ ਉਨਾਂ ਦੀ ਸਿਹਤ ਬਰੇ ਕੋਈ ਠੋਸ ਜਾਣਕਾਰੀ ਨਹੀਂ ਦਿੱਤੀ ਤੇ ਪ੍ਰਸਪਰ ਵਿਰੋਧੀ ਗੱਲਾਂ ਕੀਤੀਆਂ ਹਨ। ਹਸਪਤਾਲ ਵਿਚੋਂ ਆਉਣ ਤੋਂ ਥੋਹੜਾ ਸਮਾਂ ਪਹਿਲਾਂ ਉਨਾਂ ਟਵੀਟ ਕੀਤਾ ਕਿ ਉਹ ਬਹੁਤ ਛੇਤੀ ਚੋਣ ਮੁਹਿੰਮ ਸ਼ੁਰੂ ਕਰਨ ਵਾਲੇ ਹਨ।

# ਮਾਈਕ ਪੈਂਸ ਤੇ ਕਮਲਾ ਹੈਰਿਸ ਵਿਚਕਾਰ ਬਹਿਸ ਅੱਜ

**ਵਾਸ਼ਿੰਗਟਨ–** ਅਮਰੀਕਾ ਦੇ ਉਪ ਰਾਸ਼ਟਰਪਤੀ ਮਾਈਕ ਪੈਂਸ ਅਤੇ ਡੈਮੋਕ੍ਰੇਟਿਕ ਪਾਰਟੀ ਵੱਲੋਂ ਉਨ੍ਹਾਂ ਨੂੰ ਚੁਣੌਤੀ ਦੇ ਰਹੀ ਸੈਨੇਟਰ ਕਮਲਾ ਹੈਰਿਸ ਵਿਚਕਾਰ ਬੁੱਧਵਾਰ ਨੂੰ ਬਹਿਸ ਹੋਵੇਗੀ। ਉਟਾਹ ਦੇ ਸਾਲਟ ਲੇਕ ਸਿਟੀ ਵਿਚ ਹੋਣ ਵਾਲੀ ਇਸ ਬਹਿਸ ਨੂੰ ਲੈ ਕੇ ਦੋਵੇਂ ਨੇਤਾ ਤਿਆਰ ਹਨ। ਅਮਰੀਕੀ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਣ ਜਾ ਰਿਹਾ ਹੈ ਜਦੋਂ ਉਪ ਰਾਸ਼ਟਰਪਤੀ ਅਹੁਦੇ ਦੀ ਦਾਅਵੇਦਾਰੀ ਪੇਸ਼ ਕਰਦੇ ਹੋਏ ਭਾਰਤੀ ਮੂਲ ਦੀ ਔਰਤ ਇਸ ਬਹਿਸ ਲਈ ਮੰਚ 'ਤੇ ਹੋਵੇਗੀ। ਹੁਣ ਤਕ ਭਾਰਤੀ ਮੂਲ ਦਾ ਕੋਈ ਵਿਅਕਤੀ ਇੱਥੇ ਤਕ ਨਹੀਂ ਪੁੱਜ ਸਕਿਆ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਭਾਸ਼ਣਾਂ ਵਿਚ ਹਮਲਾਵਰ ਰੁਖ਼ ਰੱਖਣ ਵਾਲੀ 55 ਸਾਲਾ ਹੈਰਿਸ ਆਸਾਨੀ ਨਾਲ ਉਪ ਰਾਸ਼ਟਰਪਤੀ ਅਹੁਦੇ ਲਈ ਹੋਣ ਵਾਲੀ ਬਹਿਸ ਵਿਚ 61 ਸਾਲਾ ਪੈਂਸ 'ਤੇ ਹਾਵੀ ਹੋ ਸਕੇਗੀ। ਜੇਕਰ ਅਜਿਹਾ ਹੋਇਆ ਤਾਂ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੇ ਦਾਅਵੇਦਾਰ ਜੋ ਬਿਡੇਨ ਨੂੰ ਟਰੰਪ 'ਤੇ ਬੜ੍ਹਤ ਹਾਸਲ ਕਰਨ ਵਿਚ ਮਦਦ ਮਿਲੇਗੀ। ਦੱਸਣਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਦੇ ਕੋਰੋਨਾ ਪ੍ਰਭਾਵਿਤ ਹੋਣ ਪਿੱਛੋਂ ਉਨ੍ਹਾਂ ਦੀ ਲੋਕਪ੍ਰਿਅਤਾ ਵਿਚ ਤੇਜ਼ ਗਿਰਾਵਟ ਆਈ ਹੈ। ਇਕ ਖ਼ਬਰ ਏਜੰਸੀ ਵੱਲੋਂ ਦੋ ਤੋਂ ਤਿੰਨ ਅਕਤੂਬਰ ਵਿਚਕਾਰ ਕੀਤੇ ਸਰਵੇ ਵਿਚ ਟਰੰਪ ਦੇ ਮੁਕਾਬਲੇ ਵਿਰੋਧੀ ਬਿਡੇਨ ਨੇ 10 ਅੰਕਾਂ ਦੀ ਬੜ੍ਹਤ ਬਣਾ ਲਈ ਹੈ। ਪੈਂਸ ਅਤੇ ਹੈਰਿਸ ਦੋਵਾਂ ਨੇ ਕਿਹਾ ਹੈ ਕਿ ਉਹ ਬਹਿਸ ਲਈ ਤਿਆਰ ਹਨ। ਬਹਿਸ ਦਾ ਸੰਚਾਲਨ (ਮਾਡਰੇਟਰ) ਸੁਜਾਨ ਪੇਜ ਕਰੇਗੀ। ਉਹ ਯੂਐੱਸਏ ਟੂਡੇ ਵਿਚ ਵਾਸ਼ਿੰਗਟਨ ਬਿਊਰੋ ਦੀ ਮੁਖੀ ਹੈ। ਮੀਡੀਆ ਰਿਪੋਰਟ ਮੁਤਾਬਕ ਮੰਚ 'ਤੇ ਪੈਂਸ ਅਤੇ ਹੈਰਿਸ ਵਿਚਕਾਰ ਫਲੇਕਿਸ ਗਲਾਸ ਲਗਾਇਆ ਜਾਵੇਗਾ। ਬਹਿਸ ਨੌਂ ਭਾਗਾਂ ਵਿਚ ਵੰਡੀ ਹੋਵੇਗੀ ਅਤੇ ਹਰੇਕ ਭਾਗ 'ਤੇ ਬਹਿਸ ਲਈ 10 ਮਿੰਟਾਂ ਦਾ ਸਮਾਂ ਹੋਵੇਗਾ। ਸ਼ੁਰੂਆਤ ਵਿਚ ਸੰਚਾਲਕ ਇਕ ਪ੍ਰਸ਼ਨ ਪੁੱਛੇਗਾ ਜਿਸ 'ਤੇ ਦੋਵਾਂ ਉਮੀਦਵਾਰਾਂ ਨੂੰ ਦੋ ਮਿੰਟ ਬੋਲਣ ਦਾ ਮੌਕਾ ਮਿਲੇਗਾ।



# ਸਿੱਖ ਸੈਂਟਰ ਵੱਲੋਂ ਲੱਖਾਂ ਲੋੜਵੰਦਾਂ ਨੂੰ ਪਹੁੰਚਾਇਆ ਜਾ ਰਿਹਾ ਹੈ ਲੰਗਰ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਿੱਖ ਸੈਂਟਰ ਆਫ ਔਰੇਂਜ ਕਾਊਂਟੀ ਸੰਟਾਨਾ ਵੱਲੋਂ ਹਰ ਹਫ਼ਤੇ ਹਜਾਰਾਂ ਲੋੜਵੰਦਾਂ ਨੂੰ ਲੰਗਰ ਪਹੁੰਚਾਇਆ ਜਾ ਰਿਹਾ ਹੈ। ਪਿਛਲੇ ਮਹੀਨੇ ਸੈਂਟਰ ਵੱਲੋਂ 10 ਲੱਖ ਲੋੜਵੰਦਾਂ ਨੂੰ ਖਾਣਾ ਪਹੁੰਚਾਇਆ ਗਿਆ। ਸਿੱਖ ਸੈਂਟਰ ਵੱਲੋਂ ਇਹ ਖਾਣਾ ਕਾਰਾਂ ਤੇ ਹੋਰ ਸਾਧਨਾਂ ਰਾਹੀ ਦੱਖਣੀ ਕੈਲੀਫੋਰਨੀਆ ਵਿਚ ਲੋੜਵੰਦਾਂ ਤੱਕ ਪਹੁੰਚਾਇਆ ਜਾਂਦਾ ਹੈ। ਇਸ ਖਾਣੇ ਵਿਚ ਫ਼ਲ, ਸਬਜ਼ੀਆਂ, ਦੁੱਧ, ਅਨਾਜ਼, ਬਰੈੱਡ ਤੇ ਡੇਅਰੀ ਉਤਪਾਦਨ ਸ਼ਾਮਿਲ ਹੁੰਦੇ ਹਨ। ਸਿੱਖ ਸੈਂਟਰ ਨੇ ਜਾਰੀ ਇਕ ਬਿਆਨ ਵਿਚ ਇਸ ਕੰਮ ਵਿਚ ਲੱਗੇ ਭਾਰਤੀ ਮੂਲ ਦੇ ਅਮਰੀਕੀ ਸੇਵਾਦਾਰਾਂ ਦਾ ਧੰਨਵਾਦ ਕੀਤਾ ਹੈ ਜਿਨਾਂ ਦੀ ਸਖਤ ਮਿਹਨਤ ਨਾਲ ਇਹ ਕਾਰਜ ਚੱਲ ਰਿਹਾ ਹੈ। ਸਿੱਖ ਸੈਂਟਰ ਅਨੁਸਾਰ ਉਨਾਂ ਦੇ ਇਸ ਨਿਰ ਸਵਾਰਥ ਕਾਰਜ ਵਿਚ ਪੁਲਿਸ, ਰਾਜਸੀ ਲੋਕਾਂ, ਸਕੂਲ ਬੋਰਡ ਐਂਡ ਡਿਸਟ੍ਰਿਕਟ ਮੈਂਬਰਾਂ ਵੱਲੋਂ ਵੀ ਸਹਿਯੋਗ ਦਿੱਤਾ ਜਾ ਰਿਹਾ ਹੈ।

# ਲੋਕਪ੍ਰਿਯ ਅਦਾਕਾਰ ਥਾਮਸ ਜੈਫਰਸਨ ਬਾਇਰਡ ਦੀ ਗੋਲੀਆਂ ਮਾਰ ਕੇ ਹੱਤਿਆ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**ਲੋਕਪ੍ਰਿਯ ਅਦਾਕਾਰ ਥਾਮਸ ਜੈਫਰਸਨ ਬਾਇਰਡ ਜੋ ਸਪਾਈਕ ਲੀ ਦੀਆਂ ਫਿਲਮਾਂ ਵਿਚ ਨਿਭਾਈਆਂ ਯਾਦਗਾਰੀ ਭੂਮਿਕਾਵਾਂ ਲਈ ਜਾਣੇ ਜਾਂਦੇ ਹਨ, ਦੀ ਐਟਲਾਂਟਾ (ਜਾਰਜੀਆ) ਵਿਚ ਅਣਪਛਾਤੇ ਹਮਲਾਵਰ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਿਸ ਨੇ 70 ਸਾਲਾ ਬਾਇਰਡ ਦੀ ਹੱਤਿਆ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਘਟਨਾ ਦੀ ਸੂਚਨਾ ਮਿਲਣ 'ਤੇ ਜਦੋਂ ਪੁਲਿਸ ਅਧਿਕਾਰੀ ਮੌਕੇ 'ਤੇ ਪੁੱਜੇ ਤਾਂ ਉਨਾਂ ਨੂੰ ਇਕ ਬੇਜਾਨ ਵਿਅਕਤੀ ਜ਼ਮੀਨ ਉਪਰ ਡਿੱਗਾ ਪਿਆ ਮਿਲਿਆ। ਬਾਅਦ ਵਿਚ ਉਸ ਦੀ ਪਛਾਣ ਬਾਇਰਡ ਵਜੋਂ ਹੋਈ। ਐਟਲਾਂਟਾ ਪੁਲਿਸ ਦੇ ਬੁਲਾਰੇ ਐਨਥਨੀ ਗਰਾਂਟ ਨੇ ਦਸਿਆ



ਕਿ ਡਾਕਟਰਾਂ ਅਨੁਸਾਰ ਬਰਾਇਡ ਦੀ ਮੌਤ ਉਸ ਦੀ ਪਿੱਠ ਵਿਚ ਮਾਰੀਆਂ ਗਈਆਂ ਗੋਲੀਆਂ ਕਾਰਨ ਹੋਈ ਹੈ।

ਗਰਾਂਟ ਨੇ ਦਸਿਆ ਕਿ ਪੁਲਿਸ ਅਧਿਕਾਰੀ ਹਾਲਾਤ ਦਾ ਜਾਇਜ਼ ਲੈ ਰਹੇ ਹਨ ਤੇ ਮਾਮਲੇ ਦੀ ਬਹੁਤ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

ਸਪਾਈਕ ਲੀ ਵੱਲੋਂ 1995 ਤੋਂ 2005 ਦਰਮਿਆਨ ਬਣਾਈਆਂ ਗਈਆਂ 8 ਫਿਲਮਾਂ ਵਿਚ ਬਾਇਰਡ ਨੇ ਕੰਮ ਕੀਤਾ ਜਿਨਾਂ ਨੂੰ ਦਰਸ਼ਕਾਂ ਵੱਲੋਂ ਬਹੁਤ ਪਸੰਦ ਕੀਤਾ ਗਿਆ ਸੀ। ਸਪਾਈਕ ਲੀ ਨੇ ਬਰਾਇਡ ਦੀ ਮੌਤ ਉਪਰ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਉਹ ਮੇਰਾ ਪਿਆਰਾ ਭਰਾ ਸੀ। ਉਹ ਹਮੇਸ਼ਾਂ ਮੇਰੀਆਂ ਯਾਦਾਂ ਵਿਚ ਰਹੇਗਾ।

# ਅਣਪਛਾਤੇ ਵਿਅਕਤੀ ਵੱਲੋਂ ਕੀਤੀ ਗੋਲੀਬਾਰੀ ਵਿਚ ਇਕ ਪੁਲਿਸ ਅਫਸਰ ਦੀ ਮੌਤ, ਇਕ ਜ਼ਖਮੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪਾਈਨ ਬਲਫ਼, ਅਰਕਾਨਸਸ ਵਿਚ ਅਣਪਛਾਤੇ ਹਮਲਾਵਰ ਵੱਲੋਂ ਕੀਤੀ ਗੋਲੀਬਾਰੀ ਵਿਚ ਇਕ ਕੇਵਿਨ ਕੋਲਨਿਸ ਨਾਂ ਦੇ ਪੁਲਿਸ ਅਧਿਕਾਰੀ ਦੀ ਮੌਤ ਹੋ ਗਈ ਤੇ ਇਕ ਹੋਰ ਜ਼ਖਮੀ ਹੋ ਗਿਆ ਜਿਸ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਮੁੱਖੀ ਕੈਲਵਿਨ ਸਾਰਜੈਂਟ ਅਨੁਸਾਰ ਮਾਰੇ ਗਏ ਪੁਲਿਸ ਅਫਸਰ ਦਾ ਨਾਂ ਕੈਵਿਨ ਕੋਲਿਨਜ ਹੈ ਜੋ ਅਪਰਾਧ ਸ਼ਾਖਾ ਵਿਚ ਤਾਇਨਾਤ ਸੀ। ਉਨਾਂ ਕਿਹਾ ਕਿ ਸਾਨੂੰ ਉਸ ਦੀ ਮੌਤ ਨਾਲ ਬਹੁਤ ਦੁੱਖ ਪੁੱਜਾ ਹੈ। ਸਾਡਾ ਇਕ



ਪਰਿਵਾਰਕ ਮੈਂਬਰ ਨਹੀਂ ਰਿਹਾ। ਉਨਾਂ ਦਸਿਆ ਕਿ ਜ਼ਖਮੀ ਪੁਲਿਸ ਅਧਿਕਾਰੀ ਲੈਫਟੀਨੈਂਟ ਰਾਲਫ ਈਸਾਕ ਦੀ ਹਾਲਤ ਖਤਰੇ ਤੋਂ ਬਾਹਰ ਹੈ। ਪੁਲਿਸ ਮੁੱਖੀ ਅਨੁਸਾਰ ਪੁਲਿਸ ਉਪਰ ਗੋਲੀਆਂ ਉਸ ਸਮੇ ਚਲਾਈਆਂ ਗਈਆਂ ਜਦੋਂ ਉਹ ਇਕ ਮੋਟਲ ਵਿਚ ਇਕ ਮਾਮਲੇ ਵਿਚ ਜਾਂਚ ਕਰਨ ਲਈ ਗਈ ਸੀ। ਉਨਾਂ ਦੱਸਿਆ ਕਿ ਮੌਕੇ ਉਪਰ ਇਕ ਤੀਸਰਾ ਪੁਲਿਸ ਅਧਿਕਾਰੀ ਵੀ ਮੌਜੂਦ ਸੀ ਜੋ ਵਾਲ ਵਾਲ ਬਚ ਗਿਆ। ਉਨਾਂ ਕਿਹ ਕਿ ਹਮਲੇ ਵਿਚ ਇਕ ਸ਼ੱਕੀ ਸ਼ਾਮਿਲ ਸੀ ਜਿਸ ਦੀ ਤਲਾਸ਼ ਕੀਤੀ ਜਾ ਰਹੀ ਹੈ।

# ਬਾਈਡੇਨ ਦੀ ਸਲਾਹਕਾਰ ਕੌਂਸਲ ਵਿਚ ਭਾਰਤੀ ਮੂਲ ਦੀ ਡਾਕਟਰ ਸ੍ਰੀਨਿਵਾਸ ਕੀਤੀ ਸ਼ਾਮਿਲ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਚੋਣ ਵਿਚ ਡੈਮੋਕਰੇਟਿਕ ਉਮੀਦਵਾਰ ਜੋ ਬਾਈਡੇਨ ਵੱਲੋਂ ਲੋਵਾ-ਸਪੈਸੀਫਿਕ ਸਲਾਹਕਾਰ ਕੌਂਸਲ ਦਾ ਗਠਨ ਕੀਤਾ ਗਿਆ ਹੈ। ਜਿਸ ਵਿਚ ਹੋਰਨਾਂ ਤੋਂ ਇਲਾਵਾ ਭਾਰਤੀ ਮੂਲ ਦੀ ਅਮਰੀਕਨ ਡਾਕਟਰ ਮੇਗਨ ਸ੍ਰੀਨਿਵਾਸ ਨੂੰ ਸ਼ਾਮਿਲ ਕੀਤਾ ਗਿਆ ਹੈ। ਡਾਕਟਰ ਮੇਗਨ ਲੋਵਾ ਵਾਸੀਆਂ ਨੂੰ ਜੋ ਬਾਈਡਨ ਦੀ ਕੋਰੋਨਾ ਮਹਾਮਾਰੀ ਯੋਜਨਾ ਬਾਰੇ ਦੱਸੇਗੀ ਤੇ ਕੋਰੋਨਾ ਤੋਂ ਬਚਾਅ ਲਈ ਇਹਤਿਆਤੀ ਕਦਮਾਂ ਬਾਰੇ ਜਾਣਕਾਰੀ ਦੇਵੇਗੀ। ਚੋਣ ਮੁਹਿੰਮ ਦੇ ਇਕ ਬਲਾਰੇ ਅਨੁਸਾਰ ਕੌਂਸਲ ਦੀ ਲੋਵਾ ਵਾਸਤੇ ਬਹੁਤ ਅਹਿਮੀਅਤ ਹੈ। ਲਾਗ ਦੀਆਂ ਬਿਮਾਰੀਆਂ ਦੀ ਮਾਹਿਰ ਡਾ ਸ੍ਰੀਨਿਵਾਸ ਨੇ ਸਲਾਹਕਾਰ ਕੌਂਸਲ ਵਿਚ ਨਿਯੁਕਤੀ ਉਪਰੰਤ



ਕਿਹਾ ਕਿ '' ਅਸੀਂ ਆਪਣਾ ਧਿਆਨ ਇਸ ਗੱਲ ਵੱਲ ਕੇਂਦਰਿਤ ਕਰਾਂਗੇ ਕਿ ਕੌਮੀ ਰਿਕਵਰੀ 'ਚ ਸੁਧਾਰ ਲਈ ਕੀ ਕਰਨ ਦੀ ਲੋੜ ਹੈ ਤਾਂ ਜੋ ਜਨ ਜੀਵਨ ਆਮ ਵਾਂਗ ਪੱਟੜੀ ਉਪਰ ਆ ਸਕੇ''। ਕੌਂਸਲ ਦੇ ਕੁਲ 14 ਮੈਂਬਰ ਹਨ ਜਿਨਾਂ ਵਿਚ ਦਿਮਾਗੀ ਸਿਹਤ ਮਾਹਿਰ ਵੀ ਸ਼ਾਮਿਲ ਹਨ।

# ਅਦਾਲਤ ਨੇ ਗਰੀਨ ਕਾਰਡਾਂ, ਐਚ-1ਬੀ ਤੇ ਹੋਰ ਵੀਜ਼ਾ ਦਰਖਾਸਤਾਂ ਉਪਰ ਵਧਾਈ ਭਾਰੀ ਫੀਸ 'ਤੇ ਲਾਈ ਰੋਕ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਨ ਫਰਾਂਸਿਸਕੋ ਦੀ ਇਕ ਡਿਸਟ੍ਰਿਕਟ ਕੋਰਟ ਜੱਜ ਨੇ ਹੋਮਲੈਂਡ ਸਕਿਉਰਿਟੀ ਵਿਭਾਗ ਵੱਲੋਂ ਗਰੀਨ ਕਾਰਡ, ਨਾਗਰਿਕੀਕਰਨ, ਐਚ-1ਬੀ ਤੇ ਹੋਰ ਵੀਜ਼ਾ ਦਰਖਾਸਤਾਂ ਉਪਰ ਭਾਰੀ ਫੀਸਾਂ ਲਾਗੂ ਕਰਨ ਦੇ ਫੈਸਲੇ ਉਪਰ ਆਰਜੀ ਤੌਰ 'ਤੇ ਰੋਕ ਲਾ ਦਿੱਤੀ ਹੈ। ਫੀਸਾਂ ਦਾ ਇਹ ਵਾਧਾ 1 ਅਕਤੂਬਰ ਤੋਂ ਲਾਗੂ ਹੋਣਾ ਸੀ। ਹੋਮਲੈਂਡ ਸਕਿਉਰਿਟੀ ਵਿਭਾਗ ਨੇ ਗਰੀਨ ਕਾਰਡ ਦਰਖਾਸਤ ਉਪਰ ਫੀਸ 1760 ਡਾਲਰ ਤੋਂ ਵਧਾ ਕੇ 2830 ਡਾਲਰ ਕਰ ਦਿੱਤੀ ਹੈ। ਅਮਰੀਕੀ ਨਾਗਰਿਕਤਾ ਲਈ ਦਰਖਾਸਤ ਦੇਣ 'ਤੇ ਫੀਸ ਮੌਜੂਦਾ 725 ਡਾਲਰ ਤੋਂ ਵਧਾ ਕੇ 1170 ਡਾਲਰ ਕਰ ਦਿੱਤੀ ਹੈ। ਐਚ-1ਬੀ ਵੀਜ਼ਾ ਫੀਸ 460 ਡਾਲਰ ਤੋਂ ਵਧਾ ਕੇ 555 ਡਾਲਰ ਕਰ ਦਿੱਤੀ ਹੈ। ਅਮਰੀਕਾ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਹੋਮਲੈਂਡ ਸਕਿਉਰਿਟੀ ਵਿਭਾਗ ਨੇ ਸ਼ਰਨ ਲੈਣ ਵਾਲੇ ਵਿਅਕਤੀ ਉਪਰ ਵੀ 50 ਡਾਲਰ ਫੀਸ ਲਾਉਣ ਦਾ ਫੈਸਲਾ ਕੀਤਾ ਹੈ। ਵਿਸ਼ਵ ਵਿਚ ਕੇਵਲ ਤਿੰਨ ਦੇਸ਼ ਹਨ ਜੋ ਸ਼ਰਨ ਮੰਗਣ ਵਾਲਿਆਂ ਕੋਲੋਂ ਫੀਸ ਲੈਂਦੇ ਹਨ। ਇਨਾਂ ਵਿਚ ਫਿਜੀ, ਆਸਟ੍ਰੇਲੀਆ ਤੇ ਇਰਾਨ ਸ਼ਾਮਿਲ ਹਨ। ਇਮੀਗ੍ਰੇਸ਼ਨ ਲੀਗਲ ਰਿਸੋਰਸ ਸੈਂਟਰ ਤੇ ਪ੍ਰਵਾਸੀ ਹੱਕਾਂ ਨਾਲ ਸਬੰਧਤ 7 ਹੋਰ ਸੰਸਥਾਵਾਂ ਵੱਲੋਂ ਹੋਮਲੈਂਡ ਸਕਿਉਰਿਟੀ ਵਿਭਾਗ ਦੇ ਫੀਸਾਂ ਵਧਾਉਣ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਸੀ। ਹਾਲਾਂ ਕਿ ਸਕਿਉਰਿਟੀ ਵਿਭਾਗ ਵੱਲੋਂ ਦਲੀਲ ਦਿੱਤੀ ਗਈ ਸੀ ਕਿ ਲਾਗਤਾਂ ਤੇ ਹਰ ਖਰਚਿਆਂ ਦੀ ਪੂਰਤੀ ਲਈ ਫੀਸਾਂ ਵਿਚ ਵਾਧਾ ਕਰਨਾ ਜਰੂਰੀ ਹੋ ਗਿਆ ਹੈ ਪਰ ਜੱਜ ਜੈਫਰੀ ਵਾਈਟ ਨੇ ਇਸ ਦਲੀਲ ਨਾਲ ਅਸਹਿਮਤੀ ਪ੍ਰਗਟਾਈ ਹੈ।

# ਵ੍ਹਾਈਟ ਹਾਊਸ ਦੀ ਸਲਾਹਕਾਰ ਹੋਪ ਹਿਕਸ ਦੀ ਰਿਪੋਰਟ ਆਈ ਪਾਜ਼ੇਟਿਵ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਪਿਛਲੇ ਕੁਝ ਦਿਨਾਂ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਦੌਰਿਆਂ ਉਪਰ ਰਹੀ ਵਾਈਟ ਹਾਊਸ ਦੀ ਸਲਾਹਕਾਰ ਹੋਪ ਹਿਕਸ ਦੀ ਰਿਪੋਰਟ ਪਾਜ਼ੇਟਿਵ ਆਈ ਹੈ। ਪਿਛਲੇ ਦਿਨਾਂ ਦੌਰਾਨ ਉਹ ਅਕਸਰ ਰਾਸ਼ਟਰਪਤੀ ਟਰੰਪ ਨਾਲ ਵੇਖੀ ਗਈ ਤੇ ਉਸ ਨੇ ਕਈ ਵਾਰ ਰਾਸ਼ਟਰਪਤੀ ਨਾਲ ਸਫਰ ਵੀ ਕੀਤਾ। ਕਲੀਵਲੈਂਡ ਵਿਚ ਡੋਨਾਲਡ ਟਰੰਪ ਤੇ ਜੋ ਬਾਈਡਨ ਵਿਚਾਲੇ ਹੋਈ ਪਹਿਲੀ ਬਹਿਸ ਮੌਕੇ ਵੀ ਉਹ ਹਾਜਰ ਸੀ। ਕਲੀਵਲੈਂਡ ਵਿਚ ਪਹੁੰਚਣ ਸਮੇ ਉਸ ਨੇ ਮਾਸਕ ਵੀ ਨਹੀਂ ਪਾਇਆ ਹੋਇਆ ਸੀ। ਹਾਲਾਂ ਕਿ ਵਾਈਟ ਹਾਊਸ ਨੇ ਰਾਸ਼ਟਰਪਤੀ ਟਰੰਪ ਵੱਲੋਂ ਇਹਤਿਆਤ ਵਜੋਂ ਇਕਾਂਤਵਾਸ ਵਿਚ ਰਹਿਣ ਜਾਂ ਨਾ ਰਹਿਣ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ ਪਰ ਸਿਹਤ ਮਾਹਿਰਾਂ ਵੱਲੋਂ ਰਾਸ਼ਟਰਪਤੀ ਨੂੰ ਚੌਕਸ ਰਹਿਣ ਲਈ ਕਹੇ ਜਾਣ ਦੀ ਸੂਚਨਾ ਹੈ। ਵਾਈਟ ਹਾਊਸ ਦੇ ਬੁਲਾਰੇ ਜੂਡ ਡੀਰੇ ਨੇ ਹਿਕਸ ਦੀ ਹਾਲਤ ਬਾਰੇ ਕੋਈ ਟਿਪਣੀ ਨਹੀਂ ਕੀਤੀ ਹੈ ਪਰੰਤੂ ਉਸ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਪ੍ਰਸ਼ਾਸਨ 'ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਗਾਈਡੈਂਸ'' ਅਨੁਸਾਰ ਇਹਤਿਆਤ ਵਰਤ ਰਿਹਾ ਹੈ।

# ਵ੍ਹਾਈਟ ਹਾਊਸ ਦੇ ਸੀਨੀਅਰ ਸਲਾਹਕਾਰ ਸਟੀਫਨ ਮਿਲਰ ਦੀ ਰਿਪੋਰਟ ਪੌਜ਼ਟਿਵ ਆਉਣ ਤੋਂ ਬਾਅਦ ਚਿੰਤਾ ਵਧੀ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)—** ਰਾਸ਼ਟਰਪਤੀ ਡੋਨਾਲਡ ਟਰੰਪ ਕੋਵਿਡ-19 ਤੋਂ ਪ੍ਰਭਾਵਿਤ ਹੋਣ ਤੋਂ ਬਾਅਦ ਕੋਰੋਨਾ ਪੌਜ਼ਟਿਵ ਹੋਏ ਵਾਈਟ ਹਾਊਸ ਦੇ ਅਧਿਕਾਰੀਆਂ ਦੀ ਸੂਚੀ ਵਿਚ ਹੋਰ ਵਾਧਾ ਹੋ ਗਿਆ ਹੈ।

ਹੁਣ ਵਾਈਟ ਹਾਊਸ ਦੇ ਸੀਨੀਅਰ ਸਲਾਹਕਾਰ ਸਟੀਫ਼ਨ ਮਿਲਰ ਦੀ ਰਿਪੋਰਟ ਪੌਜ਼ਟਿਵ ਆਈ ਹੈ। ਮਿਲਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ' ਪਿਛਲੇ 5 ਦਿਨਾਂ ਤੋਂ ਮੈ ਆਪਣੇ ਆਪ ਨੂੰ ਇਕਾਂਤਵਾਸ ਵਿਚ ਰਖ ਰਿਹਾ ਹਾਂ ਤੇ ਕੰਮ ਵੀ ਇਕਾਂਤਵਾਸ ਵਿਚ ਰਹਿਕੇ ਹੀ ਕਰ ਰਿਹਾ ਹਾਂ। ਮੇਰੀ ਹਰ ਰੋਜ ਰਿਪੋਰਟ ਨੈਗਟਿਵ ਆਉਂਦੀ ਰਹੀ ਹੈ।

ਪਰੰਤੂ ਅੱਜ ਮੇਰੀ ਰਿਪੋਰਟ ਪੌਜ਼ਟਿਵ ਆਈ ਹੈ। ਹੁਣ ਮੈ ਆਪਣੇ ਆਪ ਨੂੰ ਮੁਕੰਮਲ ਤੌਰ 'ਤੇ ਅਲੱਗ ਥਲੱਗ ਕਰ ਲਿਆ ਹੈ।'' ਇਸ ਤੋਂ ਪਹਿਲਾਂ ਰਾਸ਼ਟਰਪਤੀ ਦੇ ਵਾਈਟ ਹਾਊਸ ਪ੍ਰੈਸ ਸਕੱਤਰ ਕੇਲੀਘ ਮੈਕਏਨਾਨੀ ਤੇ 4 ਪ੍ਰੈਸ ਸਹਾਇਕਾਂ ਸਮੇਤ ਅਨੇਕਾਂ ਹੋਰ ਮੁਲਾਜ਼ਮਾਂ ਦੀ ਰਿਪੋਰਟ ਪੌਜ਼ਟਿਵ ਆ ਚੱਕੀ ਹੈ ਜਿਸ ਕਾਰਨ ਵਾਈਟ ਹਾਊਸ ਵਿਚ ਚਿੰਤਾ ਪਾਈ ਜਾ ਰਹੀ ਹੈ ਕਿ ਰਾਸ਼ਟਰਪਤੀ ਦੇ ਆਸ ਪਾਸ ਰਹਿੰਦੇ ਹੋਰ ਕਿੰਨੇ ਲੋਕ ਕੋਰੋਨਾ ਤੋਂ ਪ੍ਰਭਾਵਿਤ ਹੋਏ ਹੋਣਗੇ। ਰਾਸ਼ਟਰਪਤੀ ਲੰਘੇ ਸ਼ੁੱਕਰਵਾਰ ਹਸਪਤਾਲ ਦਾਖਲ ਹੋਏ ਸਨ ਤੇ ਸੋਮਵਾਰ ਨੂੰ ਉਹ ਵਾਈਟ ਹਾਊਸ ਵਿਚ ਪਰਤ ਆਏ ਸਨ।

# ਰਾਸ਼ਟਰਪਤੀ ਟਰੰਪ ਵੱਲੋਂ ਅਮਰੀਕਾ ਚ' ਇਕ ਸਿੱਖ ਬੀਬੀ ਸਣੇ ਚਾਰ ਸਿੱਖਾਂ ਨੂੰ ਚੋਣ ਸਲਾਹਕਾਰ ਨਿਯੁੱਕਤ ਕੀਤਾ

**ਵਾਸ਼ਿੰਗਟਨ, (ਰਾਜ ਗੋਗਨਾ)**—ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇਂ ਸ਼ੁੱਕਰਵਾਰ ਨੂੰ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਹਸਪਤਾਲ ਜਾਣ ਤੋ ਪਹਿਲਾ ਆਪਣੀ ਚੋਣ ਮੁਹਿੰਮ ਲਈ ਚਾਰ ਸਿੱਖ ਸਲਾਹਕਾਰਾਂ ਦੀ ਅਮਰੀਕਾ ਚ' ਨਿਯੁੱਕਤੀ ਕੀਤੀ ਹੈ। ਜਿਕਰਯੋਗ ਹੈ ਕਿ ਰਾਸ਼ਟਰਪਤੀ ਟਰੰਪ ਨੇ ਪਹਿਲਾ ਸਿੱਖਸ ਫਾਰ ਟਰੰਪ ਨੂੰ ਰਸਮੀ ਤੋਰ ਤੇ ਆਪਣੀ ਚੋਣ ਦਾ ਹਿੱਸਾ ਬਣਾ ਚੁੱਕੇ ਹਨ। ਅਤੇ ਇੰਨਾਂ ਚਾਰ ਸਿੱਖਾਂ ਚ' ਬੀਬਾ ਹਰਮੀਤ ਕੋਰ ਢਿੱਲੋ, ਜਸਦੀਪ ਸਿੰਘ ਜੱਸੀ,ਬਲਜਿੰਦਰ ਸਿੰਘ ਸੰਮੀ,ਕਮਲਜੀਤ ਸਿੰਘ ਰੇਖੀ, ਦੇ ਨਾਂਅ ਸ਼ਾਮਲ ਹਨ। ਅਮਰੀਕਾ ਦੇ ਇਤਿਹਾਸ ਚ' ਸ਼ਾਇਦ ਇਹ ਪਹਿਲੀ ਵਾਰ ਹੋਵੇ ਕਿ , ਅਮਰੀਕਾ ਦੇ ਰਸ਼ਟਰ-ਪਤੀ ਦੀ ਚੋਣ ਮੁਹਿੰਮ ਵਿੱਚ ਚਾਰ ਸਿੱਖਾਂ ਨੂੰ ਕੋ-ਚੇਅਰਮੈਨ ਨਿ-ਯੁੱਕਤ ਕੀਤਾ ਹੋਵੇ।ਅਤੇ ਇਸ ਤੋ ਪਹਿਲਾ ਸਿੱਖਸ ਫਾਰ ਟਰੰਪ ਰਾਸ਼ਟਰਪਤੀ ਟਰੰਪ ਦੀ ਸੰਨ 2016 ਦੀਆ ਚੋਣਾਂ ਵਿੱਚ ਹੋਂਦ ਚ' ਆਈ ਸੀ ਜਿਸ ਵਿੱਚ ਟਰੰਪ ਦੀ ਚੋਣਾਂ ਚ' ਮਦਦ ਲਈ





ਉੱਘੇ ਸਿੱਖ ਕਾਰੋਬਾਰੀ ਸ: ਜਸਦੀਪ ਸਿੰਘ ਜੱਸੀ ਵੱਲੋਂ ਸਥਾਪਿਤ ਕੀਤੀ ਗਈ ਸੀ ਅਤੇ ਪਿਛਲੇ ਚਾਰ ਸਾਲਾ ਦੋਰਾਨ ਸਿੱਖਸ ਫਾਰ ਟਰੰਪ ਨੇ ਸਿੱਖਾਂ ਦੀ ਪਹਿਚਾਣ ਅਤੇ ਸਿੱਖਾਂ ਨੂੰ ਅਮਰੀਕਾ ਚ' ਪੇਸ਼ ਆ ਰਹੀਆ ਮੁਸ਼ਕਲਾਂ ਦੇ ਢੁੱਕਵੇ ਹੱਲ ਲਈ ਲਗਾਤਾਰ ਟਰੰਪ ਪ੍ਰਸ਼ਾਸਨ ਦੇ ਸੰਪਰਕ ਵਿੱਚ ਰਹੀ।





ਅਤੇ ਸਿੱਖਸ ਫਾਰ ਟਰੰਪ ਦੀ ਸਮੁੱਚੀ ਕਾਰਗੁਜ਼ਾਰੀ ਨੂੰ ਧਿਆਨ ਵਿੱਚ ਰੱਖਦਿਆਂ ਹੁਣ ਰਾਸ਼ਟਰਪਤੀ ਟਰੰਪ ਦੀ ਚੋਣ ਮੁਹਿੰਮ ਦੀ ਵੈੱਬਸਾਈਟ ਤੇ ਸਿੱਖਾਂ ਦੀਆ ਤਸਵੀਰਾਂ ਸਣੇ ਸੰਖੇਪ ਜਾਣਕਾਰੀ ਅੱਜ ਲੱਖਾਂ ਅਮਰੀਕਨਾ ਦੀ ਨਜ਼ਰ ਤੋ ਗੁਜ਼ਰ ਰਹੀ ਹੈ।ਉਧਰ ਡੈਮੋਕ੍ਰੇਟਿਵ ਪਾਰਟੀ ਦੇ ਰਾਸ਼ਟਰਪਤੀ ਦੇ ਆਹੁਦੇ ਦੇ ਉਮੀਦਵਾਰ ਜੋਅ ਬਾਈਡਨ ਨਾਲ ਵੀ ਸਿੱਖਾਂ ਨੂੰ ਸ਼ਾਮਿਲ ਕਰ ਲਿਆ ਗਿਆ ਹੈ। ਦੋਹਾਂ ਪਾਰਟੀਆਂ ਵਿੱਚ ਰਿਪਬਲਿਕਨ ਅਤੇ ਡੈਮੋਕ੍ਰੇਟਿਵ ਵਿੱਚ ਸਿੱਖਾਂ ਨੂੰ ਮਿਲੀ ਨੁਮਾਇੰਦਗੀ ਤੇ ਪ੍ਰਸੰਨਤਾ ਪ੍ਰਗਟ ਕਰਦਿਆਂ ਜਸਦੀਪ ਸਿੰਘ ਜੱਸੀ ਨੇ ਕਿਹਾ ਕਿ, ਸਾਡੇ ਲਈ ਇਹ ਚੋਣਾਂ ਇਸ ਲਈ ਖ਼ਾਸ ਹੋ ਗਈਆ ਹਨ ਕਿ ਡੈਮੋਕੇਟਿਵ ਉਮੀਦਵਾਰ ਜੋਅ ਬਾਈਡਨ ਜਿੱਤਦੇ ਹਨ ਤਾਂ ਸਿੱਖਸ ਫਾਰ ਬਾਈਡਨ ਦੇ ਰੂਪ ਚ' ਦਸਤਾਰ ਵਾਈਟ ਹਾਊਸ ਜਾਵੇਗੀ ਜੇਕਰ ਰਾਸ਼ਟਰਪਤੀ ਟਰੰਪ ਮੁੜ ਜਿੱਤ ਜਾਂਦੇ ਹਨ ਤਾਂ ਸਿੱਖਸ ਫਾਰ ਟਰੰਪ ਦੇ ਰੂਪ ਚ' ਦਸਤਾਰ ਵਾਈਟ ਹਾਊਸ ਚ'ਸਾਮਲ ਹੋਵੇਗੀ।

# ਹਰਨੇਕ ਸਿੰਘ ਦਾ ਪਲੇਠਾ ਕਹਾਣੀ-ਸੰਗ੍ਰਹਿ 'ਕੱਲਰ 'ਚ ਖਿੜਿਆ ਫੁੱਲ' ਰਿਲੀਜ਼

**ਸਟਾਕਟਨ/ ਬਿਊਰੋ ਨਿਊਜ਼-** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੀ 26 ਸਤੰਬਰ ਨੂੰ ਜ਼ੂਮ ਰਾਹੀਂ ਸੱਦੇ ਸਾਹਿਤਕ ਸਮਾਗਮ ਵਿਚ ਦੇਸ਼ ਵਿਦੇਸ਼ ਦੇ ਅਦਬੀ ਲੇਖਕਾਂ, ਚਿੰਤਕਾਂ ਅਤੇ ਸਰੋਤਿਆਂ ਨੇ ਬਹੁਗਿਣਤੀ ਵਿੱਚ ਭਾਗ ਲਿਆ। ਇਸ ਵਿਚ ਹਰਨੇਕ ਸਿੰਘ ਦਾ ਪਲੇਠਾ ਕਹਾਣੀ ਸੰਗ੍ਰਹਿ 'ਕੱਲਰ 'ਚ ਖਿੜਿਆ ਫੁੱਲ' ਰਿਲੀਜ਼ ਕੀਤਾ ਗਿਆ। ਸਮਾਗਮ ਦਾ ਅਰੰਭ ਸਭਾ ਦੀ ਸਕੱਤਰ ਗੁਰਪ੍ਰੀਤ ਕੌਰ ਵਲੋਂ ਸ਼ਾਮਲ ਹੋਏ ਮੈਂਬਰਾਂ ਨੂੰ ਖੁਸ਼-ਆਮਦੀਦ ਆਖਦਿਆਂ ਹੋਇਆ। ਇਸ ਉਪਰੰਤ ਹਰਜਿੰਦਰ ਪੰਧੇਰ ਵਲੋਂ ਪੰਜਾਬੀ ਨਾਟ-ਕਲਾ ਦੀ ਮਹਾਨ ਸ਼ਖ਼ਸੀਅਤ ਗੁਰਸ਼ਰਨ ਭਾ ਜੀ ਨੂੰ ਇਹ ਸਮਾਗਮ ਸਮਰਪੱਤ ਕਰਦਿਆਂ ਉਨ੍ਹਾਂ ਦੀ ਨਿਧੜਕ, ਲੋਕ ਪੱਖੀ, ਵਿਲੱਖਣ ਸੋਚ, ਜਿਸ ਸਦਕਾ ਪੰਜਾਬੀ ਨਾਟਕ ਨੂੰ ਨਵੇਂ ਦਿਸਹੱਦੇ ਨਸੀਬ ਹੋਏ ਦਾ ਵਿਸਥਾਰ ਪੂਰਵਕ ਜ਼ਿਕਰ ਕੀਤਾ। ਟਰਾਂਟੋ ਤੋਂ ਵਿਸ਼ੇਸ ਤੌਰ ਤੇ ਸ਼ਾਮਲ ਹੋਏ ਮਸ਼ਹੂਰ ਗਾਇਕ ਤੇ ਕਲਾਕਾਰ ਇਕਬਾਲ ਬਰਾੜ ਜੀ ਨੇ ਇਸ ਮੌਕੇ ਡਾ. ਜਗਤਾਰ ਦੀ ਇਹ ਗਜ਼ਲ:

"ਖ਼ੂੰਨ ਲੋਕਾਂ ਦਾ ਹੈ ਇਹ ਪਾਣੀ ਨਹੀਂ, ਇਸ ਦੀ ਸੁਰਖ਼ੀ ਕਦੇ ਜਾਣੀ ਨਹੀਂ......।" ਤਰੰਨਮ ਵਿਚ ਗਾਉਂਦਿਆਂ ਗੁਰਸ਼ਰਨ ਜੀ ਨੂੰ ਭਾਵ-ਭਿੰਨੀ ਸ਼ਰਧਾਂ ਜਲੀ ਭੇਟ ਕੀਤੀ।



ਸਮਾਗਮ ਨੂੰ ਅੱਗੇ ਤੋਰਦਿਆਂ 'ਸਾਹਿਤ ਸਿਰਜਣਾ ਮੰਚ ਅਮਰਗੜ੍ਹ' ਦੇ ਪ੍ਰਧਾਨ ਕਹਾਣੀਕਾਰ ਤੇ ਅਲੋਚਕ ਜਸਵੀਰ ਰਾਣਾ ਨੇ ਕਹਾਣੀ-ਸੰਗ੍ਰਹਿ 'ਕੱਲਰ 'ਚ ਖਿੜਿਆ ਫੁੱਲ' ਲੋਕ ਅਰਪਣ ਕੀਤਾ। ਹਰਨੇਕ ਸਿੰਘ ਦੀ ਕਥਾ ਦ੍ਰਿਸ਼ਟੀ ਨੂੰ ਵੱਖ ਵੱਖ ਪਹਿਲੂਆਂ ਤੋਂ ਗੌਲਦਿਆਂ ਕਥਾਨਕ ਵਿਚਲੇ ਜਟਿਲ ਮਾਨਵੀ ਸਬੰਧਾਂ ਦੀ ਮਨੋਵਿਗਿਆਨਕਤਾ ਅਤੇ ਕਲਾ ਬਾਰੇ ਚਾਨਣਾ ਪਾਇਆ। ਰਿਪੁਦੰਮਨ ਕਾਲਜ ਨਾਭਾ ਤੋਂ ਅਸਿਸਟੈਂਟ ਪ੍ਰੋਫੈਸਰ, ਡਾ. ਰੁਪਿੰਦਰ ਕੌਰ ਅਤੇ ਡਾ. ਗੁਰਪ੍ਰੀਤ ਸਿੰਘ 'ਲੈਕਚਰਾਰ, ਪੰਜਾਬ ਸਕੂਲ ਸਿਖਿਆ ਬੋਰਡ' ਨੇ ਕਹਾਣੀ-ਸੰਗ੍ਰਹਿ ਵਿਚਲੀਆਂ ਪੇਂਡੂ ਜੀਵਨ ਦੀਆਂ ਜੀਵੰਤ ਝਲਕੀਆਂ, ਦ੍ਰਿਸ਼ਾਂ ਅਤੇ ਬੋਲੀ ਦੇ ਪੱਖ ਤੋਂ ਅਹਿਮ ਨੁਕਤਿਆਂ ਤੇ ਅਰਥ ਭਰਭੂਰ ਗਲਬਾਤ ਕੀਤੀ। ਸੁਰਿੰਦਰ ਸੋਹਲ ਨੇ ਜਿੱਥੇ ਇਸ ਪੁਸੱਤਕ ਪ੍ਰਤੀ ਜਸਵੀਰ ਰਾਣਾ ਦੀ ਗੰਭੀਰ ਅਲੋਚਨਾਤਮਕ ਪਹੁੰਚ ਦੀ ਪ੍ਰਸੰਸ਼ਾ ਕੀਤੀ ਉੱਥੇ ਹਰਨੇਕਸਿੰਘ ਦੀ ਗਲਪੀ ਸਮਰੱਥਾ ਬਾਰੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਮਿੰਨੀ ਕਹਾਣੀ ਲੇਖਕ: ਤ੍ਰਿਪਤ ਸਿੰਘ ਭੱਟੀ ਅਤੇ ਮਨਜੀਤ ਕੌਰ ਸੇਖ਼ੋਂ ਨੇ ਹਰਨੇਕ ਸਿੰਘ ਨੂੰ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਤੋਂ ਭਵਿੱਖ ਵਿਚ ਹੋਰ ਵੱਡੀਆਂ ਸਾਹਿਤਕ ਪਰਾਪਤੀਆਂ ਦੀ ਉਮੀਦ ਪ੍ਰਗਟਾਈ।

ਸਮੇਂ ਦੀ ਘਾਟ ਕਾਰਣ ਇਸ ਵਾਰ ਕਵੀ ਸੰਮੇਲਨ ਵਿਚ ਤਰਸੇਮ ਸਿੰਘ ਘੁੰਮਣ ਹੀ ਆਪਣੀਆਂ ਦੋ ਨਵੀਆਂ ਕਾਵਿ ਰਚਨਾਵਾਂ 'ਜੰਗਲ ਦੀ ਅੱਗ' ਅਤੇ 'ਬਿਨ ਹਥਿਆਰਾਂ ਫੌਜ' ਨਾਲ ਸਾਂਝ ਪਾ ਸਕੇ। ਸਕੂਲ ਦੇ ਇਕ ਬੱਚੇ ਪ੍ਰਭਸਿਮਰਨ ਨੇ ਆਪਣਾ ਮਨ ਪਸੰਦ ਗੀਤ ਸੁਣਾਇਆ।

ਸਭਾ ਦਾ ਆਨੰਦ ਮਾਨਣ ਵਾਲਿਆਂ ਵਿਚ ਪੰਜਾਬ ਤੋਂ ਡਾ. ਹਰਪ੍ਰੀਤ ਕੌਰ, ਆਰਟਿਸਟ ਗਗਨ ਵਿਰਕ ਅਤੇ ਸਥਾਨਕ ਸਰੋਤਿਆਂ ਵਿਚ ਮਨਜੀਤ ਕੌਰ ਸੰਧੂ, ਮ੍ਰਗਿੰਦਰ ਪੰਧੇਰ, ਚਰਨਜੀਤ ਸਿੰਘ ਸਾਹੀ, ਪਰਮਜੀਤ ਸਿੰਘ, ਜਸਵੰਤ ਸਿੰਘ ਸੈਦੋਕੇ, ਡਾ. ਗੋਬਿੰਦਰ ਸਿੰਘ, ਰੁਪਿੰਦਰ ਗਿਰੀ, ਪ੍ਰਦੀਪ ਗੋਸਵਾਮੀ, ਸੋਨੀਆ ਗੋਸਵਾਮੀ,ਸੁੱਖਪਾਲ ਸਿੰਘ ਅਤੇ ਹੋਰ ਪਤਵੰਤੇ ਸੱਜਣਾਂ ਨੇ ਭਾਗ ਲਿਆ।






ਦੇਸ਼ ਦੁਆਬਾ

# Remembering Sahib Shri Kanshi Ram Ji in Contemporary Times

Prem Chumber
Editor-in-Chief: Ambedkar Times

Dalit Chetna has its roots in the sufferings of its progenitors who never tired in making efforts to wake up their people/Samaj. The beginning was made in a more systematic manner during the life time of revered Jyotirao Phule who with the support of his bold life partner revered Savitri Bai Phule made stringent efforts to educate the lowest of the low while equating education with the milk of Lioness that whosoever drink it will roar like a lion. The flame of this struggle was taken up soon after by Periyar E.V. Ramasamy who founded Justice Party to struggle for long lost Dalit human rights during colonial India.

Babasaheb Dr B. R. Ambedkar became the legitimate heir of Phule-Periyar tradition of the generation of Dalit consciousness and took the same to new heights, never witnessed before since the beginning of the raising of voice against social exclusion and justice in the discourses by Tathagat Buddha. Babasaheb Dr Ambedkar remained on the platform of Dalit struggle from the time of his first publication on Genesis of Caste in 1916 till his last breath on December 6, 1956. From 1956 till 1972 Dalits in India experimented with his conversion formula to get rid of untouchability and getting organized under Dalit political parties (Independent Labour Party, Scheduled Castes Federation, Republican Party of India) to fight back social segregation, political marginalization and economic peripheralisation. Conversion somehow could not succeed in throwing off the debris of untouchability even from the confines of their newly embraced religions. The experience with the distinct Dalit political parties also remained quite disheartening as at different electoral intervals Scheduled Castes failed to register victory. Reservation in the legislature both at state and national levels encouraged opportunists from within the rank and file of the low castes to get played in the hands of the upper castes masters in the mainstream political parties to be ready to come forward to defeat their counterparts from the Dalit political parties. That is why Babasaheb used to say that on the reserved seats deaf and dumb low castes are picked up by the shrewd mainstream political party bosses to defeat the genuine Dalit candidates from the Dalit Political Parties. This was the outcome of the failure of Communal Award hard earned by Babasaheb Dr Ambedkar.

A new wave came with the arrival of Sahib Shri Kanshi Ram Ji on the political scene of the Dalit Politics in India as well as with the birth of Dalit Panther movement in Maharashtra in the early 1970. It was also the time of the revival of Ad Dharam movement in Punjab by Mr. Mangu Ram, the namesake of Babu Mangu Ram Mugowalia, who after long stay in England came to stay put in Jalandhar to work for the upliftment of the Dalit Samaj. Sahib Shri Kanshi Ram Ji also made sincere efforts to stir new consciousness in the minds of Dalit people in Punjab while referring to the various achievements of the glorious Ad Dharam movement. Sahib Shri Kanshi Ram Ji, in fact, had successfully been able to inject a new energy and passion among the Scheduled castes, especially of Punjab and Uttar Pradesh, by bringing them together on the platform of BAMCEF, DS4 (Dalit Shoshit Samaj Sangarsh Samiti) and Bahujan Samaj Party. He was of the firm opinion that political power is the key to all locks of Dalit empowerment. He wanted to strengthen his own people and Samaj who had been taken for a free ride during centuries.

What Sahib Shri Kanshi Ji said and done for the Dalit Samaj has once again being realized by his followers and scholars of Dalit studies that the current times need him and his style of politics more strongly for the emancipation and empowerment of the Scheduled castes people. "Ambedkar Times" (www.ambedkartimes.com) and "Desh Doaba" (www.deshdoaba.com) forum pay floral tributes to the fond memory and momentous work that Sahib Shri Kanshi Ram Ji had done for his people and Samaj on his anniversary!!

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-153

## ਚਿੰਤਾਮਣਿ ਮਿੱਥ ਅਤੇ ਗੁਰਮਤਿ



ਅਵਤਾਰ ਸਿੰਘ ਮਿਸ਼ਨਰੀ
510-432-5827

ਚਿੰਤਾਮਣਿ-ਪੁਰਾਣ ਸਾਹਿਤ ਵਿੱਚ ਮਣਿ (ਰਤਨ) ਜੋ ਮਨ ਚਿਤਵੇ ਪਦਾਰਥ ਦੇਂਦੀ ਅਤੇ ਗੁਰਬਾਣੀ ਵਿਖੇ ਚਿੰਤਾਮਣਿ ਖਾਸ ਕਰ ਕਰਤਾਰ ਲਈ ਆਇਆ ਹੈ। (ਮਹਾਨਕੋਸ਼) ਸਾਰੀਆਂ ਕਾਮਨਾਵਾਂ ਨੂੰ ਪੂਰਨ ਕਰਨ ਵਾਲੀ ਸ਼ਕਤੀ (ਹਿੰਦੀ ਸ਼ਬਦ ਕੋਸ਼)

ਗੁਰਮਤਿ ਇਸ ਪ੍ਰਚਲਤ ਧਾਰਨਾ ਨਾਲ, ਸਹਿਮਤ ਨਹੀਂ ਕਿਉਂਕਿ ਅਜਿਹੀ ਕੋਈ ਚਿੰਤਾਮਣੀ ਨਹੀਂ ਜੋ ਮਨੁੱਖ ਨੂੰ ਮਨ-ਇੱਛਤ ਫਲ ਦੇ ਸਕਦੀ ਹੋਵੇ। ਮਨ-ਇਛਤ ਫਲ ਆਪਣੀ ਕੀਤੀ ਮਿਹਨਤ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ-ਜੈਸਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ ਮਨਚਿਤਵੇ ਫਲ ਦੇਣ ਦੇ ਸਮਰੱਥ ਕੇਵਲ ਤੇ ਕੇਵਲ ਕਰਤਾਰ (ਤੁਹਾਡਾ ਆਪਾ) ਹੀ ਹੈ। ਗੁਰਬਾਣੀ ਵਿਖੇ ਸਮੇਂ ਦੇ ਪ੍ਰਚਲਤ ਮੁਹਾਵਰੇ, ਅਖਾਣ ਅਤੇ ਸ਼ਬਦਾਵਲੀ ਆਦਿ ਦੀ ਲੋੜੀਂਦੀ ਵਰਤੋਂ ਕੀਤੀ ਗਈ ਹੈ। ਰੱਬੀ ਭਗਤਾਂ ਤੇ ਸਿੱਖ ਗੁਰੂ ਪਾਤਸ਼ਾਹਾਂ ਨੇ ਲੋਕਾਈ ਨੂੰ ਸਮਝਾਉਣ ਲਈ, ਕਿਤੇ ਤਾਂ ਪ੍ਰਚਲਤ ਸ਼ਬਦਾਵਲੀ ਦੇ ਕੇਵਲ ਦ੍ਰਿਸ਼ਟਾਂਤ ਹੀ ਦਿੱਤੇ ਅਤੇ ਕਿਤੇ ਪ੍ਰਚਲਤ ਸ਼ਬਦਾਵਲੀ ਨੂੰ ਨਵੀਨ ਭਾਵਾਰਥ ਵਿੱਚ ਵਰਤਿਆ ਹੈ। "ਸ਼ਬਦ ਗੁਰੂ ਗ੍ਰੰਥ" ਵਿਖੇ ਚਿੰਤਮਣਿ ਸ਼ਬਦ ਜਿਨ੍ਹਾਂ ਪੰਗਤੀਆਂ ਵਿੱਚ ਆਇਐ ਉਨ੍ਹਾਂ ਚੋਂ ਵਿਚਾਰ ਕਰਨ ਨਾਲ ਇਸ ਦੇ ਭਾਵ ਇਉਂ ਸ਼ਪੱਸ਼ਟ ਹੁੰਦੇ ਹਨ-

ਚਿੰਤਾਮਣਿ ਕਰੁਣਾ ਮਏ॥(੨੧੨) ਹੇ ਦਇਆ-ਰੂਪ ਪ੍ਰਭੂ! ਤੂੰ ਹੀ ਅਸਲ ਚਿੰਤਮਣਿ ਹੈਂ। ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ॥(ਮ:੯-੬੩੨) ਗੁਰੂ ਸਾਹਿਬ ਫੁਰਮਾਂਦੇ ਹਨ ਕਿ ਹੇ ਭਾਈ! ਤੂੰ ਸਾਰੀਆਂ ਚਿਤਵਨੀਆਂ ਪੂਰੀਆਂ ਕਰਨ ਵਾਲੇ ਪ੍ਰਭੂ ਦਾ ਨਾਮ ਸਿਮਰਿਆ ਕਰ। ਤੂੰ ਭੀ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਏਂਗਾ। ਕਵਨ ਕਾਜ ਸਿਰਜੇ ਜਗ ਭੀਤਰਿ ਜਨਮਿ ਕਵਨ ਫਲੁ ਪਾਇਆ॥ ਭਵ ਨਿਧਿ ਤਰਨ ਤਾਰਨ ਚਿੰਤਾਮਨਿ ਇਕ ਨਿਮਖ ਨ ਇਹੁ ਮਨੁ ਲਾਇਆ॥(ਕਬੀਰ-੯੭੦) ਕਿਹੜੇ ਕੰਮਾਂ ਲਈ ਜਗਤ ਵਿੱਚ ਪੈਦਾ ਹੋਏ? ਅਤੇ ਜਨਮ ਲੈ ਕੇ ਅਸੀਂ ਕੀ ਖੱਟਿਆ? ਅਸਾਂ ਇੱਕ ਪਲ ਭਰ ਭੀ ਪ੍ਰਭੂ-ਚਰਨਾਂ 'ਚ ਚਿੱਤ ਨਹੀਂ ਜੋੜਿਆ ਜੋ ਸੰਸਾਰ-ਸਮੁੰਦਰ ਤੋਂ ਤਾਰਨ ਲਈ ਜਹਾਜ਼ ਮਾਨੋ, ਮਨ-ਇੱਛਤ ਫਲ ਦੇਣ ਵਾਲਾ ਹੀਰਾ ਹੈ। ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ॥ ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ॥(ਮ:੯-੬੩੩) ਜਦੋਂ ਜੀਵ ਗੁਰੂ ਦੀ ਸ਼ਰਨ ਪੈਂਦੈ ਤਦੋਂ ਇਸ ਦੀ ਸਾਰੀ ਕੋਝੀ ਮਤਿ ਨਾਸ ਹੋ ਜਾਂਦੀ ਤੇ ਇਹ ਸਾਰੀਆਂ ਮਨੋ-ਕਾਮਨਾ ਪੂਰੀਆਂ ਕਰਨ ਵਾਲੇ ਪ੍ਰਭੂ ਨੂੰ ਸਮਝਦੈ ਏ ਇਸ ਦੀ ਜਮ ਦੀ ਫਾਹੀ (ਮੌਤ ਦਾ ਡਰ) ਵੀ ਕੱਟੀ ਜਾਂਦੀ ਹੈ। ਮਾਇਆ ਕੋ ਮਦੁ ਕਹਾ ਕਰਤੁ ਹੈ ਸੰਗਿ ਨ ਕਾਹੂ ਜਾਈ॥ ਨਾਨਕੁ ਕਹਤੁ ਚੇਤਿ ਚਿੰਤਾਮਨਿ ਹੋਇ ਹੈ ਅੰਤਿ ਸਹਾਈ॥(ਮ:੯-੯੦੨) ਹੇ ਪ੍ਰਾਣੀ! ਤੂੰ ਮਾਇਆ ਦਾ ਏਡਾ ਮਾਣ ਕਿਉਂ ਕਰ ਰਿਹੈਂ? ਇਹ ਤਾਂ ਅੰਤ ਵੇਲੇ ਕਿਸੇ ਦੇ ਨਾਲ ਭੀ ਨਹੀਂ ਜਾਂਦੀ। ਨਾਨਕ ਪਾਤਸ਼ਾਹ ਫੁਰਮਾਂਦੇ ਹਨ ਕਿ ਹੇ ਭਾਈ! ਤੂੰ (ਆਪਾ-ਮੂਲ) ਪ੍ਰਭੂ ਨੂੰ ਯਾਦ ਰੱਖ ਜੋ ਅੰਤ ਵੇਲੇ ਤੇਰਾ ਮਦਦਗਾਰ ਹੋਵੇਗਾ। ਅਉਰ ਇੱਕ ਮਾਗਉ ਭਗਤਿ ਚਿੰਤਾਮਣਿ॥ ਜਣੀ ਲਖਾਵਹੁ ਅਸੰਤ ਪਾਪੀ ਸਣਿ॥(ਰਵਿਦਾਸ-੪੯੬) ਹੇ ਪ੍ਰਭੂ ਮੈਂ ਤੈਥੋਂ ਇੱਕ ਹੋਰ ਦਾਤ ਭੀ ਮੰਗਦਾ ਹਾਂ ਕਿ ਮੈਨੂੰ ਆਪਣੀ ਭਗਤੀ (ਚਿੰਤਾਮਣਿ) ਦੇਹ ਅਤੇ ਮੈਨੂੰ ਵਿਕਾਰੀਆਂ ਤੇ ਪਾਪੀਆਂ ਦਾ ਦਰਸ਼ਨ ਨਾਂ ਕਰਾਈਂ। ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ॥(ਰਵਿਦਾਸ-੬੫੮) ਹੇ ਪੰਡਿਤ! ਜੋ ਪ੍ਰਭੂ ਸੁਖਾਂ ਦਾ ਸਮੁੰਦਰ ਤੇ ਜਿਸ ਪ੍ਰਭੂ ਦੇ ਵੱਸ ਵਿੱਚ ਸੁਰਗ ਦੇ ਪੰਜੇ ਰੁੱਖ, ਚਿੰਤਾਮਣਿ ਤੇ ਕਾਮਧੇਨ ਆਦਿਕ ਮੰਨੇ ਗਏ ਹਨ। ਨੋਟ-ਇਸ ਪੰਗਤੀ ਵਿੱਚ ਪੁਰਾਣਾਂ ਦੀ ਧਾਰਨਾ ਨੂੰ ਸੱਚ ਮੰਨ ਕੇ 'ਚਿੰਤਾਮਣਿ' ਆਦਿ ਦੀ ਦੌੜ ਵਿੱਚ ਸ਼ਾਮਲ ਲੋਕਾਂ ਨੂੰ, ਇਸ ਮਿੱਥ ਤੋਂ ਉਪਰ ਉਠਾ ਕੇ ਕੇਵਲ ਪ੍ਰਭੂ ਦੀ ਸ਼ਰਨ ਪੈਣ ਦੀ ਪ੍ਰੇਰਨਾ ਕੀਤੀ ਗਈ ਹੈ। ਜੋ ਰਹਾਉ ਦੀਆਂ ਤੁਕਾਂ 'ਚ ਇਉਂ ਸ਼ਪੱਸ਼ਟ ਹੈ-ਹਰਿ ਹਰਿ ਹਰਿ ਨ ਜਪਹਿ ਰਸਨਾ॥ ਅਵਰ ਸਭ ਤਿਆਗਿ ਬਚਨ ਰਚਨਾ॥੧॥ ਰਹਾਉ॥(ਰਵਿਦਾਸ-੬੫੮)

ਭਾਈ ਗੁਰਦਾਸ ਜੀ ਮਨੁੱਖ ਨੂੰ 'ਚਿੰਤਾਮਣਿ' ਸਬੰਧੀ ਪੁਰਾਣਕ ਧਾਰਨਾ ਤੋਂ ਉਪਰ ਉਠਾ ਕੇ ਸਤਿਗੁਰੂ ਦੀ ਸ਼ਰਣ ਆਉਣ ਦੀ ਪ੍ਰੇਰਨਾ ਦੇਂਦੇ ਨੇ ਕਿ-ਚਿੰਤਾਮਣਿ ਗੁਰੂ ਛਡਿਕੈ, ਚਿੰਤਾਮਣਿ ਚਿੰਤਾ ਨ ਗਵਾਏ। ਚਿਤਵਣੀਆ ਲਖ ਰਾਤਿ ਦਿਹੁ, ਤ੍ਰਾਸ ਨ ਤ੍ਰਿਸਨਾ ਅਗਨਿ ਬੁਝਾਏ।.ਬਲਦੀ ਅੰਦਰਿ ਤੇਲ ਜਿਉ, ਆਸਾ ਮਨਸਾ ਦੁਖਿ ਵਹਾਏ।(ਵਾਰ ੧੫, ਪਉੜੀ ੧੪) ਗੁਰੂ-ਚਿੰਤਾਮਣਿ ਨੂੰ ਛੱਡ ਕੇ, ਚਿੰਤਾਮਣੀ (ਚਿੰਤਾ ਪੂਰਨ ਵਾਲੀ ਮਨੌਤੀ ਪੱਥਰੀ) ਚਿੱਤ ਦੀ ਚਿੰਤਾ ਨਹੀਂ ਹਟਾਉਂਦੀ ਸਗੋਂ ਲੱਖਾਂ ਰਾਤ ਤੇ ਦਿਨ ਸੋਚਾਂ ਫੁਰਦੀਆਂ ਨੇ ਜਿਨ੍ਹਾਂ ਨਾਲ ਤ੍ਰਿਸ਼ਨਾ-ਅੱਗ ਦਾ ਡਰ ਨਹੀਂ ਹਟਦਾ ਸਗੋਂ ਹੋਰ ਵਧਦਾ ਹੈ। ਜਿਵੇਂ ਬਲਦੀ ਅੱਗ 'ਚ ਤੇਲ ਪਾਂਇਆਂ ਹੋਰ ਪ੍ਰਚੰਡ ਹੁੰਦੀ ਹੈ ਇਸੇ ਤਰ੍ਹਾਂ ਆਸਾ ਅਤੇ ਮਨਸਾ ਦੇ ਦੁੱਖ ਵਿੱਚ ਉਮਰ ਗੁਜ਼ਰਦੀ ਪਰ ਤ੍ਰਿਸ਼ਨਾ-ਅੱਗ ਨਹੀਂ ਬੁਝਦੀ।

ਭਾਈ ਸਾਹਿਬ ਉਪ੍ਰੋਕਤ ਕਥਨ 'ਚ 'ਚਿੰਤਾਮਣਿ' ਸਬੰਧੀ ਪੁਰਾਣਕ ਧਾਰਨਾ ਨੂੰ ਸਵੀਕਾਰ ਨਹੀਂ ਕਰਦੇ ਸਗੋਂ ਮੁੱਖ ਰੂਪ ਵਿੱਚ ਸਤਿਗੁਰੂ ਦੀ ਮਹਿਮਾ ਦ੍ਰਿੜ ਕਰਵਾਂਦੇ ਆਖਦੇ ਹਨ ਕਿ ਮਣੀਆਂ, ਮੋਤੀ ਆਦਿਕ ਮਨੁੱਖ ਦੀ ਤ੍ਰਿਸ਼ਨਾ-ਅੱਗ ਨਹੀਂ ਬੁਝਾਉਂਦੇ ਸਗੋਂ ਹੋਰ ਵਧਾਉਂਦੇ ਹਨ। ਸਤਿਗੁਰੂ ਮਨੁੱਖ ਨੂੰ ਨਾਮ (ਨਿਯਮ) ਦੀ ਬਖ਼ਸ਼ਸ਼ ਕਰਕੇ, ਅੰਦਰ ਬਲ ਰਹੀ ਤ੍ਰਿਸ਼ਨਾ-ਅੱਗ ਨੂੰ ਬੁਝਾਉਂਦੇ ਹਨ। ਇਹ ਅੱਗ ਬੁੱਝਿਆਂ ਹੀ ਮਨੁੱਖ ਦਾ ਮਨ ਸ਼ਾਂਤ ਹੋ ਸਕਦਾ ਹੈ। ਭਾਈ ਜੀ ਸਤਿਗੁਰੂ ਅਤੇ ਪ੍ਰਭੂ ਨੂੰ ਹੀ "ਚਿੰਤਾਮਣਿ" ਆਖਦੇ ਹਨ-ਚਿੰਤਾਮਣਿ ਸਤਿਗੁਰ ਚਰਣ ਚਿੰਤਾਮਣੀ ਅਚਿੰਤ ਕਰਾਏ॥(ਵਾਰ ੧੫, ਪਉੜੀ ੨) ਸਤਿਗੁਰੂ ਦੇ ਚਰਨ (ਸ਼ਬਦ) ਹੀ ਚਿੰਤਾਮਣੀ ਨੇ ਜੋ ਮਨ-ਇੱਛਤ ਫਲ ਦੇਂਦੇ ਤੇ ਮੰਨੀ ਗਈ ਚਿੰਤਾਮਣੀ ਦੀ ਇਛਾ ਤੋਂ ਵੀ ਅਚਿੰਤ ਕਰਦੇ ਹਨ। ਚਿੰਤਾਮਨਿ ਚਿਤਵਤ ਚਿੰਤਾ ਤੇ ਚੁਰਾਈ ਅਜੋਨੀ ਅਰਾਧੇ ਜੋਨਿ ਸੰਕਟ ਕਟਾਏ ਹੈ। (ਕਬਿੱਤ-੪੦੮) ਕਾਮਨਾ ਪੂਰੀਆਂ ਕਰਨ ਵਾਲੇ ਪ੍ਰਭੂ ਦਾ ਚਿਤਵਨ ਕਰਨ ਨਾਲ ਚਿੱਤ ਦੀ ਚਿੰਤਾ ਮਿਟ ਜਾਂਦੀ ਅਤੇ ਜਨਮ-ਮਰਨ ਰਹਿਤ ਪ੍ਰਭੂ-ਅਰਾਧ ਕੇ ਜੂਨਾਂ ਵਿੱਚ ਪੈਣ ਦੇ ਸੰਕਟ ਨੱਸ ਜਾਂਦੇ ਹਨ। ਉਪ੍ਰੋਕਤ ਦਿੱਤੀਆਂ "ਸ਼ਬਦ ਗੁਰੂ ਗ੍ਰੰਥ" ਤੇ ਭਾਈ ਗੁਰਦਾਸ ਦੀਆਂ ਤੁਕਾਂ 'ਵਾਚਣ ਤੋਂ ਸਹਿਜੇ ਹੀ ਪਤਾ ਚੱਲ ਜਾਂਦੈ ਕਿ ਗੁਰਮਤਿ ਵਿੱਚ ਚਿੰਤਾਮਣਿ ਪ੍ਰਭੂ (ਤੁਹਾਡਾ ਆਪਾ) ਭਾਵ ਤੁਹਾਡੀ ਘਾਲ ਕਮਾਈ ਹੀ ਹੈ ਨਾਂ ਕਿ ਕੋਈ ਮੰਨੀ ਗਈ ਚਿੰਤਾਮਣੀ ਪੱਥਰੀ। ਕਾਮਨਾ-ਪੂਰਨੀਆਂ ਦਾ ਭਾਵ ਮਨੁੱਖ ਨੂੰ ਦੁਨਿਆਵੀ ਖ਼ਾਹਿਸ਼ਾਂ ਤੋਂ ਉੱਪਰ ਉਠਾ ਅਸਲੀ ਜ਼ਿੰਦਗੀ ਬਖ਼ਸ਼ਣਾ ਹੈ।

ਮਨੁੱਖ ਆਪਣੀਆਂ ਸਾਰੀਆਂ ਇਛਾਵਾਂ ਪੂਰੀਆਂ ਕਰਨ ਲਈ ਸਾਰੀ ਉਮਰ ਜੀਵਨ ਵਿੱਚ ਭਟਕਦਾ ਰਹਿੰਦਾ ਹੈ। ਤੀਰਥਾਂ ਤੇ ਜਾਂਦਾ ਹੈ, ਦੇਵਤਿਆਂ ਦੀ ਪੂਜਾ ਕਰਦਾ ਹੈ, ਲਭਦਾ ਹੈ ਕਿ ਪਾਰਸ ਮਿਲੇ ਤਾਂ ਜੋ ਲੋਹੇ ਨੂੰ ਸੋਨਾ ਬਣਾ ਸਕੇ, ਮਨ ਦੀਆਂ ਇਛਾਵਾਂ ਪੂਰੀਆਂ ਕਰਨ ਲਈ ਕੋਈ ਪਾਰਜਾਤ ਦਰੱਖਤ ਮਿਲ ਜਾਏ, ਸੁਖ ਪ੍ਰਾਪਤ ਕਰਨ ਲਈ ਪਦਾਰਥ ਮਿਲ ਜਾਣ, ਚਿੰਤਾਵਾਂ ਦੂਰ ਹੋ ਜਾਣ, ਆਦਿ। ਪਰ ਪੂਰਤੀ ਨਹੀਂ ਹੁੰਦੀ ਹੈ ਤੇ ਸਾਰੀ ਉਮਰ ਮਾਇਆ ਤੇ ਦਵੈਤ ਭਾਵ ਵਿੱਚ ਫਸਿਆ ਰਹਿੰਦਾ ਹੈ। ਹਾਂ ਜੇ ਕਰ ਸਤਿਗੁਰ ਦੀ ਸਰਨ ਵਿੱਚ ਆ ਜਾਈਏ ਤੇ ਸਤਿਗੁਰ ਦੀ ਮੇਹਰ ਹੋ ਜਾਏ ਤਾਂ ਇਸ ਮਾਇਆ ਦੇ ਜੰਜਾਲ ਤੇ ਦਵੈਤ ਭਾਵ ਵਿਚੋਂ ਬਾਹਰ ਨਿਕਲਿਆ ਜਾ ਸਕਦੈ ਕਿਉਕਿ ਸਤਿਗੁਰ ਹੀ ਤੀਰਥ, ਸਤਿਗੁਰ ਤਾਰਨ, ਸਤਿਗੁਰ ਪਾਰਸ, ਸਤਿਗੁਰ ਪਾਰਜਾਤ, ਸਤਿਗੁਰ ਸੁਖਸਾਗਰ, ਸਤਿਗੁਰ ਚਿੰਤਾਮਣੀ ਅਤੇ ਸਤਿਗੁਰ ਸਿੱਖ ਨੂੰ ਜੀਵਨ ਦੇ ਕੀਮਤੀ ਗੁਣ ਸੁਣਾਂਦਾ ਹੈ-

ਸਤਿਗੁਰ ਤੀਰਥ ਜਾਣੀਐ ਅਠਿਸਠਿ ਤੀਰਥ ਸਰਣੀ ਆਏ॥ ਸਤਿਗੁਰ ਦੇਉ ਅਭੇਉ ਹੈ ਹੋਰ ਦੇਵ ਗੁਰ ਸੇਵ ਤਰਾਏ॥ ਸਤਿਗੁਰ ਪਾਰਸ ਪਰਸਿਐ ਲਖ ਪਾਰਸ ਪਾਖਾਕ ਸੁਹਾਏ॥ ਸਤਿਗੁਰ ਪੂਰਾ ਪਾਰਜਾਤ ਪਾਰਜਾਤ ਲਖ ਸਫਲ ਧਿਆਏ॥ ਸੁਖਸਾਗਰ ਸਤਿਗੁਰ ਪੁਰਖ ਹੈ ਰਤਨ ਪਦਾਰਥ ਸਿਖ ਸੁਣਾਏ॥ ਚਿੰਤਾਮਣਿ ਸਤਿਗੁਰ ਚਰਣ ਚਿੰਤਾਮਣੀ ਅਚਿੰਤ ਕਰਾਏ॥ ਵਿਣ ਸਤਿਗੁਰ ਸਭ ਦੂਜੈ ਭਾਏ॥੨॥ (੧੫-੨-੭) "ਸ਼ਬਦ ਗੁਰੂ ਗਰੰਥ" ਦੀ ਬਾਣੀ ਇੱਕ ਅਜੇਹਾ ਅੰਮ੍ਰਿਤ ਜਿਸ ਨਾਲ ਕਰਤਾਰ ਦਾ ਹੁਕਮੁ ਸਮਝ ਕੇ ਸਭ ਕੁੱਝ ਪਾਇਆ ਜਾ ਸਕਦਾ ਹੈ। ਗੁਰਬਾਣੀ ਗਿਆਨ ਦਾ ਖ਼ਜਾਨੈ ਜਿਸ ਨਾਲ ਮਨ ਵਸ ਵਿੱਚ ਆ ਜਾਂਦਾ ਤੇ ਅੰਦਰਲੇ ਸਾਰੇ ਵਿਕਾਰ ਦੂਰ ਹੋ ਜਾਂਦੇ ਹਨ। ਗੁਰਬਾਣੀ ਸਦਕਾ ਸਾਡੇ ਹਿਰਦੇ ਅੰਦਰ ਚਾਨਣ ਪੈਦਾ ਹੋ ਸਕਦੈ ਤੇ ਅਸੀਂ ਸਦੀਵ-ਕਾਲ ਲਈ ਆਤਮਿਕ ਸੁਖ ਮਾਣ ਸਕਦੇ ਹਾਂ ਪਰ ਹੋਰ ਕੋਈ ਕਲਪਿਤ ਚਿੰਤਾਮਣੀ (ਪੱਥਰੀ) ਨਹੀਂ ਜੋ ਮੰਗਣ ਨਾਲ ਸਭ ਕੁਝ ਦਿੰਦੀ ਹੈ। ਜੇ ਇਵੇਂ ਹੁੰਦਾ ਤਾਂ ਭਾਰਤ ਦੇ ਬਹੁਤੇ ਲੋਕ ਗਰੀਬੀ ਨਾਲ ਕਦੇ ਭੁੱਖੇ ਨਾ ਮਰਦੇ।

# ਜੈ ਮੂਲਨਿਵਾਸੀ ਸਾਥੀਓ





ਮਿਤੀ 03-10-20 ਬਹੁਜਨ ਕ੍ਰਾਂਤੀ ਮੋਰਚਾ ਦੇ ਰਾਸ਼ਟਰੀਆ ਅਧਿਅਕਸ਼ ਵਾਮਨ ਮੇਸਰਮ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੰਮ੍ਰਿਤਸਰ ਵਿਚ ਬਹੁਜਨ ਸਮਾਜ ਮੂਲਨਿਵਾਸੀ ਧੀ ਮਨੀਸ਼ਾ ਵਾਲਮੀਕਿ ਦੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਉਣ ਲਈ ਅੰਮ੍ਰਿਤਸਰ ਵਿਚ ਬਹੁਜਨ ਕ੍ਰਾਂਤੀ ਮੋਰਚਾ ਦੇ ਬੇਨਰ ਹੇਠ ਡੀ ਸੀ ਅੰਮ੍ਰਿਤਸਰ ਨੂੰ ਮੰਗ ਪੱਤਰ ਦਿੱਤਾ ਗਿਆ ਅਤੇ ਬੀਜੇਪੀ ਸਰਕਾਰ ਦੇ ਖਿਲਾਫ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ।

ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿਚ ਵਖ ਵਖ ਜਥੇਬੰਦੀਆਂ ਦੇ ਆਗੂਆਂ ਨੇ ਪੂਰਜੋਰ ਸਮਰਥਨ ਕੀਤਾ। ਬਹੁਜਨ ਕ੍ਰਾਂਤੀ ਮੋਰਚਾ ਦੇ ਸਹਿਯੋਗੀ ਸੰਗਠਨਾਂ ਵਿਚ ਬੀ ਐਮ ਪੀ ਯੂਥ ਵਿੰਗ ਦੇ ਪ੍ਰਧਾਨ ਮੋਰਸ ਸਭਰਵਾਲ, ਦੀਪਕ ਕੁਮਾਰ ਜਨਰਲ ਸਕੱਤਰ ਤੇ ਇਹਨਾਂ ਦੀ ਸਮੁੱਚੀ ਟੀਮ, ਜਗਦੀਸ਼ ਜਗੂ, ਸੁਨੀਲ ਕੁਮਾਰ ਮਟੂ, ਕਨਵੀਨਰ ਉੱਤਰੀ, ਦੱਖਣੀ ਹਲਕਾ ਅਤੇ ਕੈਪਟਨ ਮੰਗਲ ਸਿੰਘ ਪ੍ਰਧਾਨ ਸੇਵਾ-ਮੁਕਤ ਆਰਮੀ ਫੋਰਸ ਯੂਨਿਟ ਅੰਮਿ੍ਤਸਰ, ਅਤੇ ਇਹਨਾ ਦੇ ਸਹਿਯੋਗੀ ਸਾਥੀ ਕੈਪਟਨ ਬਲਜੀਤ ਸਿੰਘ ਤੇ ਸਾਥੀ, ਅਮਰੀਕ ਸਿੰਘ ਨੰਗਲ ਜ਼ਿਲ੍ਹਾ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸਿਕੰਦਰ ਕੁਮਾਰ, ਜਨਰਲ ਸਕੱਤਰ ਭਾਰਤ ਮੁਕਤੀ ਮੋਰਚਾ ਜ਼ਿਲ੍ਹਾ ਅੰਮ੍ਰਿਤਸਰ, ਡਾਕਟਰ ਹਰਪ੍ਰੀਤ ਸਿੰਘKਰਵਿੰਦਰ ਭਟੀ ਉਪ ਪ੍ਰਧਾਨ ਭਾਰਤ ਮੁਕਤੀ ਮੋਰਚਾ ਜ਼ਿਲ੍ਹਾ ਅੰਮ੍ਰਿਤਸਰ, ਮੇਜ਼ਰ ਸਿੰਘ ਮੀਡੀਆ ਇੰਚਾਰਜ ਅੰਮ੍ਰਿਤਸਰ, ਬੋਧ ਰਾਜ਼ ਮੀਡੀਆ ਇੰਚਾਰਜ, ਭਾਰਤ ਮੁਕਤੀ ਪਾਰਟੀ ਜ਼ਿਲ੍ਹਾ ਅੰਮ੍ਰਿਤਸਰ, ਡਾਕਟਰ ਤਰਸੇਮ ਸਿੰਘ, ਕੋਆਰਡੀਨੇਟਰ,ਬੀ ਐਮ ਪੀ,ਅਜੀਤ ਮਲਿਕ, ਸੀਨੀਅਰ ਕਾਰਿਆ ਕਰਤਾ ਬਾਮਸੇਫ,ਚੰਚਲ ਸਿੰਘ,ਉਪ ਪ੍ਰਧਾਨ ਬਾਮਸ਼ੇਫ਼ ਪੰਜਾਬ, ਬਲਬੀਰ ਸਿੰਘ ਝਾਮੰਕਾ ਸੇਵਾ-ਮੁਕਤ ਸਿਖਿਆ ਅਫਸਰ, ਅਸ਼ਵਨੀ ਕੁਮਾਰ ਬੌਧ ਜ਼ਿਲ੍ਹਾ ਪ੍ਰਧਾਨ ਬਾਮਸ਼ੇਫ਼ ਅੰਮ੍ਰਿਤਸਰ, ਅਵਤਾਰ ਸਿੰਘ ਮਟੂ, ਜਨਰਲ ਸਕੱਤਰ ਔਰਗਨਾਈਜੇਸ਼ਨ,ਬਾਮਸੇਫ, ਅਸ਼ਵਨੀ ਕੁਮਾਰ, ਜਨਰਲ ਸਕੱਤਰ ਰੀਵਿਊ,ਬਾਮਸੇਫ, ਮਾਸਟਰ ਬਰਿੰਦਰ ਸਿੰਘ, ਤੇ ਸਾਥੀ, ਅਮਿਤ ਭੀਮ, ਮੁਖਤਿਆਰ ਸਿੰਘ ਜੰਡਿਆਲਾ ਗੁਰੂ, ਅਤੇ ਇਹਨਾ ਦੇ ਸਹਿਯੋਗੀ ਸੱਜਣਾਂ ਨੇ ਭਰਵਾਂ ਸਹਿਯੋਗ ਦਿੱਤਾ। ਅਤੇ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਇਹਨਾਂ ਮਨੂੰਵਾਦੀ ਸਰਕਾਰਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਅਤੇ ਬੀ ਸੀ, ਐਸ ਸੀ,ਐਸ ਟੀ, ਘੱਟ ਗਿਣਤੀਆਂ, ਮੁਸਲਮਾਨ, ਸਿੱਖ,ਈਸਾਈ, ਬੋਧੀ, ਜੈਨੀ, ਲਿੰਗਾਇਤ, ਅੰਬੇਦਕਰੀ ਸਭ 85% ਮੂਲਨਿਵਾਸੀ ਬਹੁਜਨ ਸਮਾਜ ਇਕੱਠੇ ਹੋ ਇਹਨਾਂ ਮਨੂੰਵਾਦੀ ਤਾਕਤਾਂ ਤੋਂ ਛੁਟਕਾਰਾ ਪਾਉਣ ਲਈ ਸਦਾ ਦਿਤਾ ਅਤੇ ਆਪਣੇ ਸੰਵਿਧਾਨਿਕ ਹੱਕਾਂ ਦੀ ਰਖਵਾਲੀ ਕਰਨ ਲਈ ਇਕਜੁੱਟ ਹੋਣ ਦਾ ਵੀ ਸੱਦਾ ਦਿੱਤਾ ਅਤੇ ਆਉਣ ਵਾਲੇ ਸਮੇਂ ਵਿੱਚ ਇਹਨਾਂ ਮਨੂੰਵਾਦੀ ਤਾਕਤਾਂ ਤੋਂ ਛੁਟਕਾਰਾ ਪਾਉਣ ਲਈ ਇੱਕਮੁੱਠ ਹੋ ਕੇ ਮੂੰਹ ਤੋੜਵਾਂ ਜੁਆਬ ਦਿੱਤਾ ਜਾਵੇ। ਤਾਂ ਜੋ ਬਹੁਜਨ ਸਮਾਜ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਮਹਿਫ਼ੂਜ਼ ਰਹਿ ਸਕੇ।

– ਚੰਚਲ ਸਿੰਘ
ਸਟੇਟ ਉਪ ਪ੍ਰਧਾਨ ਬਾਮਸੇਫ਼ ਪੰਜਾਬ


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਰਾਹੁਲ ਗਾਂਧੀ ਦਾ ਡਰਾਮਾ ਕਾਂਗਰਸੀ ਸਰਕਾਰ ਦੀ ਥੂ-ਥੂ ਨੂੰ ਬਚਾਉਣ ਵਾਲਾ ਅਤੇ ਦਲਿਤ ਵਿਰੋਧੀ - ਜਸਵੀਰ ਸਿੰਘ ਗੜ੍ਹੀ





**ਸੰਗਰੂਰ (ਬਿਊਰੋ)–** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਵਿਚ ਅੱਜ ਸੰਗਰੂਰ ਵਿਖੇ ਕਾਂਗਰਸ ਸਰਕਾਰ ਅਤੇ ਰਾਹੁਲ ਗਾਂਧੀ ਨੂੰ ਘੇਰਨ ਪਿਛਲੇ ਤਿੰਨ ਦਿਨਾਂ ਵਿਚ ਦੂਜਾ ਰੋਸ਼ ਪ੍ਰਦਰਸ਼ਨ ਹੋਇਆ। ਹਾਲਾਂਕਿ ਦੋ ਦਿਨ ਪਹਿਲਾਂ ਹੀ ਬਸਪਾ ਨੇ ਸੰਗਰੂਰ ਵਿਚ ਵਿਸ਼ਾਲ ਰੋਸ ਪ੍ਰਦਰਸ਼ਨ ਤੇ ਰੋਸ ਮਾਰਚ ਕੀਤਾ ਸੀ। ਅੱਜ ਹੈਰਾਨੀਜਨਕ ਤਿਆਰੀ ਨਾਲ ਬਸਪਾ ਪੰਜਾਬ ਨੇ ਵਿਸ਼ਾਲ ਇਕੱਠ ਕਰਦਿਆ ਜਿੱਥੇ ਆਪਣੇ ਮਜਬੂਤ ਸੰਗਠਨ ਦਾ ਮੁਜਾਹਰਾ ਕੀਤਾ ਉੱਥੇ ਪਿਛਲੇ ਦੋ ਦਿਨਾ ਤੋਂ ਸਰਕਾਰ ਅਤੇ ਪ੍ਰਸ਼ਾਂਸ਼ਨ ਦੇ ਨੱਕ ਵਿਚ ਦਮ ਆਇਆ ਹੋਇਆ ਹੈ। ਸੂਤਰਾਂ ਤੋਂ ਖਬਰ ਮਿਲੀ ਹੈ ਕਿ ਬਸਪਾ ਸੂਬਾ ਪ੍ਰਧਾਨ ਲਗਾਤਾਰ ਪਿਛਲੇ ਤਿੰਨ ਦਿਨਾਂ ਤੋਂ ਸੰਗਰੂਰ ਵਿਚ ਹੀ ਜਮੀਨੀ ਪੱਧਰ ਤੇ ਵਿਚਰ ਰਹੇ ਹਨ।

ਵਿਸ਼ਾਲ ਇੱਕਠ ਨੂੰ ਸੰਬੋਧਨ ਕਰਦਿਆ ਸਰਦਾਰ ਗੜ੍ਹੀ ਨੇ ਕਿਹਾ ਕਿ ਕਾਂਗਰਸ ਅਤੇ ਰਾਹੁਲ ਗਾਂਧੀ ਦਲਿਤ ਵਿਰੋਧੀ ਹਨ । ਕਾਂਗਰਸ ਅਤੇ ਰਾਹੁਲ ਗਾਂਧੀ ਦਾ ਪੰਜਾਬ ਵਿੱਚ ਹੋਇਆ ਰੋਡ ਸ਼ੋ ਪੂਰੀ ਤਰ੍ਹਾਂ ਨਾਲ ਫਲਾਪ ਗਿਆ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਪੰਜਾਬੀਆਂ ਨੇ ਰਾਹੁਲ ਗਾਂਧੀ ਅਤੇ ਕਾਂਗਰਸ ਨੂੰ ਨਕਾਰ ਦਿੱਤਾ ਹੈ। ਰਾਹੁਲ ਦੀ ਕਿਸਾਨਾਂ ਲਈ ਟਰੈਕਟਰ ਯਾਤਰਾ ਮਗਰਮੱਛ ਦੇ ਹੰਝੂਆ ਭਰੀ ਝੂਠੀ ਹਮਦਰਦੀ ਹੈ। ਸ ਗੜ੍ਹੀ ਨੇ ਕਿਹਾ ਕਿ ਦਲਿਤਾਂ ਅਤੇ ਪਛੜਿਆ ਵਰਗਾਂ ਲਈ ਕਾਂਗਰਸ ਨੇ ਪਿਛਲੇ 73 ਸਾਲਾਂ ਤੋਂ ਧੱਕਾ ਕੀਤਾ ਹੈ। ਅੱਜ ਪੰਜਾਬ ਦਾ ਦਲਿਤ ਵਿਦਿਆਰਥੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਘੋਟਾਲੇ ਨਾਲ ਚਾਰ ਲੱਖ ਤੋਂ ਘਟ ਕੇ 2 ਲੱਖ ਰਹਿ ਗਿਆ ਹੈ। ਕੈਬਿਨੇਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ 64 ਕਰੋੜ ਦਾ ਘਪਲਾ ਕਰਨ ਦੇ ਬਾਵਜੂਦ ਪੰਜਾਬ ਕਾਂਗਰਸ



ਨੇ ਦੋਸ਼ੀ ਮੰਤਰੀ ਧਰਮਸੋਤ ਨੂੰ ਕਲੀਨ ਚਿੱਟ ਦੇਕੇ ਵਿਦਿਆਰਥੀ ਵਰਗ ਨਾਲ ਧੋਖਾ ਕੀਤਾ ਹੈ। ਪੰਜਾਬ ਦੇ ਦਲਿਤ ਮੁਲਾਜਮਾਂ ਲਈ ਤਰੱਕੀਆਂ ਦੀ 85ਵੀ ਸੰਵਿਧਾਨਿਕ ਸੋਧ ਨੂੰ ਜੀਰੋ ਕਰਨ ਹਿਤ ਕਾਂਗਰਸ ਨੇ ਅਕਾਲੀ ਸਰਕਾਰ ਦੇ ਜਾਰੀ 10.10.2014 ਦੇ ਪੱਤਰ ਨੂੰ ਸਹੀ ਦੱਸ ਕੇ ਦਲਿਤ ਮੁਲਾਜ਼ਿਮਾ ਨੂੰ ਰਗੜਨ ਦਾ ਕੰਮ ਕੀਤਾ ਹੈ। ਪੰਜਾਬ ਦੇ ਵਿਚ ਪੱਛੜੀਆਂ ਸ਼੍ਰੇਣੀਆਂ ਨੂੰ ਆਜ਼ਾਦੀ ਦੇ 73ਸਾਲਾਂ ਵਿਚ ਮੰਡਲ ਕਮਿਸਨ ਰਿਪੋਰਟ ਅਨੁਸਾਰ ਰਾਖਵਾਂਕਰਨ ਨਹੀਂ ਮਿਲਿਆ, ਜਦੋਂ ਕਿ ਓਬੀਸੀ ਵਰਗਾਂ ਨੇ ਹਮੇਸ਼ਾ ਕਾਂਗਰਸ ਅਤੇ ਅਕਾਲੀਆਂ ਨੂੰ ਵੋਟ ਦੇਕੇ ਰਾਜ ਸੱਤਾ ਦਿੱਤੀ ਹੈ। ਅਜਿਹੇ ਹਾਲਾਤਾਂ ਵਿੱਚ ਬਸਪਾ ਪੰਜਾਬ ਦਲਿਤਾਂ ਪਛੜੇ ਵਰਗਾਂ ਵਿਦਿਆਰਥੀਆਂ ਕਿਸਾਨਾਂ ਤੇ ਮੁਲਾਜ਼ਿਮਾ ਦੀ ਆਵਾਜ਼ ਬਣਕੇ ਪੰਜਾਬ ਵਿੱਚ ਜਮੀਨੀ ਪੱਧਰ ਤੇ 2022 ਦੀ ਤਿਆਰੀ ਕਰ ਰਹੀ ਹੈ। ਆਕਾਸ਼ ਗੂੰਜਦੇ ਨਾਹਰਿਆਂ ਵਿਚ ਬਸਪਾ ਦੀ ਜਮੀਨੀ ਮਜਬੂਤੀ ਦੀ ਧਮਕ ਪੰਜਾਬ ਦੀ ਰਾਜਨੀਤੀ ਵਿੱਚ ਨਵੇਂ ਯੁੱਗ ਦਾ ਆਗਾਜ ਲਗ ਰਿਹਾ ਹੈ।

ਬਸਪਾ ਵਰਕਰਾਂ ਨੇ ਸੰਗਰੂਰ ਬਣਾਸਰ ਬਾਗ਼ ਵਿਚ ਵਿਸ਼ਾਲ ਇਕੱਠ ਕੀਤਾ, ਅਤੇ ਰਾਹੁਲ ਗਾਂਧੀ ਨੂੰ ਘੇਰਨ ਲਈ ਸੜਕ ਤੇ ਉੱਤਰੇ। ਅਣਸੁਖਾਵੀ ਘਟਨਾ ਨੂੰ ਰੋਕਣ ਲਈ ਪ੍ਰਸ਼ਾਸ਼ਨ ਨੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਬਸਪਾ ਰੋਸ਼ ਮਾਰਚ ਨੂੰ ਪ੍ਰਸ਼ਾਸ਼ਨ ਨੇ ਵੱਡੇ ਵੱਡੇ ਬੈਰੀਗੈਟ ਲਾਕੇ ਰੋਕ ਲਿਆ। ਗਰਮਾ ਗਰਮੀ ਦੇ ਮਾਹੌਲ ਨੂੰ ਪ੍ਰਸ਼ਾਸ਼ਨ ਨੇ ਮਿੰਨਤਾ ਤਰਲੇ ਕਰਕੇ ਰੋਕਣ ਦੀ ਸਫਲ ਕੋਸ਼ਿਸ਼ ਕੀਤੀ। ਬਸਪਾ ਵਰਕਰ ਬੈਰਿਗੇਟ ਉਪਰ ਚੜ ਗਏ।

ਇਸ ਮੌਕੇ ਸਾਬਕਾ ਪ੍ਰਧਾਨ ਰਸ਼ਪਾਲ ਸਿੰਘ ਰਾਜੂ, ਸੂਬਾ ਸੂਬਾ ਜਨਰਲ ਸਕੱਤਰ ਡਾ ਨਛੱਤਰ ਪਾਲ, ਚਮਕੌਰ ਸਿੰਘ ਵੀਰ, ਭਗਵਾਨ ਸਿੰਘ ਚੌਹਾਨ, ਹਰਜੀਤ ਸਿੰਘ ਲੌਂਗੀਆ, ਬਲਦੇਵ ਮਹਿਰਾ, ਰਮੇਸ਼ ਕੋਲ, ਰਾਜਾ ਰਾਜਿੰਦਰ ਸਿੰਘ, ਡਾ ਜਸਪ੍ਰੀਤ ਸਿੰਘ, ਜੋਗਾ ਸਿੰਘ ਪਨੋਂਦੀਆ, ਗੁਰਮੇਲ ਚੁੰਬਰ, ਕੁਲਦੀਪ ਸਿੰਘ ਸਰਦੂਲਗੜ੍ਹ, ਐਡਵੋਕੇਟ ਰਣਜੀਤ ਕੁਮਾਰ, ਹਰਭਜਨ ਬਜਹੇੜੀ, ਵਿਜੈ ਬੱਧਣ, ਸੁਖਵੀਰ ਸਲਾਰਪੁਰ, ਰਾਜਿੰਦਰ ਰੀਹਲ, ਪਰਮਜੀਤ ਮੱਲ, ਬਲਜੀਤ ਸਿੰਘ ਭਾਰਾਪੁਰ, ਲਾਲ ਸਿੰਘ ਸੁਲਹਾਣੀ, ਦਰਸ਼ਨ ਝਲੂਰ, ਮਹਿੰਦਰ ਸੰਧਰਾਂ, ਐਡਵੋਕੇਟ ਸ਼ਿਵ ਕਲਿਆਣ, ਦਰਸ਼ਨ ਬਾਜਵਾ, ਜਗਦੀਸ਼ ਸ਼ੇਰਪੁਰੀ, ਗੁਰਮੇਲ ਜੀਕੇ, ਅੰਮ੍ਰਿਤ ਭੌਂਸਲੇ, ਅਮਰੀਕ ਸਿੰਘ ਕਾਲਾ, ਰਾਣੀ ਕੌਰ ਫਰਵਾਹੀ, ਨੀਲਮ ਸਹਿਜਲ, ਪਰਵੀਨ ਬੰਗਾ, ਹਰਬੰਸ ਚਣਕੋਆ, ਜਸਵੀਰ ਔਲੀਅਪੁਰ, ਵਿਜੈ ਯਾਦਵ, ਸਰਬਜੀਤ ਜਾਫਰਪੁਰ, ਸੁਭਾਸ਼ ਕੋਸ਼ਲਰ, ਡਾ ਮੋਹਿੰਦਰ ਪਾਲ, ਆਦਿ ਵੱਡੀ ਗਿਣਤੀ ਵਿਚ ਬਸਪਾ ਸਮਰਥਕ ਹਾਜ਼ਿਰ ਸਨ।


## Law Office of
## NIRWAN & ASSOCIATES



www.nirwanlaw.com

*Business Incorporation*

Articles of Incorp

Dissolution

501 © Non-Profit

Jagdip S. Nirwan, Esq

916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

## A & S
## Auto Repair & Services

Specializing in Brakes & Axles

Mon-Fri 9:00 AM to 6:00 PM Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Service



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਮੋਦੀ ਨੇ ਬਤੌਰ ਸਰਕਾਰ ਦੇ ਮੁਖੀ ਵਜੋਂ 20ਵੇਂ ਸਾਲ 'ਚ ਕੀਤਾ ਪ੍ਰਵੇਸ਼

**ਨਵੀਂ ਦਿੱਲੀ–** ਸਰਕਾਰ ਦੇ ਮੁਖੀ ਦੇ ਰੂਪ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੁੱਧਵਾਰ ਨੂੰ 20ਵੇਂ ਸਾਲ 'ਚ ਪ੍ਰਵੇਸ਼ ਕਰ ਗਏ। ਦਰਅਸਲ ਉਹ ਪਹਿਲੇ ਰਾਜਨੇਤਾ ਹਨ ਜੋ ਲਗਾਤਾਰ ਸੂਬੇ ਦੇ ਮੁੱਖ ਮੰਤਰੀ ਤੇ ਦੇਸ਼ ਦੇ ਪ੍ਰਧਾਨ ਮੰਤਰੀ ਰਹਿੰਦੇ ਹੋਏ ਦੂਜਾ ਦਹਾਕਾ ਪੂਰਾ ਕਰਨ ਵਾਲੇ ਹਨ। 7 ਅਕਤੂਬਰ 2001 'ਚ ਉਨ੍ਹਾਂ ਨੇ ਗੁਜਰਾਤ ਘੁਜਰਅਟ ਦੇ ਮੁੱਖ ਮੰਤਰੀ ਦੀ ਜ਼ਿੰਮੇਵਾਰੀ ਉਦੋਂ ਸੰਭਾਲੀ ਸੀ ਜਦੋਂ ਪ੍ਰਦੇਸ਼ ਮੁਸ਼ਕਿਲ ਹਾਲਾਤ 'ਚੋਂ ਲੰਘ ਰਿਹਾ ਸੀ। ਉਦੋਂ ਤੋਂ ਹੀ ਉਹ ਲਗਾਤਾਰ 14 ਸਾਲ ਤਕ ਸੂਬੇ ਦੇ ਮੁੱਖ ਮੰਤਰੀ ਰਹੇ ਤੇ ਉਸ ਤੋਂ ਬਾਅਦ ਪ੍ਰਧਾਨ ਮੰਤਰੀ ਰਹਿੰਦੇ ਹੋਏ ਸਰਕਾਰ ਦੀ ਅਗਵਾਈ ਕਰ ਰਹੇ ਹਨ।



ਭਾਰਤੀ ਰਾਜਨੀਤੀ 'ਚ ਵੈਸੇ ਤਾਂ ਇਸ ਤਰ੍ਹਾਂ ਦੇ ਕਈ ਆਗੂ ਹਨ ਜੋ ਲੰਬੇ ਸਮੇਂ ਤਕ ਮੁੱਖ ਮੰਤਰੀ ਰਹੇ ਜਾਂ ਫਿਰ ਪ੍ਰਧਾਨ ਮੰਤਰੀ ਰਹੇ ਪਰ ਸੂਬੇ ਤੇ ਕੇਂਦਰ ਦੋਵੇਂ ਪੱਧਰ 'ਤੇ ਆਪਣੇ ਬਲ 'ਤੇ ਪਾਰਟੀ ਨੂੰ ਜਿੱਤ ਦਿਵਾਉਣ ਤੇ ਸੋਚ ਨਾਲ ਵਿਕਾਸ ਦੀ ਰੇਖਾ ਖਿੱਚਣ ਵਾਲੇ ਆਗੂਆਂ 'ਚ ਉਹ ਪਹਿਲੇ ਨੰਬਰ 'ਤੇ ਆ ਗਏ ਹਨ। ਗੁਜਰਾਤ 'ਚ ਉਨ੍ਹਾਂ ਦੀ ਅਗਵਾਈ ਤੇ ਪੂਰੇ ਭਾਰਤ 'ਚ ਉਨ੍ਹਾਂ ਦੀ ਹਰਮਨ ਪਿਆਰਤਾ ਦੇ ਆਧਾਰ 'ਤੇ ਭਾਰਤੀ ਜਨਤਾ ਪਾਰਟੀ ਨੇ ਉਨ੍ਹਾਂ ਨੂੰ 2013 'ਚ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਬਣਾਇਆ। ਉਸ ਤੋਂ ਬਾਅਦ ਲਗਾਤਾਰ ਦੂਜੀ ਵਾਰ ਉਨ੍ਹਾਂ ਨੇ ਭਾਜਪਾ ਨੂੰ ਕੇਂਦਰ 'ਚ ਜਿੱਤ ਦਿਵਾਈ। ਮੋਦੀ ਬਾਰੇ ਇਕ ਦਿਲਚਸਪ ਤੱਥ ਇਹ ਹੈ ਕਿ ਉਹ ਪਹਿਲੀ ਵਾਰ ਵਿਧਾਇਕ ਦੇ ਰੂਪ 'ਚ ਗੁਜਰਾਤ ਦੇ ਮੁੱਖ ਮੰਤਰੀ ਬਣੇ। ਇਸ ਤਰ੍ਹਾਂ ਉਹ ਪਹਿਲੀ ਵਾਰ ਸੰਸਦ ਮੈਂਬਰ ਦੇ ਰੂਪ 'ਚ ਸਿੱਧੇ ਭਾਰਤ ਦੇ ਪ੍ਰਧਾਨ ਮੰਤਰੀ ਬਣੇ। ਭਾਜਪਾ ਦੀ ਬਹੁਮਤ ਨਾਲ ਜਿੱਤ ਲਈ ਮੋਦੀ ਨੂੰ ਕ੍ਰੈਡਿਟ ਦਿੱਤਾ ਜਾਂਦਾ ਹੈ। ਨਰਿੰਦਰ ਮੋਦੀ ਨੇ ਪਹਿਲੀ ਵਾਰ 26 ਮਈ 2014 ਨੂੰ ਭਾਰਤ ਦੇ ਪ੍ਰਧਾਨ ਮੰਤਰੀ ਦੇ ਰੂਪ 'ਚ ਸਹੁੰ ਚੁੱਕੀ ਸੀ। ਲੋਕ ਸਭਾ ਚੋਣ 2019 ਲੋਕ ਸਅਹਬਅ ਏਲਏਚਟੋਨਿ 'ਚ 2014 ਲੋਕ ਸਭਾ ਚੋਣ 'ਚੋਂ ਵੱਡੀ ਜਿੱਤ ਹਾਸਲ ਕਰਨ ਤੋਂ ਬਾਅਦ 30 ਮਈ 2019 ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੋਬਾਰਾ ਪ੍ਰਧਾਨ ਮੰਤਰੀ ਅਹੁਦੇ ਲਈ ਸਹੁੰ ਚੁੱਕੀ ਸੀ।

ਪੀਐੱਮ ਮੋਦੀ ਨੇ ਦੂਜੀ ਵਾਰ ਸਹੁੰ ਸਮਾਗਮ ਕਾਫੀ ਵੱਡਾ ਸੀ ਕਿਉਂਕਿ ਇਸ ਵਾਰ ਬਿਮਸਟੇਕ ਦੇਸ਼ਾਂ ਦੇ ਸਾਰੇ ਆਗੂਆਂ ਨਾਲ ਲਗਪਗ 8 ਹਜ਼ਾਰ ਵੱਡੀਆਂ ਹਸਤੀਆਂ ਹਾਜ਼ਰ ਸੀ। ਇਸ 'ਚ ਕਈ ਦੇਸ਼ਾਂ ਦੇ ਰਾਜਾਂ ਦੇ ਮੁਖੀ, ਰਾਜਪਾਲ, ਫਿਲਮੀ ਹਸਤੀਆਂ, ਖਿਡਾਰੀ ਤੇ ਰਾਜਨੇਤਾ ਸ਼ਾਮਲ ਸੀ।

# ਤਿੰਨ ਵਿਗਿਆਨੀਆਂ ਨੂੰ ਫਿਜ਼ਿਕਸ ਦਾ ਨੋਬੇਲ



**ਸਟਾਕਹੋਮ–** ਸਾਲ 2020 ਦਾ ਫਿਜ਼ਿਕਸ ਲਈ ਨੋਬੇਲ ਪੁਰਸਕਾਰ ਰੌਜਰ ਪੈਨਰੋਜ਼, ਰਾਈਨਹਾਰਡ ਗੈਂਜ਼ੇਲ ਅਤੇ ਐਂਡ੍ਰਿਆ ਗ਼ੇਜ਼ ਨੂੰ ਸਾਂਝੇ ਤੌਰ 'ਤੇ ਦਿੱਤਾ ਗਿਆ ਹੈ।

ਰੌਜਰ ਪੈਨਰੋਜ਼ ਨੂੰ ਇਹ ਐਵਾਰਡ ਬਲੈਕ ਹੋਲ ਦੀ ਖੋਜ ਕਰਨ ਲਈ ਜਦਕਿ ਰਾਈਨਹਾਰਡ ਗੈਂਜ਼ੇਲ ਤੇ ਐਂਡ੍ਰਿਆ ਗੇਜ਼ ਨੂੰ ਇਹ ਐਵਾਰਡ ਸਾਡੀ ਆਕਾਸ਼ ਗੰਗਾ ਦੇ ਕੇਂਦਰ 'ਚ 'ਸੁਪਰਮੈਸਿਵ ਕੰਪੈਕਟ ਆਬਜੈਕਟ' ਦੀ ਖੋਜ ਕਰਨ ਬਦਲੇ ਦਿੱਤਾ ਗਿਆ ਹੈ।

ਕਈ ਸਾਲਾਂ ਤੋਂ ਫਿਜ਼ਿਕਸ ਦਾ ਨੋਬੇਲ ਸਬੰਧਤ ਵਿਸ਼ਿਆਂ 'ਤੇ ਕੰਮ ਕਰਨ ਵਾਲੇ ਇੱਕ ਤੋਂ ਵੱਧ ਸਾਇੰਸਦਾਨਾਂ ਨੂੰ ਦਿੱਤਾ ਜਾਂਦਾ ਰਿਹਾ ਹੈ। ਪਿਛਲੇ ਸਾਲ ਬ੍ਰਹਿਮੰਡ ਦੇ ਰਹੱਸ ਸਾਹਮਣੇ ਲਿਆਉਣ ਦਾ ਸਿਧਾਂਤਕ ਕੰਮ ਕਰਨ ਵਾਲੇ ਜੇਮਜ਼ ਪੀਬਲਜ਼ ਅਤੇ ਸੌਰ ਮੰਡਲ ਦੇ ਬਾਹਰ ਇੱਕ ਹੋਰ ਗ੍ਰਹਿ ਲੱਭਣ ਵਾਲੇ ਸਵਿਸ ਪੁਲਾੜ ਵਿਗਿਆਨੀ ਮਾਈਕਲ ਮੇਅਰ ਤੇ ਡਿਜੀਅਰ ਕੁਲੋਜ਼ ਨੂੰ ਸਾਂਝੇ ਤੌਰ 'ਤੇ ਫਿਜ਼ਿਕਸ ਦਾ ਨੋਬਲ ਦਿੱਤਾ ਗਿਆ ਸੀ।

# ਮੋਦੀ ਦਾ ਸੱਦਾ- ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਕੇਂਦਰ ਵੱਲੋਂ ਗੱਲਬਾਤ ਲਈ ਦਿੱਤਾ ਸੱਦਾ ਰੱਦ ਕੀਤਾ

**ਮਾਨਸਾ–** ਪੰਜਾਬ ਦੀਆਂ 31 ਸੰਘਰਸ਼ੀਲ ਕਿਸਾਨ ਜਥੇਬੰਦੀਆਂ ਵੱਲੋਂ ਚੰਡੀਗੜ੍ਹ ਵਿਖੇ ਕਿਸਾਨ ਭਵਨ ਵਿਚ ਕੀਤੀ ਮੀਟਿੰਗ ਦੌਰਾਨ ਕੇਂਦਰ ਦੇ ਖੇਤੀਬਾੜੀ ਮੰਤਰਾਲੇ ਵੱਲੋਂ ਜਥੇਬੰਦੀਆਂ ਨੂੰ 8 ਅਕਤੂਬਰ ਨੂੰ ਗੱਲਬਾਤ ਕਰਨ ਲਈ ਭੇਜਿਆ ਗਿਆ ਸੱਦਾ ਪੱਤਰ ਰੱਦ ਕੀਤਾ ਗਿਆ ਹੈ। ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਦੇ ਹਵਾਲੇ ਨਾਲ ਮਿਲੀ ਜਾਣਕਾਰੀ ਅਨੁਸਾਰ ਇਹ 'ਸੱਦਾ ਪੱਤਰ' ਗ਼ੈਰ ਅਧਿਕਾਰਤ ਹੋਣ ਕਾਰਨ ਇਹ ਫ਼ੈਸਲਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਪੰਜਾਬ ਦੀਆਂ 31 ਸੰਘਰਸ਼ੀਲ ਕਿਸਾਨ ਜਥੇਬੰਦੀਆਂ ਦੀ ਅੱਜ ਚੰਡੀਗੜ੍ਹ ਦੇ ਕਿਸਾਨ ਭਵਨ ਵਿਖੇ ਰਾਜ ਵਿੱਚ ਨਵੇਂ ਖੇਤੀ ਕਾਨੂੰਨਾਂ ਕਾਰਨ ਚੱਲ ਰਹੇ ਅੰਦੋਲਨ ਲਈ ਮੀਟਿੰਗ ਸ਼ੁਰੂ ਹੋਈ। ਇਸ ਇਕੱਤਰਤਾ ਦੌਰਾਨ ਪਹਿਲੀ ਅਕਤੂਬਰ ਤੋਂ ਪੰਜਾਬ ਵਿੱਚ ਆਰੰਭ ਹੋਏ ਸੰਘਰਸ਼ ਦੀ ਪੜਚੋਲ ਅਤੇ ਅਗਲੀ ਰੂਪ ਰੇਖਾ ਨੂੰ ਉਲੀਕਿਆ ਜਾਵੇਗਾ।

ਜਥੇਬੰਦੀਆਂ ਵੱਲੋਂ ਕੇਂਦਰ ਸਰਕਾਰ ਵਲੋਂ ਕੇਂਦਰੀ ਖੇਤੀਬਾੜੀ ਮੰਤਰਾਲੇ ਦੇ ਸੱਕਤਰ ਰਾਕੇਸ਼ ਕੁਮਾਰ ਅੱਗਰਵਾਲ ਵਲੋਂ ਕਿਸਾਨ ਧਿਰਾਂ ਨੂੰ ਗੱਲਬਾਤ ਲਈ ਭੇਜੇ ਸੱਦੇ ਸਬੰਧੀ ਵੀ ਮਾਮਲੇ ਨੂੰ ਵਿਚਾਰਿਆ ਗਿਆ। ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਅਤੇ ਭਾਰਤੀ ਕਿਸਾਨ ਯੂਨੀਅਨ (ਮਾਨਸਾ) ਦੇ ਸੂਬਾਈ ਆਗੂ ਬੋਘ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਸੰਘਰਸ਼ ਦਾ ਨਵਾਂ ਰੂਪ, ਅਗਲੀਆਂ ਅੰਦੋਲਨੀ ਵਿਉਂਤਬੰਦੀਆਂ , ਕੇਂਦਰ ਨਾਲ ਗੱਲਬਾਤ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ 29 ਸਤੰਬਰ ਨੂੰ ਹੋਈ ਗੱਲਬਾਤ ਦੌਰਾਨ ਕੀਤੇ ਵਾਅਦਿਆਂ ਸਬੰਧੀ ਨਵੀਂ ਪੁਜੀਸ਼ਨ ਪ੍ਰਤੀ ਖੁੱਲ੍ਹ ਕੇ ਵਿਚਾਰ



ਵਟਾਂਦਰਾ ਕੀਤਾ ਗਿਆ।

**ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਬਰਨਾਲਾ ਜ਼ਿਲ੍ਹੇ ਦੀ ਸਮੁੱਚੀ ਲੀਡਰਸ਼ਿਪ ਨੇ ਅਸਤੀਫ਼ੇ ਦਿੱਤੇ**

ਟੱਲੇਵਾਲ (ਬਰਨਾਲਾ)– ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਬਰਨਾਲਾ ਜ਼ਿਲ੍ਹੇ ਦੇ ਸਮੁੱਚੇ ਅਹੁਦੇਦਾਰਾਂ ਵਲੋਂ ਜੱਥੇਬੰਦੀ ਤੋਂ ਅਸਤੀਫ਼ੇ ਦੇ ਦਿੱਤੇ ਗਏ। ਇਹ ਫ਼ੈਸਲਾ ਲੱਖੋਵਾਲ ਯੂਨੀਅਨ ਵਲੋਂ ਸੁਪਰੀਮ ਕੋਰਟ ਵਿੱਚ ਖੇਤੀ ਕਾਨੂੰਨਾਂ ਬਾਰੇ ਦਾਇਰ ਕੀਤੀ ਪਟੀਸ਼ਨ ਦੇ ਰੋਸ 'ਚ ਦਿੱਤਾ ਗਿਆ। ਇਸ ਸਬੰਧੀ ਅੱਜ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ ਦੀ ਅਗਵਾਈ ਵਿੱਚ ਸਮੁੱਚੇ ਬਰਨਾਲਾ ਜ਼ਿਲ੍ਹੇ ਦੇ ਅਹੁਦੇਦਾਰਾਂ ਦੀ ਸਾਂਝੀ ਮੀਟਿੰਗ ਬੁਲਾਈ ਗਈ, ਜਿਸ ਵਿੱਚ ਵਿਚਾਰ ਚਰਚਾ ਕਰਨ ਤੋਂ ਬਾਅਦ ਬਰਨਾਲਾ ਜ਼ਿਲ੍ਹੇ ਨਾਲ ਸਬੰਧ ਸੂਬਾ, ਜ਼ਿਲ੍ਹਾ, ਬਲਾਕ ਸਮੇਤ ਇਕਾਈਆਂ ਦੇ ਅਹੁਦੇਦਾਰਾਂ ਨੇ ਲੱਖੋਵਾਲ ਯੂਨੀਅਨ ਨੂੰ ਅਲਵਿਦਾ ਆਖ਼ ਦਿੱਤਾ।

ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ ਨੇ ਕਿਹਾ ਕਿ ਖੇਤੀ ਕਾਨੂੰਨ ਦੇ ਵਿਰੋਧ ਵਿੱਚ ਸਮੁੱਚੀਆਂ ਕਿਸਾਨ ਜੱਥੇਬੰਦੀਆਂ ਇਕ ਮੰਚ 'ਤੇ ਇਕੱਠੀਆਂ ਹੋ ਕੇ ਰੇਲਵੇ ਲਾਈਨਾਂ, ਟੌਲ ਪਲਾਜ਼ਿਆਂ, ਪੈਟਰੋਲ ਪੰਪਾਂ ਅਤੇ ਸ਼ੌਪਿੰਗ ਮਾਲਾਂ ਅੱਗੇ ਸੰਘਰਸ਼ ਕਰ ਰਹੀਆਂ ਸਨ ਪਰ ਇਸੇ ਦੌਰਾਨ ਲੱਖੋਵਾਲ ਜੱਥੇਬੰਦੀ ਦੇ ਸੂਬਾ ਆਗੂ ਹਰਿੰਦਰ ਸਿੰਘ ਲੱਖੋਵਾਲ ਵਲੋਂ ਆਪ ਮੁਹਾਰੇ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਸੁਪਰੀਮ ਕੋਰਟ ਵਿੱਚ ਰਿੱਟ ਦਾਇਰ ਕਰ ਦਿੱਤੀ ਗਈ ਹੈ। ਇਸ ਸਬੰਧੀ ਹੋਰ ਜੱਥੇਬੰਦੀਆਂ ਨਾਲ ਗੱਲ ਕਰਨੀ ਤਾਂ ਦੂਰ ਦੀ ਗੱਲ, ਬਲਕਿ ਜੱਥੇਬੰਦੀਆਂ ਦੀ ਸੂਬਾ ਕਾਰਜਕਾਰਨੀ ਜਾਂ ਜ਼ਿਲ੍ਹਾ ਪ੍ਰਧਾਨਾਂ ਨਾਲ ਵੀ ਸਲਾਹ ਨਹੀਂ ਕੀਤੀ ਗਈ। ਇਸ ਫ਼ੈਸਲੇ ਨਾਲ ਜੱਥੇਬੰਦੀਆਂ ਦੀ ਇਕਜੁੱਟਤਾ ਨੂੰ ਢਾਹ ਲੱਗੀ ਹੈ। ਜਿਸ ਕਰਕੇ ਜ਼ਿਲ੍ਹੇ ਦੇ ਸਮੁੱਚੇ ਅਹੁਦੇਦਾਰਾਂ ਨੇ ਇਕਜੁੱਟ ਹੋ ਕੇ ਲੱਖੋਵਾਲ ਜੱਥੇਬੰਦੀ ਤੋਂ ਅਸਤੀਫ਼ਾ ਦਿੱਤਾ ਹੈ। ਜ਼ਿਲ੍ਹਾ ਪੱਧਰ 'ਤੇ ਆਰਜ਼ੀ ਤੌਰ 'ਤੇ ਭਾਰਤੀ ਕਿਸਾਨ ਯੂਨੀਅਨ (ਬਰਨਾਲਾ) ਬਣਾ ਕੇ ਪਹਿਲਾਂ ਦੀ ਤਰ੍ਹਾਂ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਸੰਘਰਸ਼ ਜਾਰੀ ਰਹੇਗਾ। ਬਾਕੀ ਕਿਸਾਨ ਜੱਥੇਬੰਦੀਆਂ ਨਾਲ ਲਗਾਤਾਰ ਸੰਘਰਸ਼ ਕਰਦੇ ਰਹਿਣਗੇ।


## 'ਦੇਸ਼ ਦੁਆਬਾ'

**ਹਰ ਹਫਤੇ ਛਪਣ ਵਾਲਾ ਅਖਬਾਰ**

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

**ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ**

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com


# ਗੁਰੂ ਮਿਉਜ਼ਕ ਕੰਪਨੀ ਵਲੋਂ ਗੁਰਸੇਵਕ ਦਾ ਪਰਵਾਹ ਗੀਤ ਭਲਕੇ ਕੀਤਾ ਜਾਵੇਗਾ ਰਿਲੀਜ਼




**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ)–** ਗੁਰੂ ਮਿਉਜ਼ਕ ਕੰਪਨੀ ਵਲੋਂ ਉਭਰਦੇ ਨੌਜਵਾਨ ਗਾਇਕ ਗੁਰਸੇਵਕ ਦਾ ਗੀਤ ਪਰਵਾਹ 8 ਅਕਤੂਬਰ ਨੂੰ ਰਿਲੀਜ਼ ਕੀਤਾ ਜਾ ਰਿਹਾ ਹੈ। ਇਸ ਸੰਬੰਧ ਵਿਚ ਜਾਣਕਾਰੀ ਦਿੰਦੇ ਹੋਏ ਗੁਰੂ ਮਿਉਜ਼ਕ ਕੰਪਨੀ ਦੇ ਮੈਂਬਰਾਂ ਨੇ ਦੱਸਿਆ ਕਿ ਪਰਵਾਹ ਗੀਤ ਦੇ ਬੋਲਾਂ ਨੂੰ ਆਪਣੀ ਕਲਮ ਦੇ ਨਾਲ ਗੁਰਸੇਵਕ ਨੇ ਸੰਗਾਰਿਆ ਹੈ ਅਤੇ ਕੰਪੋਜਿੰਗ ਵੀ ਆਪ ਹੀ ਕੀਤਾ ਹੈ। ਇਸ ਗੀਤ ਨੂੰ ਮਿਉਜ਼ਕ ਸ਼ਿਪੂ ਗਗਨ ਨੇ ਦਿੱਤਾ ਹੈ ਅਤੇ ਗੀਤ ਦੇ ਵੀਡਿਓ ਡਾਇਰੈਕਟਰ ਕਰਨ ਸੈਣੀ ਹਨ। ਇਸ ਗੀਤ ਦੀ ਵੀਡਿਓ ਦੀ ਸ਼ੂਟਿੰਗ ਜ਼ਿਲਾ ਹੁਸ਼ਿਆਰਪੁਰ ਦੇ ਵੱਖ-ਵੱਖ ਹਿੱਸਿਆ ਦੇ ਵਿਚ ਕੀਤੀ ਗਈ ਹੈ। ਇਸ ਵਿਚ ਅਲੀਸ਼ਾ ਸ਼ਰਮਾ ਤੇ ਅਭੀ ਮਨੀ ਨੇ ਮਾਡਿਗ ਕੀਤੀ ਹੈ। ਮਿਕਸ ਮਾਸਟਰ ਸ਼ਿਵਾ ਮਲਿਕ ਅਤੇ ਪੋਸਟਰ ਦਾ ਡਾਜ਼ਾਇਨ ਏਐਸਏਸ਼ਨ ਵਲੋਂ ਕੀਤਾ ਗਿਆ ਹੈ। ਗੁਰੂ ਮਿਉਜ਼ਕ ਕੰਪਨੀ ਦੇ ਮੈਂਬਰਾਂ ਅਤੇ ਗਾਇਕ ਗੁਰਸੇਵਕ ਨੇ ਕਿਹਾ ਕਿ ਦਰਸ਼ਕਾਂ ਨੂੰ ਇਹ ਗੀਤ ਬਹੁਤ ਹੀ ਪਸੰਦ ਆਵੇਗਾ ਅਤੇ ਉਮੀਦ ਹੈ ਕਿ ਲੋਕ ਇਸਨੂੰ ਪਹਿਲਾਂ ਦੇ ਗੀਤਾਂ ਦੀ ਤਰਾਂ ਹੀ ਪਿਆਰ ਦੇਣਗੇ।

# ਮਨੀਸ਼ਾ ਦੇ ਬਲਾਤਕਾਰੀਆਂ ਤੇ ਕਾਤਲਾਂ ਨੂੰ ਫਾਹੇ ਲਾਓ





**ਯੂਬਾ ਸਿਟੀ (ਬਿਊਰੋ)–** ਬੀਤੇ ਐਤਵਾਰ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੀ ਇਕ ਵਿਸ਼ੇਸ਼ ਮੀਟਿੰਗ ਪ੍ਰਧਾਨ ਪ੍ਰੇਮ ਲਾਲ ਸੌਂਧੀ ਜੀ ਦੀ ਪ੍ਰਧਾਨਗੀ ਹੇਠ ਮਹਾਂਰਿਸ਼ੀ ਵਾਲਮੀਕ ਟੈਂਪਲ, ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਹੋਈ। ਜਿਸ ਵਿਚ ਸੰਤੋਖ ਸਿੰਘ ਗਿੱਲ ਵੱਲੋਂ ਦੋ ਮਤੇ ਰੱਖੇ ਗਏ। ਪਹਿਲਾ ਮਨੀਸ਼ਾ ਬਲਾਤਕਾਰ ਕਤਲਕਾਂਡ ਅਤੇ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦਾ। ਜਿਸ ਤੇ ਮੀਟਿੰਗ ਵਿਚ ਹਾਜ਼ਰ ਮੈਂਬਰਾਨ ਬਲਵੀਰ ਥਾਪਰ, ਵਿਨੋਦ ਗਿੱਲ, ਬਲਵੀਰ ਧਾਰੀਵਾਲ, ਰਮਨ ਥਾਪਰ, ਦਵਿੰਦਰ ਸ਼ੁੱਭ, ਜਗਜੀਤ ਗਿੱਲ, ਭੁਪਿੰਦਰ ਭਿੰਦਾ ਤੇ ਹੋਰ ਵੀ ਕਾਫੀ ਸੰਗਤਾਂ ਆਦਿ ਨੇ ਭਾਗ ਲਿਆ। ਵਿਚਾਰ ਵਟਾਂਦਰਾ ਕਰਨ ਉਪਰੰਤ ਸਮੂਹ ਸੰਗਤਾਂ ਵੱਲੋਂ ਸਰਬਸੰਮਤੀ ਨਾਂਲ ਫੈਸਲਾ ਕੀਤਾ ਗਿਆ। ਭਾਰਤ ਦੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਅਤੇ ਯੂ. ਪੀ. ਦੇ ਮੁੱਖ ਮੰਤਰੀ ਨੂੰ ਚਿਤਾਵਨ. ਭਰਪੂਰ ਪੱਤਰ ਲਿਖਿਆ ਜਾਵੇ ਕਿ ਸਾਡੀ ਸਭਾ ਮਨੀਸ਼ਾ ਦੇ ਬਲਾਤਕਾਰ ਤੇ ਕਤਲ ਦੀ ਜ਼ੋਰਦਾਰ ਸ਼ਬਦਾਂ ਵਿਚ ਨਿੰਦਾ ਕਰਦੀ ਹੈ ਅਤੇ ਸਰਕਾਰਾਂ ਅਤੇ ਸੁਪਰੀਮ ਕੋਰਟ ਤੋਂ ਮੰਗ ਕਰਦੀ ਹੈ ਕਿ ਬਲਾਤਕਾਰੀਆਂ ਨੂੰ ਤੁਰੰਤ ਫਾਹੇ ਲਾਇਆ ਜਾਵੇ ਅਤੇ ਜਿਹਨਾਂ ਉਚ ਅਧਿਕਾਰੀਆਂ ਨੇ ਆਪਣੇ ਫਰਜ਼ਾਂ 'ਚ ਕੁਤਾਹੀ ਕੀਤੀ ਹੈ, ਉਹਨਾਂ ਵਿਰੌਧ ਵੀ ਨਿਸਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ।ਖ਼

ਦੂਸਰਾ ਸਭਾ ਵੱਲੋਂ ਭਾਰਤ ਵਿਚ ਚੱਲ ਰਹੇ ਕਿਸਾਨ ਸੰਘਰਸ਼ ਦੀ ਹਰ ਪੱਖੋਂ ਪੂਰਨ ਹਮਾਇਤ ਕਰਨ ਦਾ ਐਨ ਕੀਤਾ ਹੈ ਅਤੇ ਭਾਰਤ ਸਰਕਾਰ ਵੱਲੋਂ ਬਣਾਏ ਗਏ ਕਿਸਾਨ ਵਿਰੋਧੀ ਤਿੰਨਾਂ ਹੀ ਕਾਨੂੰਨਾਂ ਦੀ ਪੁਰਜ਼ੋਰ ਨਿੰਦਾ ਕਰਦੀ ਹੈ ਅਤੇ ਸਰਕਾਰ ਤੋਂ ਮੰਗ ਕਰਦੀ ਹੈ ਕਿ ਤੁਰੰਤ ਪਾਰਲੀਮੈਂਟ ਸੈਸ਼ਨ ਬੁਲਾ ਕੇ ਤਿੰਨਾਂ ਹੀ ਕਾਨੂੰਨਾਂ ਨੂੰ ਰੱਦ ਕਰੇ ਅਤੇ ਕਿਸਾਨੀ ਦੀ ਭਲਾਈ ਲਈ ਤੁਰੰਤ ਫੈਸਲਾ ਕਰੇ। ਭਾਰਤੀ ਜਨਤਾ ਪਾਰਟੀ ਦੇ ਮੈਨੀਫੈਸਟੋ 'ਚ ਦਰਜ ਕਿ ਪਹਿਲੀ ਹੀ ਮੀਟਿੰਗ ਕਿਸਾਨਾਂ ਦੇ 100 ਪ੍ਰਤੀਸ਼ਤ ਕਰਜੇ ਮਾਫ ਕਰਨ ਦੀ ਗੱਲ ਸੀ। ਇਸ ਏਜੰਡੇ ਨੂੰ ਕਿਸਾਨਾਂ ਤੇ ਮਜ਼ਦੂਰਾਂ ਦੇ ਕਰਜ਼ੇ ਮਾਫ ਕਰਕੇ ਲਾਗੂ ਕਰੇ ਅਤੇ ਹਰ ਸੀਜ਼ਨ 'ਚ ਫਸਲ ਦੀ ਬਿਜਾਈ ਤੋਂ ਪਹਿਲਾਂ ਫਸਲਾਂ ਦੇ ਭਾਅ ਦਾ ਐਲਾਨ ਕਰੇ।

ਇਹ ਸਾਰੇ ਮਤੇ ਸਭਾ ਦੀ ਮੀਟਿੰਗ ਵਿਚ ਸਰਬ ਸੰਮਤੀ ਨਾਲ ਕੀਤੇ ਗਏ ਅਤੇ ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸੰਤੋਖ ਸਿੰਘ ਗਿੱਲ ਤੇ ਜਨਰਲ ਸਕੱਤਰ ਬਲਵੀਰ ਸਿੰਘ ਧਾਰੀਵਾਲ ਵੱਲੋਂ ਦਿੱਤੀ ਗਈ।

## ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 1 ਨਵੰਬਰ ਨੂੰ ਮਨਾਇਆ ਜਾਵੇਗਾ

ਬੀਤੇ ਐਤਵਾਰ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੀ ਮੀਟਿੰਗ ਪ੍ਰਧਾਨ ਪ੍ਰੇਮ ਲਾਲ ਸੌਂਧੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਬਹੁਤ ਸਾਰੀਆਂ ਸੰਗਤਾਂ ਨੇ ਭਾਗ ਲਿਆ। ਲੰਮੀ ਵਿਚਾਰ ਚਰਚਾ ਤੋਂ ਬਾਅਦ ਸਭਾ ਵੱਲੋਂ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਇਸ ਸਾਲ ਵੀ ਹਰ ਸਾਲ ਦੀ ਤਰ੍ਹਾਂ ਪ੍ਰਗਟ ਦਿਵਸ ਮਨਾਇਆ ਜਾਵੇਗਾ।

ਕੋਵਿਡ-19 ਹੋਣ ਕਰਕੇ ਸਰਕਾਰ ਦੀਆਂ ਹਦਾਇਤਾਂ ਨੂੰ ਪੂਰਨ ਰੂਪ ਵਿਚ ਧਿਆਨ ਰੱਖਦਿਆਂ 31 ਅਕਤੂਬਰ 2020 ਦਿਨ ਸ਼ਨਿਚਰਵਾਰ ਨੂੰ ਸਵੇਰੇ 10 ਵਜੇ ਝੰਡਾ ਸਾਹਿਬ ਚੜ੍ਹਾਏ ਜਾਣਗੇ ਅਤੇ ਇਕ ਨਵੰਬਰ 2020 ਨੂੰ ਸਤਿਗੁਰ ਵਾਲਮੀਕ ਜੀ ਦਾ ਪ੍ਰਗਟ ਦਿਵਸ ਪੂਰੀਆਂ ਖੁਸ਼ੀਆਂ ਤੇ ਸ਼ਰਧਾ ਨਾਲ ਮਨਾਇਆ ਜਾਵੇਗਾ। ਸੋ ਸਭ ਸੰਗਤਾਂ ਗੁਰ ਚਰਨਾਂ 'ਚ ਹਾਜ਼ਰੀਆਂ ਲਵਾ ਕੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ।

ਸਾਰੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਮਾਸਕ ਜ਼ਰੂਰ ਪਹਿਨ ਕੇ ਆਉਣ ਅਤੇ ਲੋੜ ਤੋਂ ਬਿਨਾਂ ਕਿਸੇ ਵੀ ਚੀਜ਼ ਨੂੰ ਹੱਥ ਨਾ ਲਾਇਆ ਜਾਵੇ ਤੇ ਪ੍ਰਬੰਧਕਾਂ ਦੀ ਬੇਨਤੀ ਨੂੰ ਹਰ ਹਾਲਤ ਪ੍ਰਵਾਨ ਕੀਤਾ ਜਾਵੇ। ਫਿਜ਼ੀਕਲ ਡਿਸਟੈਂਸ ਦਾ ਵੀ ਪੂਰਾ ਧਿਆਨ ਰੱਖਿਆ ਜਾਵੇ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਪ੍ਰਧਾਨ ਪ੍ਰੇਮ ਲਾਲ ਸੌਂਧੀ ਜੀ ਵੱਲੋਂ ਦਿੱਤੀ ਗਈ।

## ਨੋਟ

ਸ੍ਰੀ ਗੁਰੂ ਰਵਿਦਾਸ ਟੈਂਪਲ ਦੀ ਪ੍ਰਬੰਧਕ ਕਮੇਟੀ ਅਤੇ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ., ਯੂਬਾ ਸਿਟੀ ਵੱਲੋਂ ਅਤੇ ਹੋਰ ਯੂਬਾ ਸਿਟੀ ਦੇ ਪੰਜਾਬੀ ਭਾਈਚਾਰੇ ਵੱਲੋਂ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨ ਖੇਤੀ ਐਕਟਾਂ ਦੇ ਵਿਰੋਧ ਵਿਚ ਅਤੇ ਮਨੀਸ਼ਾ ਵਾਲਮੀਕ ਦੇ ਦਰਦਨਾਕ ਕਾਂਡ ਵਿਰੁੱਧ ਇਕ ਵਿਸ਼ੇਸ਼ ਇਕੱਠ ਹੋਇਆ। ਜਿਸ ਦੀ ਵਿਸ਼ੇਸ਼ ਰਿਪੋਰਟ ਅਤੇ ਤਸਵੀਰਾਂ ਅਗਲੇ ਅੰਕ ਵਿਚ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ।

## ਆਮ ਆਦਮੀ ਪਾਰਟੀ ਨੇ ਕੈਂਡਲ ਮਾਰਚ ਕੱਡ ਕੇ ਹਾਥਰਸ ਦੀ ਮ੍ਰਿਤਕ ਪੀੜ੍ਹਤਾ ਲਈ ਕੀਤੀ ਨਿਆ ਦੀ ਮੰਗ

**ਫਗਵਾੜਾ (ਬੀ.ਕੇ.ਰੱਤੂ)** ਆਮ ਆਦਮੀ ਪਾਰਟੀ ਹਲਕਾ ਵਿਧਾਨਸਭਾ ਫਗਵਾੜਾ ਵਲੋਂ ਯੂ.ਪੀ. ਦੇ ਹਾਥਰਸ ਵਿਖੇ ਜਬਰ ਜਿਨਾਹ ਅਤੇ ਤਸੀਹਿਆਂ ਦਾ ਸ਼ਿਕਾਰ ਹੋ ਕੇ ਜਾਨ ਗੁਆਉਣ ਵਾਲੀ ਮਨੀਸ਼ਾ ਨੂੰ ਇਨਸਾਫ ਦੁਆਉਣ ਦੀ ਮੰਗ ਨੂੰ ਲੈ ਕੇ ਹਦੀਆਬਾਦ ਖੇਤਰ 'ਚ ਕੈਂਡਲ ਮਾਰਚ ਕੀਤਾ ਗਿਆ। ਇਸ ਮੌਕੇ ਸੀਨੀਅਰ ਆਪ ਆਗੂ ਸੰਤੋਸ਼ ਕੁਮਾਰ ਗੋਗੀ ਨੇ ਕਿਹਾ ਕਿ ਯੂ.ਪੀ. ਦੀ ਯੋਗੀ ਸਰਕਾਰ ਗੁੰਡਿਆਂ ਅਤੇ ਬਲਾਤਕਾਰੀਆਂ ਦਾ ਸਾਥ ਦੇ ਰਹੀ ਹੈ। ਘਟਨਾ ਤੋਂ ਬਾਅਦ ਚਾਰ ਦਿਨ ਤੱਕ ਮੀਡੀਆ ਨੂੰ ਪੀੜਤ ਪਰਿਵਾਰ ਨਾਲ ਮਿਲਣ ਨਹੀਂ ਦਿੱਤਾ ਗਿਆ। ਲੋਕਾਂ ਦੇ ਭਾਰੀ ਵਿਰੋਧ ਤੋਂ ਬਾਅਦ ਦੋਸ਼ੀਆਂ ਦੀ ਗਿਰਫਤਾਰੀ ਹੋਈ। ਜਿਲੇ ਦੇ ਡੀ.ਐਮ. ਵਲੋਂ ਪੀੜਤ ਪਰਿਵਾਰ ਨੂੰ ਧਮਕਾਇਆ ਗਿਆ ਅਤੇ ਬਿਨਾ ਪਰਿਵਾਰ ਦੀ ਸਹਿਮਤੀ ਲਾਸ਼ ਨੂੰ ਬਿਨਾ ਧਾਰਮਿਕ ਰੀਤੀ ਰਿਵਾਜ ਦੇ ਸਾੜ ਦਿੱਤਾ ਗਿਆ। ਉਹਨਾਂ ਕਿਹਾ ਕਿ ਜੇਕਰ ਘਟਨਾ ਤੋਂ ਤੁਰੰਤ ਬਾਅਦ ਪ੍ਰਸ਼ਾਸਨ ਹਰਕਤ ਵਿਚ ਆਉਂਦਾ ਅਤੇ ਸਰਕਾਰ ਲੜਕੀ ਨੂੰ ਦਿੱਲੀ ਏਮਜ ਵਿਚ ਇਲਾਜ ਲਈ ਭੇਜਣ ਦਾ ਪ੍ਰਬੰਧ ਕਰਦੀ ਤਾਂ ਉਸਦੀ ਜਾਨ ਬਚਾਈ ਜਾ ਸਕਦੀ ਸੀ ਜੋ ਯੋਗੀ ਸਰਕਾਰ ਦੀ ਨਲਾਇਕੀ ਹੈ। ਉਹਨਾਂ ਕਿਹਾ ਕਿ ਇਹ ਸਾਰਾ ਕੁਝ ਪੁਲਿਸ ਅਤੇ ਪ੍ਰਸ਼ਾਸਨ ਵਲੋਂ ਯੋਗੀ ਸਰਕਾਰ



ਦੇ ਇਸ਼ਾਰੇ ਤੇ ਘਟਨਾ ਨੂੰ ਦਬਾਉਣ ਅਤੇ ਸਬੂਤਾਂ ਨੂੰ ਖੁਰਦ ਬੁਰਦ ਕਰਨ ਦੇ ਇਰਾਦੇ ਨਾਲ ਪੂਰੀ ਸਾਜਿਸ਼ ਦੇ ਤਹਿਤ ਕੀਤਾ ਹੈ। ਗੋਗੀ ਨੇ ਹੈਰਾਨੀ ਜਤਾਈ ਕਿ ਏ.ਡੀ.ਜੀ. ਪੁਲਿਸ ਬਿਆਨ ਦੇ ਰਹੇ ਹਨ ਕਿ ਬਲਾਤਕਾਰ ਹੋਇਆ ਹੀ ਨਹੀਂ! ਜੇਕਰ ਬਲਾਤਕਾਰ ਨਹੀਂ ਹੋਇਆ ਤਾਂ ਧਾਰਾ 376-ਡੀ ਐਫ.ਆਈ.ਆਰ. ਵਿਚ ਕਿਉਂ ਲਗਾਈ ਗਈ ਹੈ। ਉਹਨਾਂ ਲੜਕੀ ਦੀ ਪਹਿਚਾਨ ਉਜਾਗਰ ਕਰਨ ਲਈ ਭਾਜਪਾ ਆਈ.ਟੀ. ਸੈਲ ਦੇ ਪ੍ਰਧਾਨ ਖਿਲਾਫ ਵੀ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਅਤੇ ਕਿਹਾ ਕਿ ਜੇਕਰ ਇੰਨੀ ਘਿਣੌਨੀ ਵਾਰਦਾਤ ਤੋਂ ਬਾਅਦ ਵੀ ਯੂ.ਪੀ. ਦੇ ਮੁੱਖ ਮੰਤਰੀ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਚੁੱਪੀ ਤੋੜਨ ਵਿਚ ਕਈ ਦਿਨ ਲਗਾ ਦਿੰਦੇ ਹਨ ਤਾਂ ਸਪਸ਼ਟ ਹੈ ਕਿ ਕੇਂਦਰ ਅਤੇ ਸੂਬੇ ਦੀ ਸਰਕਾਰ ਪੀੜ•ਤ ਪਰਿਵਾਰ ਨੂੰ ਨਿਆ ਦੇਣ ਦੇ ਯੋਗ ਨਹੀਂ ਹੈ। ਆਪ ਆਗੂ ਨੇ ਕਿਹਾ ਕਿ ਜਦੋਂ ਤੱਕ ਸਾਰੇ ਦੋਸ਼ੀਆਂ ਨੂੰ ਫਾਂਸੀ ਦੀ ਸਜਾ ਨਹੀਂ ਹੋਵੇਗੀ ਇਸ ਸੰਘਰਸ਼ ਨੂੰ ਜਾਰੀ ਰੱਖਿਆ ਜਾਵੇਗਾ।

ਇਸ ਮੌਕੇ ਐਡਵੋਕੇਟ ਕਸ਼ਮੀਰ ਸਿੰਘ ਮੱਲੀ, ਮੈਡਮ ਲਲਿਤ, ਰਿਟਾ. ਪ੍ਰਿੰਸੀਪਲ ਹਰਮੇਸ਼ ਪਾਠਕ, ਸ਼ੀਤਲ ਸਿੰਘ ਪਲਾਹੀ, ਵਿੱਕੀ ਸਿੰਘ, ਹਰਪਾਲ ਸਿੰਘ, ਵਿਨੋਦ ਭਾਸਕਰ, ਨਰੇਸ਼ ਸ਼ਰਮਾ, ਜਸਵੀਰ ਕੋਕਾ, ਅਵਤਾਰ ਬਿੱਲਾ, ਗੁਰਪ੍ਰੀਤ ਸਿੰਘ, ਅਵਤਾਰ ਕਜਲਾ, ਹਰਬੰਸ ਲਾਲ, ਮੈਡਮ ਪੁਸ਼ਪਿੰਦਰ, ਪ੍ਰੀਆ ਸੰਤੋਸ਼, ਮਨਜੀਤ ਕੌਲ, ਸੰਜੀਵ ਕੌਲ, ਰਾਜਕੁਮਾਰ, ਗੁਲਸ਼ਨ, ਲੇਖਰਾਜ, ਵਿਸ਼ਾਲ, ਅਸ਼ੋਕ ਸਲਹੋਤਰਾ, ਅਨੀਤਾ, ਜਿੰਦਰ, ਸਰੂਪ ਲਾਲ, ਰਾਮ ਸਰਨ, ਸੋਹਨ ਲਾਲ, ਮੋਹਨ ਲਾਲ ਆਦਿ ਹਾਜਰ ਸਨ।

## ਔਕਲੈਂਡ ਖੇਤਰ ਦੇ ਵਿਚ ਬੁੱਧਵਾਰ ਅੱਧੀ ਰਾਤ ਤੋਂ ਕਰੋਨਾ ਰੋਕਥਾਮ ਸ਼ਰਤਾਂ ਦਾ ਪੱਧਰ 2 ਤੋਂ ਖਿਸਕ ਕੇ 1 ਹੋ ਜਾਵੇਗਾ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਇਸ ਵੇਲੇ 102 ਦਿਨਾਂ ਬਾਅਦ ਕਰੋਨਾ ਵਾਇਰਸ ਦੇ ਦੂਸਰੀ ਵਾਰ 11 ਅਗਸਤ ਨੂੰ ਹੋਏ ਦਾਖਲੇ ਖੰਗਾਲਣ ਅਤੇ ਖਤਮ ਕਰਨ ਉਤੇ ਲੱਗਿਆ ਹੋਇਆ ਹੈ। ਰੋਜ਼ਾਨਾ ਕੋਈ ਨਾ ਕੋਈ ਨਵਾਂ ਕੇਸ ਤਾਂ ਆ ਰਿਹਾ ਹੈ ਪਰ ਫਿਰ ਵੀ ਅੰਤਰਰਾਸ਼ਟਰੀ ਬਾਰਡਰ ਵਿਦੇਸ਼ੀ ਲੋਕਾਂ ਲਈ ਬੰਦ ਹੋਣ ਕਰਕੇ ਕਰੋਨਾ ਵਾਇਰਸ ਦਾ ਖੁੱਲ੍ਹਾ ਦਾਖਲਾ ਬੰਦ ਹੈ। ਅੱਜ ਦੇਸ਼ ਦੀ ਪ੍ਰਧਾਨ ਮੰਤਰੀ ਨੇ ਕਰੋਨਾ ਬਾਰੇ ਅੱਪਡੇਟ ਕਰਦਿਆਂ ਦੱਸਿਆ ਕਿ ਕਰੋਨਾ ਦੇ ਉਤੇ ਹੁਣ ਤੱਕ ਦੇ ਨਿਯੰਤਰਣ ਨੂੰ ਵੇਖਦਿਆਂ ਔਕਲੈਂਡ ਖੇਤਰ ਦੇ ਵਿਚ ਚੱਲ ਰਿਹਾ ਕਰੋਨਾ ਰੋਕਥਾਮ ਸ਼ਰਤਾਂ ਦਾ ਪੱਧਰ ਬੁੱਧਵਾਰ ਅੱਧੀ ਰਾਤ ਤੋਂ 2 ਤੋਂ ਖਿਸਕ ਕੇ 1 ਹੋ ਜਾਵੇਗਾ। ਸਿਹਤ ਵਿਭਾਗ ਦਾ ਮੰਨਣਾ ਹੈ ਕਿ ਨਵਾਂ ਪੈਦਾ ਹੋਇਆ ਕਲੱਸਟਰ ਹੁਣ 95% ਤੱਕ ਸਮਾਪਤ ਕਰ ਦਿੱਤਾ ਗਿਆ ਹੈ। ਦੇਸ਼ ਦਾ ਬਾਕੀ ਹਿੱਸਾ 22 ਸਤੰਬਰ ਤੋਂ ਅਲਰਟ ਲੈਵਲ 1 'ਤੇ ਪਹਿਲਾਂ ਹੀ ਚੱਲ ਰਿਹਾ ਹੈ ਅਤੇ ਉਹ ਉਵੇਂ ਬਰਕਰਾਰ ਰਹੇਗਾ। ਪੱਧਰ-1 ਹੋਣ ਉਤੇ ਲੋਕਾਂ ਨੂੰ ਜਨਤਕ ਇਕੱਠ ਕਰਨ ਵਾਸਤੇ ਕੋਈ ਸੀਮਾ ਨਹੀਂ ਰਹੇਗੀ। ਜਨਤਕ ਟਰਾਂਸਪੋਰਟ ਦੇ ਵਿਚ ਮਾਸਕ ਪਹਿਨਣਾ ਲਾਜ਼ਮੀ ਨਹੀਂ ਰਹੇਗਾ। ਸੁਰੱਖਿਆ ਵਾਸਤੇ ਮਾਸਕ ਪਹਿਨਿਆ ਜਾ ਸਕੇਗਾ। ਦਫ਼ਤਰਾਂ, ਰੈਸਟੋਰੈਂਟਾਂ ਤੇ ਬਾਰਾਂ ਵਿਚੋਂ ਸਮਾਜਿਕ ਦੂਰੀ ਬਣਾ ਕੇ ਰੱਖਣ ਦੀ ਸ਼ਰਤ ਹਟਾ ਲਈ ਜਾਵੇਗੀ। ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਸਚੇਤ ਰਹਿਣ ਦੀ ਅਪੀਲ ਕੀਤੀ ਹੈ ਅਤੇ ਵਾਰ-ਵਾਰ ਸਾਬਣ ਨਾਲ ਹੱਥ ਧੋ ਕੇ ਸਾਫ ਰੱਖੋ, ਥੋੜ੍ਹਾ ਜਿੰਨਾ ਵੀ ਬਿਮਾਰ ਹੋਣ 'ਤੇ ਘਰ ਰਹੋ, ਕਿਤੇ ਜਾਓ ਤਾਂ ਉਸ ਥਾਂ ਜਾ ਕੇ ਕਿਊ.ਆਰ. ਕੋਡ ਸਕੈਨ ਕਰੋ ਅਤੇ ਕਰੋਨਾ ਦਾ ਲੱਛਣ ਮਹਿਸੂਲ ਹੋਣ ਤੇ ਤੁਰੰਤ ਕਰੋਨਾ ਟੈਸਟ ਕਰਵਾਓ। ਉਨ੍ਹਾਂ ਸਪਸ਼ਟ ਕੀਤਾ ਕਿ ਕਰੋਨਾ ਪੱਧਰ-1 ਦਾ ਮਤਲਬ ਇਹ ਨਹੀਂ ਕਿ ਕੋਵਿਡ-19 ਨਿਊਜ਼ੀਲੈਂਡ ਤੋਂ ਬਾਹਰ ਹੋ ਗਿਆ ਹੈ। ਔਕਲੈਂਡ ਕਲੱਸਟਰ ਦੇ ਵਿੱਚ 10 ਦਿਨਾਂ ਤੋਂ ਕੋਈ ਨਵਾਂ ਕੇਸ ਨਹੀਂ ਆਇਆ ਅਤੇ ਪਿਛਲੇ ਦੋ ਹਫ਼ਤਿਆਂ ਵਿੱਚ ਸਿਰਫ਼ 1 ਕੇਸ ਹੀ ਆਇਆ ਸੀ। 179 ਲੋਕਾਂ ਵਿਚ ਕਰੋਨਾ ਫੈਲਾਉਣ ਵਾਲੇ ਕਲੱਸਟਰ ਵਿਚੋਂ ਸਿਰਫ਼ 5 ਵਿਅਕਤੀ ਕੋਵਿਡ -19 ਤੋਂ ਅਜੇ ਠੀਕ ਨਹੀਂ ਹੋਏ ਹਨ। ਇਹ ਕਲੱਟਰ ਕਿੱਥੋਂ ਆਇਆ ਅਜੇ ਤੱਕ ਪਤਾ ਨਹੀਂ ਲੱਗਾ। ਉਨਾਂ ਨੇ ਕਿਹਾ ਕਿ ਕਾਰੋਬਾਰੀਆਂ ਨੂੰ ਹਾਲੇ ਵੀ ਅਲਰਟ ਲੈਵਲ 1 ਉੱਤੇ ਕਿਊ. ਆਰ. ਕੋਡ ਪ੍ਰਦਰਸ਼ਿਤ ਕਰਨ ਦੀ ਜ਼ਰੂਰਤ ਹੈ। ਨਿਊਜ਼ੀਲੈਂਡ ਵਿੱਚ ਦਾਖ਼ਲ ਹੋਣ ਵਾਲੇ ਵਿਦੇਸ਼ੀ ਲੋਕਾਂ ਲਈ ਸਰਹੱਦਾਂ 'ਤੇ ਪਾਬੰਦੀਆਂ ਰਹਿਣਗੀਆਂ ਅਤੇ ਹਰੇਕ ਨੂੰ 14 ਦਿਨਾਂ ਲਈ ਮੈਨੇਜਡ ਆਈਸੋਲੇਸ਼ਨ ਵਿਚ ਰਹਿਣਾ ਪਵੇਗਾ। ਨਿਊਜ਼ੀਲੈਂਡ ਦੇ ਵਿਚ ਇਸ ਵੇਲੇ ਕਰੋਨਾ ਵਾਇਰਸ ਨਾਲ ਪੀੜਤ ਲੋਕਾਂ ਦੀ ਗਿਣਤੀ 40 ਹੈ।

## ਯੂ.ਪੀ. ਦੇ ਹਾਥਰਸ ਵਿਖੇ ਸਮੂਹਿਕ ਜਬਰ ਜਨਾਹ ਤੇ ਹੱਤਿਆ ਖਿਲਾਫ ਰੋਸ ਵਿਖਾਵਾ

**ਕਪੂਰਥਲਾ–** ਬਹੁਜਨ ਕ੍ਰਾਂਤੀ ਮੋਰਚਾ, ਭਾਰਤ ਮੁਕਤੀ ਮੋਰਚਾ, ਅੰਜੂਮਨ ਇਸਲਾਮੀਆ ਪੰਜਾਬ, ਭਗਵਾਨ ਵਾਲਮੀਕ ਵੈਲਫੇਅਰ ਸੰਘ, ਡਾ. ਅੰਬੇਡਕਰ ਮੂਲ ਨਿਵਾਸੀ ਮਹਾਂ ਸੰਘ, ਤਿੰਨ ਰਤਨ ਮਿਸ਼ਨ, ਐਸ. ਸੀ. ਬੀ. ਸੀ. ਮੁਲਾਜ਼ਮ, ਲੋਕ ਏਕਤਾ ਮੰਚ, ਦਰਜਾ ਚਾਰ ਇੰਪਲਾਈਜ਼ ਯੂਨੀਅਨ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਆਦਿ ਸੰਗਠਨਾਂ ਵੱਲੋਂ ਸਾਂਝੇ ਤੌਰ ਤੇ ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਹਾਥਰਸ ਵਿਚ ਦਲਿਤ ਲੜਕੀ ਨਾਂਲ ਵਾਪਰੀ ਸਮੂਹਿਕ ਜਬਰ ਜਨਾਹ ਤੇ ਹੱਤਿਆ ਦੀ ਘਟਨਾ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ। ਉਕਤ ਜਥੇਬੰਦੀਅ ਨਾਲ ਸਬੰਧਤ ਆਗੂਆਂ ਨੇ ਕਿਹਾ ਕਿ ਪੀੜਤ ਲੜਕੀ ਹਸਪਤਾਲ ਵਿਚ ਤੜਫਦੀ ਰਹੀ ਪਰ ਭਾਜਪਾ ਦੀ ਯੋਗੀ ਸਰਕਾਰ ਨੇ ਉਸ ਸਮੇਂ ਮਾਮਲਾ ਦਰਜ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ ਤੇ ਬਿਨਾਂ ਮਾਪਿਆਂ ਦੀ ਮਨਜ਼ੂਰੀ ਤੋਂ ਮ੍ਰਿਤਕ ਲੜਕੀ ਦਾ ਸੰਸਕਾਰ ਕਰ ਦਿੱਤਾ ਗਿਆ, ਜੋ ਕਿ ਸੰਵਿਧਾਨ ਤੇ ਲੋਕਤੰਤਰ ਦੀ ਹੱਤਿਆ ਹੈ। ਉਹਨਾਂ ਕਿਹਾ ਕਿ ਅਜੇ ਉਕਤ ਮਾਮਲਾ ਸ਼ਾਂਤ ਨਹੀਂ ਸੀ ਹੋਇਆ ਤਾਂ ਯੂ. ਪੀ. ਦੇ ਬਲਰਾਮਪਰ ਵਿਚ ਇਕ ਹੋਰ ਲੜਕੀ ਨਾਲ ਜਬਰ ਜਿਨਾਹ ਦੀ ਘਟਨਾ ਵਾਪਰ ਗਈ। ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਵੱਖ-ਵੱਖ ਮੰਗਾਂ ਨੂੰ ਲੈ ਕੇ ਸਰਕਾਰ ਦੇ ਨਾਂ ਤਹਿਸੀਲਦਾਰ ਮਨਬੀਰ ਸਿੰਘ ਢਿੱਲੋਂ ਨੂੰ ਮੰਗ ਪੱਤਰ ਵੀ ਦਿੱਤਾ ਗਿਆ। ਇਸ ਮੌਕੇ ਰਕੇਸ਼ ਸੱਭਰਵਾਲ, ਨਰਿੰਦਰਜੀਤ ਸਿੰਘ, ਕੁਸ਼ਲ ਕੁਮਾਰ, ਗੋਪਾਲ ਰਾਏ, ਨਰਿੰਦਰ ਸਿੰਘ ਖੁਸਰੋਪੁਰ, ਮੰਗਤ ਰਾਮ, ਸਵਾਮੀ ਰਾਜਪਾਲ, ਦੀਪਕ ਖੋਸਲਾ, ਰਕੇਸ਼ ਨਾਹਰ, ਹਰਿੰਦਰ ਸ਼ੀਤਲ, ਮੁਹੰਮਦ ਯੂਨਸ ਅਨਸਾਰੀ, ਰਜਿੰਦਰ ਸਿੰਘ, ਕੁਲਵੰਤ ਸਿੰਘ, ਲਖਬੀਰ ਸਿੰਘ, ਬਲਦੇਵ ਰਾਜ ਅਟਵਾਲ, ਰਾਜ ਕਲਿਆਣ, ਰਾਜਪਾਲ ਨਾਹਰ, ਬੀਰ ਸਿੰਘ, ਬਲਵਿੰਦਰ ਮਸੀਹ, ਪਲਵਿੰਦਰ ਸਹੋਤਾ, ਸਰਬਜੀਤ ਸਿੰਘ ਬਾਠ, ਬਲਦੇਵ ਸਿੰਘ ਸਿੱਧੂ, ਮਨੋਜ ਨਾਹਰ, ਅਮਰੀਕ ਸਿੰਘ, ਹਰਜਿੰਦਰ ਹੈਰੀ, ਸ਼ਾਮ ਸੁੰਦਰ, ਸੁਰਿੰਦਰਪਾਲ, ਮੁਹੰਮਦ ਸਰਫਰਾਜ ਤੇ ਹੋਰ ਵੀ ਹਾਜ਼ਰ ਸਨ।







ਦਲਿਤ ਸੋਸ਼ਿਤ ਸਮਾਜ ਦੇ ਮਸੀਹਾ, ਬਹੁਜਨ ਸਮਾਜ ਦੇ ਮਾਰਗ ਦਰਸ਼ਕ, 20ਵੀਂ ਸਦੀ ਦੇ ਯੁਗ ਪੁਰਸ਼, ਬਹੁਜਨਾਂ ਦੇ ਮਹਾਂ ਨਾਇਕ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਜੀ ਦੇ ਪ੍ਰੀ ਨਿਰਵਾਣ ਮੌਕੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਅਦਾਰਾ ਹਫਤਾਵਾਰੀ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਕੈਲੀਫੋਰਨੀਆਂ (ਅਮਰੀਕਾ) ਵੱਲੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਸੰਬੰਧੀ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤਾ ਜਾ ਰਿਹਾ। ਇਸ ਲਈ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਧੰਨਵਾਦ ਦੇ ਪਾਤਰ ਹਨ। ਸਾਹਿਬ ਕਾਂਸ਼ੀ ਰਾਮ ਜੀ ਨੇ ਬਾਬਾ ਸਾਹਿਬ ਦੇ ਕਾਰਵਾਂ ਨੂੰ ਮੰਜ਼ਲ- ਇ- ਮਕਸੂਦ ਪੁਚਾਉਣ ਲਈ ਆਪਣੀ ਸਮੁੱਚੀ ਜ਼ਿੰਦਗੀ ਸਮਰਪਿਤ ਕਰਕੇ ਅਣਗੌਲੇ ਸਮਾਜ ਅੰਦਰ ਨਾ ਸਿਰਫ ਰਾਜਨੀਤਕ ਚੇਤਨਾ ਪੈਦਾ ਕਰ ਦਿੱਤੀ ਬਲਕਿ ਗੰਗਾ ਜਮੁਨਾ ਦੀ ਧਰਤੀ ਤੇ ਦੇਸ਼ ਦੇ ਸੱਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਵਿਚ ਬਹੁਜਨ ਸਮਾਜ ਪਾਰਟੀ ਦੀ ਸਰਕਾਰ ਚਾਰ ਵਾਰ ਸਰਕਾਰ ਬਨਾਉਣ ਦਾ ਬਾਨਣੂ ਬੰਨ੍ਹਿਆ।



ਉਹਨਾਂ ਨੇ ਆਪਣੀ ਕਰੜੀ ਮਿਹਨਤ, ਸਮਰਪਿਤ ਭਾਵਨਾ ਤੇ ਦਿਆਨਤਦਾਰੀ ਨਾਲ ਦੇਸ਼ ਵਿਚ ਤੀਜੀ ਵੱਡੀ ਮਾਣਤਾ ਪਰਾਪਤ ਪਾਰਟੀ ਸਥਾਪਤ ਕਰ ਦਿੱਤੀ। ਉਹਨਾਂ ਦਾ ਮੁੱਖ ਉਦੇਸ਼ ਸਮਾਜਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਤਹਿਤ ਗੁਰੂਆਂ ਦੀ ਸੋਚ ਦਾ ਬੇਗਮ ਪੁਰਾ ਵਸਾਉਣਾ ਤੇ ਗਰੀਬ ਗੁਰਬਿਆਂ ਨੂੰ ਪਾਤਸ਼ਾਹ ਬਨਾਉਣਾ ਰਿਹਾ ਹੈ। ਉਹਨਾਂ ਦੇ ਅਧੂਰੇ ਸੁਪਨੇ ਪੂਰਾ ਕਰਨਾ ਤੇ ਬਹੁਜਨ ਸਮਾਜ ਨੂੰ ਹੁਕਮਰਾਨ ਸਮਾਜ ਬਣਾਉਣਾ ਹੀ ਉਹਨਾਂ ਲਈ ਸੱਚੀ ਸ਼ਰਧਾਂਜਲੀ ਹੋਵੇਗੀ ।



**ਜਸਵੀਰ ਸਿੰਘ ਗੜ੍ਹੀ**
**ਪਰਧਾਨ**
**ਬਹੁਜਨ ਸਮਾਜ ਪਾਰਟੀ ਪੰਜਾਬ**

**ਲਾਲ ਸਿੰਘ ਸੁਲਹਾਣੀ**
**ਜਨਰਲ ਸਕੱਤਰ**
**ਬਹੁਜਨ ਸਮਾਜ ਪਾਰਟੀ ਪੰਜਾਬ**


# Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Dharminder Singh

**Call : Dharminder Singh**

Cell : 530-870-6600 Fax : (530) 870-1429

532, Houston St.

West Sacramento, CA 95691

Email: myfuturetruck@gmail.com

# ਉੱਤਰ ਪ੍ਰਦੇਸ਼ ਵਿੱਚ ਜੰਗਲ ਰਾਜ ਰੋਕਿਆ ਜਾਵੇ

## ਡਿਪਟੀ ਕਮਿਸ਼ਨਰ ਰਾਹੀ ਭਾਰਤ ਦੇ ਰਾਸ਼ਟਰਪਤੀ ਨੂੰ ਸੌਂਪਿਆ ਮੰਗ ਪੱਤਰ

**ਜਲੰਧਰ (ਤਰਸੇਮ ਜਲੰਧਰੀ)–** ਪੰਜਾਬ ਦੀਆਂ ਅੰਬੇਡਕਰਵਾਦੀ ਸੰਗਠਨਾਂ, ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰੂਜਬ ਯੂਨਿਟ, ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਅਤੇ ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ ਨੇ ਐਡੀਸ਼ਨਲ ਡਿਪਟੀ ਕਮਿਸ਼ਨਰ ਜਲੰਧਰ ਸ੍ਰੀ ਜਸਬੀਰ ਸਿੰਘ ਦੁਆਰਾ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਸ੍ਰੀ ਰਾਮ ਨਾਥ ਕੋਵਿੰਦ ਨੂੰ ਇੱਕ ਮੰਗ ਪੱਤਰ ਸੌਂਪਿਆ. ਅੰਬੇਡਕਰਵਾਦੀ ਸੰਗਠਨਾਂ ਨੇ ਮਹਿਸੂਸ ਕੀਤਾ ਹੈ ਕਿ ਗਰੀਬ ਲੋਕਾਂ–ਦਲਿਤਾਂ 'ਤੇ ਹੋਈਆਂ ਬੇਰਹਿਮੀਆਂ ਨੇ ਸਾਰੀ ਅਣਮਨੁੱਖਤਾ ਨੂੰ ਪਛਾੜ ਕੇ ਰੱਖ ਦਿੱਤਾ ਹੈ। ਉੱਤਰ ਪ੍ਰਦੇਸ਼ ਰਾਜ, ਜ਼ੁਲਮ ਦਾ ਇੱਕ ਕੇਂਦਰ ਬਣ ਗਿਆ ਹੈ, ਜਿਥੇ ਪੁਲਿਸ, ਜਿਸ ਤੋਂ ਕਾਨੂੰਨੀ ਅਤੇ ਨੈਤਿਕ ਤੌਰ ਤੇ ਨਿਆਂਇਕ ਕਾਰਵਾਈ ਦੀ ਉਮੀਦ ਕੀਤੀ ਜਾਂਦੀ ਹੈ, ਜਾਂ ਤਾਂ ਉਹ ਅਪਰਾਧੀਆਂ ਨਾਲ ਜੁੜੇ ਹੋਏ ਹਨ ਜਾਂ ਉਨ੍ਹਾਂ ਦੇ ਜੁਰਮ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਨਾਲ ਨਾ ਸਿਰਫ ਅਪਰਾਧੀਆਂ ਨੂੰ ਉਤਸ਼ਾਹ ਮਿਲਿਆ ਹੈ ਬਲਕਿ ਸਥਿਤੀ ਨੂੰ



ਹੋਰ ਵੀ ਬਦ ਤੋਂ ਬਦਤਰ ਬਣਾ ਦਿੱਤਾ ਹੈ। ਅੰਬੇਡਕਰਵਾਦੀ ਸੰਗਠਨਾਂ ਨੇ ਮਾਣਯੋਗ ਰਾਸ਼ਟਰਪਤੀ ਨੂੰ ਕਿਹਾ ਕਿ ਤੁਸੀਂ ਸੰਵਿਧਾਨ ਦੇ ਰੱਖਿਅਕ ਹੋ. ਹਾਥਰਸ ਦੀ ਦਲਿਤ ਲੜਕੀ ਮਨੀਸ਼ਾ ਨਾਲ ਜੋ ਕੁਝ ਕੀਤਾ ਗਿਆ, ਉਹ ਇਸਦਾ ਇਕ ਨਮੂਨਾ ਹੈ ਕਿ ਦਲਿਤ ਕਿੰਨੇ ਅਸੁਰੱਖਿਅਤ ਹਨ ਅਤੇ ਉਨ੍ਹਾਂ ਨੂੰ ਅਪਰਾਧੀਆਂ ਦੇ ਰਹਿਮ 'ਤੇ ਛੱਡ ਦਿੱਤਾ ਗਿਆ ਹੈ।

ਇਸ ਕੇਸ ਵਿਚ ਪੁਲਿਸ ਦਾ ਰਵੱਈਆ ਅਤੇ ਵਤੀਰਾ ਨਿੰਦਣਯੋਗ ਹੀ ਨਹੀਂ ਬਲਕਿ ਸ਼ਰਮਨਾਕ ਵੀ ਹੈ ਕਿਉਂਕਿ ਅਪਰਾਧੀਆਂ ਨੂੰ ਲਾਭ ਪਹੁੰਚਾਉਣ ਲਈ ਬਹੁਤ ਦਿਨਾਂ ਤੋਂ ਪੁਲਿਸ ਨੇ ਕੇਸ ਦੀ ਸਹੀ ਜਾਂਚ ਨਹੀਂ ਕੀਤੀ ਸਗੋਂ ਜਾਂਚ ਕਰਨ ਵਿਚ ਦੇਰੀ ਵੀ ਕੀਤੀ. ਉਨ੍ਹਾਂ ਨੇ ਮਾਣਯੋਗ ਰਾਸ਼ਟਰਪਤੀ ਨੂੰ ਬੇਨਤੀ ਕੀਤੀ ਕਿ ਉਹ ਕਿਰਪਾ ਕਰਕੇ ਦਖਲਅੰਦਾਜ਼ੀ ਕਰਨ ਤਾਂ ਜੋ ਉੱਤਰ ਪ੍ਰਦੇਸ਼ ਵਿੱਚ ਪ੍ਰਚਲਿਤ 'ਜੰਗਲ ਰਾਜ' ਨੂੰ ਰੋਕਿਆ ਜਾ ਸਕੇ. ਅੰਬੇਡਕਰਵਾਦੀ ਸੰਗਠਨਾਂ ਨੇ ਕਿਹਾ ਕਿ ਅਸੀਂ ਮਾਣਯੋਗ ਰਾਸ਼ਟਰਪਤੀ ਦੇ ਦਿਆਲੂ ਧਿਆਨ ਵਿਚ ਲਿਆਉਣਾ ਚਾਹੁੰਦੇ ਹਾਂ ਕਿ ਭਾਰਤ ਦੇ ਸੰਵਿਧਾਨ ਦਾ ਆਰਟੀਕਲ 46 ਪ੍ਰਦਾਨ ਕਰਦਾ ਹੈ, "... ਰਾਜ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ–ਜਾਤੀਆਂ ਨੂੰ ਸਮਾਜਿਕ ਬੇਇਨਸਾਫੀ ਅਤੇ ਹਰ ਤਰ੍ਹਾਂ ਦੇ ਸ਼ੋਸ਼ਣ ਤੋਂ ਬਚਾਏਗਾ।" ਇਸ ਲਈ ਸੰਵਿਧਾਨਕ ਅਤੇ ਨੈਤਿਕ ਤੌਰ 'ਤੇ ਮਾਮਲੇ ਵਿਚ ਤੁਰੰਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ. ਇਸ ਮੌਕੇ ਅੰਬੇਡਕਰਵਾਦੀ ਸੰਗਠਨਾਂ ਦੇ ਨੁਮਾਇੰਦੇ ਐਲ ਆਰ ਬਾਲੀ, ਡਾ: ਜੀ ਸੀ ਕੌਲ, ਸੋਹਣ ਲਾਲ ਡੀ ਪੀ ਆਈ ਕਾਲਜਿਜ਼ (ਰਿਟਾ.), ਮੈਡਮ ਸੁਦੇਸ਼ ਕਲਿਆਣ, ਵਰਿੰਦਰ ਕੁਮਾਰ, ਬਲਦੇਵ ਰਾਜ ਭਾਰਦਵਾਜ, ਜਸਵਿੰਦਰ ਵਰਿਆਣਾ, ਹਰਭਜਨ ਦਾਸ ਸਾਂਪਲਾ ਐਡਵੋਕੇਟ ਹਾਜ਼ਰ ਸਨ।

# ਭਗਵਾਨ ਵਾਲਮੀਕਿ ਐਕਸ਼ਨ ਕਮੇਟੀ ਵਲੋਂ ਕੈਂਡਲ ਮਾਰਚ ਕੱਢ ਕੇ ਕੀਤੀ ਮਨੀਸ਼ਾ ਲਈ ਨਿਆ ਦੀ ਮੰਗ

## ਮਾਮਲੇ ਦੀ ਜਾਂਚ ਸੁਪਰੀਮ ਕੋਰਟ ਦੇ ਸਿਟਿੰਗ ਜੱਜ ਦੀ ਨਿਗਰਾਨੀ 'ਚ ਹੋਵੇ - ਮਾਨ

**ਫਗਵਾੜਾ (ਬੀ.ਕੇ.ਰੱਤੂ)** ਭਗਵਾਨ ਵਾਲਮੀਕਿ ਐਕਸ਼ਨ ਕਮੇਟੀ ਵਲੋਂ ਸ਼ਨੀਵਾਰ ਸ਼ਾਮ ਨੂੰ ਫਗਵਾੜਾ ਵਿਖੇ ਕੈਂਡਲ ਮਾਰਚ ਕੱਡ ਕੇ ਯੂ.ਪੀ. ਦੇ ਹਾਥਰਸ 'ਚ ਜਬਰ ਜਿਨਾਹ ਅਤੇ ਗੈਰ ਮਨੁੰਖੀ ਤਸੀਹਿਆਂ ਦਾ ਸ਼ਿਕਾਰ ਹੋ ਕੇ ਜਾਨ ਗੁਆਉਣ ਵਾਲੀ ਦਲਿਤ ਪਰਿਵਾਰ ਨਾਲ ਸਬੰਧਤ ਮਨੀਸ਼ਾ ਨਾਂ ਦੀ ਲੜਕੀ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਪੰਜਾਬ ਐਗਰੋ ਇੰਡਸਟ੍ਰੀਜ ਦੇ ਚੇਅਰਮੈਨ ਜੋਗਿੰਦਰ ਸਿੰਘ ਮਾਨ ਸਾਬਕਾ ਮੰਤਰੀ ਪੰਜਾਬ ਨੇ ਕਿਹਾ ਕਿ ਹਾਥਰਸ ਦੀ ਘਟਨਾ ਬਹੁਤ ਹੀ ਮੰਦਭਾਗੀ ਅਤੇ ਦੇਸ਼ ਭਰ ਦੇ ਦਲਿਤ ਸਮਾਜ ਨੂੰ ¥ਆਹਤ ਕਰਨ ਵਾਲੀ ਹੈ। ਉਹਨਾਂ ਕਿਹਾ ਕਿ ਇਸ ਮਾਮਲੇ ਵਿਚ ਪੀੜਤ ਪਰਿਵਾਰ ਨੂੰ ਡਰਾਉਣ ਧਮਕਾਉਣ ਅਤੇ ਮਨੀਸ਼ਾ ਦੀ ਲਾਸ਼ ਨੂੰ ਰਾਤ



ਦੇ ਹਨੇਰੇ ਵਿਚ ਸਾੜ ਕੇ ਸਬੂਤਾਂ ਨਾਲ ਛੇੜਛਾੜ ਕਰਨ ਵਾਲੇ ਡੀ.ਐਮ. ਖਿਲਾਫ ਯੂ.ਪੀ. ਦੀ ਯੋਗੀ ਸਰਕਾਰ ਵਲੋਂ ਕੋਈ ਕਾਰਵਾਈ ਨਾ ਕਰਨਾ ਸਰਕਾਰ ਦੀ ਮੰਸ਼ਾ ਪ੍ਰਤੀ ਸਵਾਲ ਖੜੇ ਕਰਦਾ ਹੈ। ਬੇਸ਼ਕ ਯੋਗੀ ਸਰਕਾਰ ਨੇ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦਾ ਐਲਾਨ ਕੀਤਾ ਹੈ ਪਰ ਸੀ.ਬੀ.ਆਈ. ਕੇਂਦਰ ਸਰਕਾਰ ਦੇ ਅਧੀਨ ਹੈ ਇਸ ਲਈ ਸੀ.ਬੀ.ਆਈ. ਤੋਂ ਵੀ ਇਨਸਾਫ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਉਹਨਾਂ ਮੰਗ ਕੀਤੀ ਕਿ ਇਸ ਸਾਰੇ ਮਾਮਲੇ ਦੀ ਸੁਪਰੀਮ ਕੋਰਟ ਦੇ ਸਿਟਿੰਗ ਜੱਜ ਦੀ ਨਿਗਰਾਨੀ ਹੇਠ ਨਿਰਪੱਖ ਅਤੇ ਡੂੰਘਾਈ ਨਾਲ ਜਾਂਚ ਕਰਵਾ ਕੇ ਹਰ ਦੋਸ਼ੀ ਨੂੰ ਸਖਤ ਸਜਾ ਦੇਣਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਕ੍ਰਿਸ਼ਨ ਕੁਮਾਰ ਹੀਰੋ, ਧਰਮਵੀਰ ਸੇਠੀ, ਸਤਪਾਲ ਮੱਟੂ, ਸਤੀਸ਼ ਸਲਹੋਤਰਾ, ਤੁਲਸੀ ਰਾਮ ਖੋਸਲਾ, ਰਾਜੂ ਪੰਚ ਭੂਲਾਰਾਈ, ਮਨਜੋਤ ਸਿੰਘ, ਅਸ਼ਵਨੀ ਬਘਾਨੀਆ ਆਦਿ ਹਾਜਰ ਸਨ।

# ਸਾਹਿਤ ਸਭਾ ਨੇ ਹਾਥਰਸ ਘਟਨਾ ਤੇ ਪ੍ਰਗਟਾਇਆ ਜ਼ੋਰਦਾਰ ਰੋਸ

ਪੰਜਾਬੀ ਸਾਹਿਤ ਸਭਾ (ਰਜਿ.) ਹੁਸ਼ਿਆਰਪੁਰ ਨੇ ਯੂ.ਪੀ. ਦੇ ਹਾਥਰਸ ਨਗਰ ਵਿਚ ਧੀ ਮਨੀਸ਼ਾ ਨਾਲ ਵਾਪਰੀ ਘਟਨਾ ਨੂੰ ਲੈ ਕੇ ਜ਼ੋਰਦਾਰ ਢੰਗ ਨਾਲ ਰੋਸ ਪ੍ਰਗਟਾਇਆ ਹੈ।ਸਭਾ ਦੇ ਪ੍ਰਧਾਨ ਮਦਨ ਵੀਰਾ ਅਤੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਸਾਂਝੇ ਬਿਆਨ ਵਿਚ ਕਿਹਾ ਕਿ ਦਰਿੰਦਿਆਂ ਵਲੋਂ ਮਨੀਸ਼ਾ ਨਾਲ ਰੇਪ ਉਪਰੰਤ ਜੀਭ ਕੱਟਣਾ ਅਤੇ ਰੀੜ ਦੀ ਹੱਡੀ ਤੋੜ ਦੇਣ ਦੀ ਘਟਨਾ ਨੇ ਸਾਰੇ ਸਮਾਜ ਨੂੰ ਸ਼ਰਮਸ਼ਾਰ ਕਰ ਦਿੱਤਾ



ਹੈ।ਲਗਾਤਾਰ ਵਾਪਰ ਰਹੀਆਂ ਰੇਪ ਦੀਆਂ ਘਟਨਾਵਾਂ ਤੋਂ ਪਤਾ ਲਗਦਾ ਹੈ ਕਿ ਯੂ.ਪੀ. ਵਿਚ ਸ਼ਾਸਨ ਅਤੇ ਪ੍ਰਸ਼ਾਸਨ ਦਾ ਰੋਲ ਕਿੰਨਾ ਨਖਿਧ ਹੈ। ਥਾਂ–ਥਾਂ ਤੇ ਦਲਿਤਾਂ, ਘੱਟ ਗਿਣਤੀਆਂ ਅਤੇ ਮਜਦੂਰਾਂ–ਕਿਸਾਨਾਂ ਨਾਲ ਹੋ ਰਹੇ ਧੱਕੇ ਲਈ

ਮੋਦੀ–ਜੋਗੀ ਦੀ ਸਰਕਾਰ ਜਿੰਮੇਵਾਰ ਹੈ।ਦੇਸ਼ ਵਿਚ ਧਾਰਮਿਕ ਸੰਕੀਰਤਾ, ਅਸਹਿਣਸ਼ੀਲਤਾ ਅਤੇ ਕੱਟੜਵਾਦ ਨਾਲ ਹੱਕ–ਹਕੂਕ ਲਈ ਉੱਠੀ ਅਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਉਨ੍ਹਾਂ ਨੇ ਯੂ.ਪੀ. ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਵਲੋਂ ਔਰਤਾਂ ਖ਼ਾਸ ਕਰਕੇ ਬੱਚੀਆਂ ਦੀ ਸੁਰੱਖਿਆ ਦਾ ਪ੍ਰਬੰਧ ਨਾ ਕਰਨ, ਮਨੀਸ਼ਾ ਨਾਲ ਵਾਪਰੀ ਘਟਨਾ ਦੇ ਚੌਦਾਂ ਦਿਨ ਬਾਅਦ ਰਿਪੋਰਟ ਦਰਜ ਕਰਨ, ਅੱਧੀ ਰਾਤ ਨੂੰ ਬਿਨ੍ਹਾ ਮਨੀਸ਼ਾ ਦੇ ਪਰਿਵਾਰ ਨੂੰ ਉਸ ਦਾ ਮੂੰਹ ਦਿਖਾਇਆਂ ਸਸਕਾਰ ਕਰਨ ਦੀ ਜ਼ੋਰਦਾਰ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਸਾਹਿਤ ਸਭਾ ਵਲੋਂ ਸਮਾਜ ਸੇਵੀ ਅਤੇ ਅਗਾਂਹਵਧੂ ਸੰਗਠਨਾਂ ਨਾਲ ਮਿਲ ਕੇ 5 ਅਕਤੂਬਰ ਦਿਨ ਸੋਮਵਾਰ ਨੂੰ ਮਿੰਨੀ ਸੈਕਟਰੀਏਟ ਹੁਸ਼ਿਆਰਪੁਰ ਵਿਖੇ 11.30 ਵਜੇ ਰੋਸ ਪ੍ਰਦਰਸ਼ਨ ਉਪਰੰਤ ਡੀ. ਸੀ. ਸਾਹਿਬ ਨੂੰ ਇਨ੍ਹਾਂ ਘਿਨਾਉਣੀਆਂ ਘਟਨਾਵਾਂ ਦੇ ਵਿਰੋਧ 'ਚ ਮੰਗ ਪੱਤਰ ਦਿੱਤਾ ਜਾਵੇਗਾ।ਇਸ ਮੌਕੇ ਜਸਬੀਰ ਸਿੰਘ ਧੀਮਾਨ, ਕੁਲਤਾਰ ਸਿੰਘ ਕੁਲਤਾਰ ਅਤੇ ਸੁਰਿੰਦਰ ਕੰਗਵੀ ਵੀ ਹਾਜ਼ਰ

# ਸ਼ਹੀਦ ਭਗਤ ਸਿੰਘ ਜੀ ਦਾ ਜਨਮ ਦਿਹਾੜੇ ਲੱਡੂ ਵੰਡੇ ਗਏ

**ਹੁਸ਼ਿਆਰਪੁਰ (ਬਿਊਰੋ)–** ਗੋਰਮਿੰਟ ਕਾਲਜ ਚੌਕ ਮਾਰਕਿਟ ਵਿੱਚ ਰਾਹੁਲ ਬੱਧਣ ਦੀ ਆਗਵਾਈ ਹੇਠ ਰੋਇਲ (ਰੋਅਲ ਮੋਬਲਿਏ ਹੁਬ) ਮੋਬਾਈਲ ਹੱਬ ਤੇ ਉਨ੍ਹਾਂ ਦੀ ਨੋਜਵਾਨਾਂ ਦੀ ਟੀਮ ਵਲੋਂ ਸ਼ਹੀਦ ਭਗਤ ਸਿੰਘ ਜੀ ਦਾ ਜਨਮ ਦਿਹਾੜੇ 'ਤੇ ਲੱਡੂ ਵੰਡੇ ਗਏ। ਇਸ ਮੌਕੇ ਮੁੱਖ ਮਹਿਮਾਨ ਵਜੋਂ ਬਸਪਾ ਆਗੂ ਪ੍ਰਸ਼ੋਤਮ ਅਹੀਰ ਸੱਤਪਾਲ ਭਾਰਦਵਾਜ ਜੀ ਇੰਦਰਜੀਤ ਬੱਧਣ ਜੀ, ਡਾ ਰਤਨ ਚੰਦ ਜੀ, ਅਮਰਜੀਤ ਭੱਟੀ, ਸੋਹਣ ਲਾਲ ਪੁਰਹੀਰਾਂ ਆਦਿ ਪਹੁੰਚੇ, ਇਸ ਮੌਕੇ ਪ੍ਰਸ਼ਾਸਨਿਕ ਅਧਿਕਾਰੀ ਵੀ ਮੌਜੂਦ ਸਨ ਇਸ ਮੌਕੇ ਬਸਪਾ ਆਗੂਆਂ ਨੇ ਅੱਜ ਦੇ ਹਲਾਤਾ ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਤੇ ਨੋਜਵਾਨਾਂ ਨੂੰ ਕਿਹਾ ਕਿ ਆਪਣੇ



ਹੱਕ ਹਕੂਕ ਬਹਾਲ ਕਰਵਾਉਣ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ, ਕਿਸਾਨ ਵਿਰੋਧੀ ਬਿੱਲ, ਗਰੀਬ ਗੁਰਬੇ ਤੇ ਹੋ ਰਹੇ ਅੱਤਿਆਚਾਰਾ ਨੂੰ ਨੱਥ ਪਾਉਣ ਲਈ ਬਸਪਾ ਦਾ ਰਾਜ ਲਿਆਉਣਾ ਜਰੂਰੀ ਇਸ ਬਾਰੇ ਲੰਬੀ ਚਰਚਾ ਕੀਤੀ, ਸਭ ਨੂੰ ਨੀਲੇ ਝੰਡੇ ਹੇਠ ਭੈਣ ਕੁਮਾਰੀ ਮਾਇਆਵਤੀ ਜੀ ਦੀ ਅਗਵਾਈ ਹੇਠ ਕੰਮ ਕਰਨ ਲਈ ਪ੍ਰੇਰਿਆ ਅਤੇ ਸ਼ਹੀਦ ਭਗਤ ਸਿੰਘ ਜੀ ਦੇ ਸੁਪਨੇਆ ਦਾ ਭਾਰਤ ਬਣਾਉਣ ਲਈ ਇਕਮੁੱਠ ਹੋ ਕੇ ਜ਼ੁਲਮ ਖਿਲਾਫ ਆਵਾਜ ਬੁਲੰਦ ਕਰਨ ਦੀ ਗੱਲ ਕੀਤੀ। ਇਸ ਸਮੇਂ ਪਰਮਜੀਤ, ਸੋਡੀ ਖਾਨਪੁਰੀਆ, ਬਲਵੀਰ, ਕਰਨ, ਅਰੁਣ, ਅਜੇ, ਰਣਜੀਤ, ਸਿਕੰਦਰ, ਜੱਸ ਹਰਦੀਪ ਤੇ ਹੋਰ ਸਾਥੀ ਹਾਜਰ ਸਨ।

# ਯੂਥ ਕਾਂਗਰਸ ਨੇ ਰੋਸ ਮਾਰਚ ਕਰਕੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੇ ਅਸਤੀਫੇ ਦੀ ਕੀਤੀ ਮੰਗ

**ਫਗਵਾੜਾ (ਬੀ.ਕੇ.ਰੱਤੂ)** ਯੂਥ ਕਾਂਗਰਸ ਹਲਕਾ ਵਿਧਾਨਸਭਾ ਫਗਵਾੜਾ ਵਲੋਂ ਅੱਜ ਹਲਕਾ ਪ੍ਰਧਾਨ ਕਰਮਦੀਪ ਸਿੰਘ ਕੰਮਾ ਅਤੇ ਸੰਨੀ ਸੱਲ•ਣ ਦੀ ਸਾਂਝੀ ਅਗਵਾਈ ਹੇਠ ਮੋਟਰਸਾਇਕਲਾਂ ਅਤੇ ਗੱਡੀਆਂ ਦਾ ਕਾਫਿਲਾ ਲੈ ਕੇ ਕੇਂਦਰ ਦੀ ਮੋਦੀ ਅਤੇ ਯੂ.ਪੀ. ਦੀ ਯੋਗੀ ਸਰਕਾਰ ਖਿਲਾਫ ਰੋਸ ਮਾਰਚ ਕਰਕੇ ਸਥਾਨਕ ਅਰਬਨ ਅਸਟੇਟ ਵਿਖੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਕੈਂਥ ਦੀ ਕੋਠੀ ਦਾ ਘਿਰਾਓ ਕਰਨ ਦੀ ਕੋਸ਼ਿਸ਼ ਕੀਤੀ ਗਈ। ਯੂਥ ਕਾਂਗਰਸ ਦੇ ਇਸ ਰੋਸ ਮਾਰਚ ਅਤੇ ਘਿਰਾਓ ਪ੍ਰੋਗਰਾਮ ਵਿਚ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਵੀ ਸ਼ਾਮਲ ਹੋਏ ਅਤੇ ਕਿਹਾ ਕਿ ਕਾਫਿਲੇ ਵਿਚ ਸ਼ਾਮਲ ਸੈਂਕੜੇ ਨੌਜਵਾਨਾਂ ਨੇ ਮੋਦੀ ਸਰਕਾਰ ਨੂੰ ਦੱਸ ਦਿੱਤਾ ਹੈ ਕਿ ਪੰਜਾਬ ਦਾ ਨੌਜਵਾਨ ਕਿਸਾਨਾ ਦੇ ਨਾਲ ਵੀ ਖੜਾ ਹੈ ਅਤੇ ਹਾਥਰਸ ਦੀ ਧੀ ਦੇ ਪਰਿਵਾਰ ਨੂੰ ਨਿਆ ਵੀ ਦੁਵਾ ਕੇ ਰਹੇਗਾ। ਇਸ ਦੌਰਾਨ ਕਰਮਦੀਪ ਸਿੰਘ ਕੰਮਾ ਯੂਥ ਪ੍ਰਧਾਨ ਫਗਵਾੜਾ ਨੇ ਦੱਸਿਆ ਕਿ ਅੱਜ ਦਾ ਪ੍ਰਦਰਸ਼ਨ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਹੈ। ਕਿਸਾਨਾਂ ਦੀਆਂ ਵੋਟਾਂ ਨਾਲ ਹੁਸ਼ਿਆਰਪੁਰ ਲੋਕਸਭਾ ਹਲਕੇ



ਤੋਂ ਮੈਂਬਰ ਪਾਰਲੀਮੈਂਟ ਚੁਣੇ ਗਏ ਸੋਮ ਪ੍ਰਕਾਸ਼ ਕੈਂਥ ਸੰਸਦ ਵਿਚ ਕਿਸਾਨਾ ਦੇ ਹੱਕਾਂ ਦੀ ਰਾਖੀ ਕਰਨ ਵਿਚ ਨਾਕਾਮ ਰਹੇ ਹਨ ਇਸ ਲਈ ਉਹਨਾਂ ਨੂੰ ਐਮ.ਪੀ. ਦੇ ਅਹੁਦੇ ਤੋਂ ਹੀ ਅਸਤੀਫਾ ਦੇਣਾ ਚਾਹੀਦਾ ਹੈ। ਜਦੋਂ ਨੌਜਵਾਨਾਂ ਦਾ ਕਾਫਿਲਾ ਅਰਬਨ ਅਸਟੇਟ ਗੇਟ ਤੋਂ ਪੈਦਲ ਸੋਮ ਪ੍ਰਕਾਸ਼ ਦੀ ਕੋਠੀ ਵਲ ਵਧਿਆ ਤਾਂ ਭਾਰੀ ਗਿਣਤੀ ਵਿਚ ਤਾਇਨਾਤ ਪੁਲਿਸ ਨੇ ਕਾਫਿਲੇ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। ਨੌਜਵਾਨਾ ਵਲੋਂ ਬੈਰੀਕੇਟ ਹਟਾ ਕੇ ਅੱਗੇ ਵਧਣ ਦੀ ਕੋਸ਼ਿਸ਼ ਵੀ ਕੀਤੀ ਗਈ ਜੋ ਕਿ ਸਫਲ ਨਹੀਂ ਹੋਈ। ਜਿਸ ਨਾਲ ਰੋਹ ਵਿਚ ਆਏ ਯੂਥ ਕਾਂਗਰਸੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਯੂ.ਪੀ. ਦੇ ਮੁੱਖ ਮੰਤਰੀ ਯੋਗੀ ਅਦਿਤਯ ਨਾਥ ਅਤੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਕੈਂਥ ਦਾ ਪੁਤਲਾ ਫੂਕ ਕੇ ਜੋਰਦਾਰ ਨਾਅਰੇਬਾਜੀ ਕੀਤੀ। ਇਸ ਮੌਕੇ ਮਾਰਕਿਟ ਕਮੇਟੀ ਫਗਵਾੜਾ ਦੇ ਚੇਅਰਮੈਨ ਨਰੇਸ਼ ਭਾਰਦਵਾਜ, ਸੀਨੀਅਰ ਆਗੂ ਵਿਨੋਦ ਵਰਮਾਨੀ, ਬਲਾਕ ਕਾਂਗਰਸ ਫਗਵਾੜਾ ਦੇ ਪ੍ਰਧਾਨ ਸੰਜੀਵ ਬੁੱਗਾ, ਜਿਲ•ਾ ਯੂਥ ਕਾਂਗਰਸ ਪ੍ਰਧਾਨ ਸੌਰਵ ਖੁੱਲਰ, ਸਾਬਕਾ ਕੌਂਸਲਰ ਮਨੀਸ਼ ਪ੍ਰਭਾਕਰ, ਬੰਟੀ ਵਾਲੀਆ, ਓਮ ਪ੍ਰਕਾਸ਼ ਬਿੱਟੂ ਸਮੇਤ ਵੱਡੀ ਗਿਣਤੀ ਵਿਚ ਯੂਥ ਕਾਂਗਰਸ ਵਰਕਰ ਹਾਜਰ ਸਨ।

# ਸਵਰਨ ਸਿੰਘ ਕਲਿਆਣ ਬਸਪਾ ਵਿਚ ਸ਼ਾਮਿਲ, ਬਸਪਾ ਦਾ ਕਾਫਲਾ ਮਜਬੂਤੀ ਨਾਲ ਵੱਧ ਰਿਹਾ - ਰਣਧੀਰ ਸਿੰਘ ਬੈਣੀਵਾਲ

**ਜਲੰਧਰ–** ਅੱਜ ਬਸਪਾ ਸੂਬਾ ਦਫਤਰ ਜਲੰਧਰ ਵਿਖੇ ਬਸਪਾ ਦੀ ਸੂਬਾ ਕਮੇਟੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਸ੍ਰੀ ਰਣਧੀਰ ਸਿੰਘ ਬੈਣੀਵਾਲ ਸ੍ਰੀ ਵਿਪੁਲ ਕੁਮਾਰ ਅਤੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਅਤੇ ਸਮੂਹ ਬਸਪਾ ਲੀਡਰਸ਼ਿਪ ਸ਼ਾਮਿਲ ਹੋਈ। ਬਸਪਾ ਨੂੰ ਅੱਜ ਪੰਜਾਬ ਵਿੱਚ ਵੱਡਾ ਹੁਲਾਰਾ ਮਿਲਿਆ ਜਦ ਐਸੀ ਬੀਸੀ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਸਵਰਨ ਸਿੰਘ ਕਲਿਆਨ ਸਾਥਿਆਂ ਸਮੇਤ ਬਸਪਾ ਵਿੱਚ ਸ਼ਾਮਿਲ ਹੋਏ। ਸ ਕਲਿਆਣ ਜੀ ਪੰਜਾਬ ਦੇ ਸਮੁੱਚੇ ਮੁਲਾਜ਼ਿਮ ਵਰਗ ਵਿੱਚ ਵੱਡਾ ਸਥਾਨ ਰੱਖਦੇ ਹਨ। ਬਸਪਾ ਵਿਚ ਹੋਏ ਨਵੇਂ ਜੋਸ਼ ਦੇ ਸੰਚਾਰ ਨੂੰ ਸੰਬੋਧਿਤ ਕਰਦੇ ਸ਼੍ਰੀ ਬੈਨੀਵਾਲ ਨੇ ਕਿਹਾ ਕਿ ਬਸਪਾ ਦਾ ਕਾਫਲਾ ਪੰਜਾਬ ਤੇਜ਼ੀ ਨਾਲ ਮਜਬੂਤੀ ਵੱਲ ਵੱਧ ਰਿਹਾ ਹੈ ਜੋਕਿ ਸੱਤਾ ਵਿਚ ਭਾਗੀਦਾਰ ਬਣਾਏਗਾ। ਸ ਜਸਵੀਰ ਸਿੰਘ ਗੜ੍ਹੀ ਨੇ ਲੀਡਰਸ਼ਿਪ ਨੂੰ ਸੰਬੋਧਨ ਕਰਦਿਆਂ 2022 ਦੀ ਤਿਆਰੀ ਲਈ ਜਰੂਰੀ ਨਿਰਦੇਸ਼ ਜਾਰੀ ਕਰਦੇ ਕਿਹਾ ਕਿ ਬਸਪਾ 2022 ਵਿੱਚ ਅਪਣੀ ਸਰਕਾਰ ਬਨਾਉਣ ਲਈ ਬਜਿੱਦ ਹੈ ਅਤੇ ਪੂਰੀ ਸ਼ਿਦਤ ਅਤੇ ਗੰਭੀਰਤਾ ਨਾਲ ਯਤਨਸ਼ੀਲ ਹੈ ਜਿਸਦਾ ਨਤੀਜਾ ਹੈ ਕਿ ਅੱਜ ਬਸਪਾ ਦੀ ਪਹਿਲਕਦਮੀ ਚਰਚੇ ਅਤੇ ਨਾਅਰੇ ਪੂਰੇ ਪੰਜਾਬ ਵਿੱਚ ਗੂੰਜ ਰਹੇ ਹਨ। ਬਸਪਾ ਹਰ ਉਸ ਸ਼ਖਸ਼, ਵਿਅਕਤੀ, ਲੀਡਰ ਅਤੇ ਸੰਗਠਨ ਦਾ ਸਵਾਗਤ ਕਰੇਗੀ ਜੋ ਗੁਰੂਆਂ, ਮਹਾਪੁਰਖਾਂ ਅਤੇ ਰਹਿਬਰਾਂ ਦਾ ਬੇਗਮਪੁਰਾ ਵਸਾਉਣ ਦਾ ਸੁਪਨਾ ਪੂਰਾ ਕਰਨਾ ਚਾਹੁੰਦਾ ਹੈ ਇਸ ਕੋਸ਼ਿਸ਼ ਦਾ ਹੀ ਨਤੀਜਾ ਹੈ ਕਿ ਬਸਪਾ ਵਿੱਚ ਰੋਜ ਨਵੀਆਂ ਸਮੂਲੀਅਤਾਂ ਹੋ ਰਹੀਆਂ ਹਨ। ਇਸ ਮੌਕੇ ਸੰਗਠਨ ਦਾ ਵਿਸਥਾਰ ਕਰਦਿਆ ਸ੍ਰੀ ਭਗਵਾਨ ਸਿੰਘ ਚੌਹਾਨ ਜੀ ਨੂੰ ਸੂਬਾ ਜਨਰਲ ਸਕੱਤਰ ਅਤੇ ਐਡਵੋਕੇਟ ਵਿਜੈ ਬੱਧਣ ਨੂੰ ਸੂਬਾ ਸਕੱਤਰ ਲਗਾਇਆ। ਕੰਮ ਵੰਡ ਵਿਚ ਸ੍ਰੀ ਰਸ਼ਪਾਲ ਸਿੰਘ ਰਾਜੂ ਜੀ ਨੂੰ ਮਾਝਾ ਦੇ ਚਾਰ ਜਿੱਲਿਆ ਵਿਚ ਤੇ ਵਿਧਾਨ ਸਭਾ ਗੜ੍ਹਸ਼ਕਰ ਚ ਸੰਗਠਨ ਦਾ ਕੰਮ ਇੰਚਾਰਜ ਦੇ ਤੌਰ ਤੇ ਦੇਖਣਗੇ।

**– ਲਾਲ ਸਿੰਘ ਸੁਲਹਾਣੀ**
**ਸੂਬਾ ਸਕੱਤਰ ਜਨਰਲ**
**ਬਹੁਜਨ ਸਮਾਜ ਪਾਰਟੀ ਪੰਜਾਬ**

# ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਮੁੱਦੇ ਨੂੰ ਲੈ ਕੇ 10 ਅਕਤੂਬਰ ਨੂੰ ਸਮੂਹ ਸਮਾਜ ਇਕੱਠਾ ਹੋ ਕੇ ਕਰੇਗਾ ਪ੍ਰਦਰਸ਼ਨ

**ਫਗਵਾੜਾ (ਬੀ.ਕੇ.ਰੱਤੂ)** ਭਗਵਾਨ ਵਾਲਮੀਕਿ, ਗੁਰੂ ਰਵਿਦਾਸ, ਸਤਿਗੁਰੂ ਕਬੀਰ ਜੀ ਨਾਲ ਸਬੰਧਿਤ ਸਮੂਹ ਸੰਤਾਂ ਮਹਾਂਪੁਰਸ਼ਾਂ, ਡਾ. ਭੀਮ ਰਾਓ ਅੰਬੇਡਕਰ ਸਭਾ ਸੁਸਾਇਟੀਆਂ ਅਤੇ ਹੋਰ ਬਹੁਤ ਸਾਰੀਆਂ ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਦਾ ਅੱਜ ਦਾ ਇਹ ਇਕੱਠ ਪੰਜਾਬ ਵਿਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਸਕਾਲਰਸ਼ਿਪ 'ਚ ਹੋਏ ਘਪਲੇ





ਅਤੇ 1650 ਪ੍ਰਾਈਵੇਟ ਵਿਦਿਅਕ ਸੰਸਥਾਵਾਂ ਵੱਲੋਂ ਅਨੁਸੂਚਿਤ ਜਾਤੀਆਂ ਨਾਲ ਸੰਬੰਧਿਤ ਵਿਦਿਆਰਥੀਆਂ ਨੂੰ ਪੜਾਈ ਵਾਸਤੇ ਦਾਖਲੇ ਨਾ ਦੇਣ ਦੇ ਗੰਭੀਰ ਮੁੱਦੇ 'ਤੇ ਵਿਚਾਰਾਂ ਕਰਨ ਵਾਸਤੇ ਬੁਲਾਇਆ ਗਿਆ। ਵਿਚਾਰ ਚਰਚਾ ਉਪਰੰਤ ਅੱਜ ਦਾ ਇਹ ਇਕੱਠ ਮਹਿਸੂਸ ਕਰਦਾ ਹੈ ਕਿ ਅਜਿਹਾ ਹੋਣ ਨਾਲ ਅਨੁਸੂਚਿਤ ਜਾਤੀਆਂ ਦੇ ਲੱਖਾਂ ਹੀ ਵਿਦਿਆਰਥੀਆਂ ਦਾ ਭਵਿੱਖ ਤਬਾਹ ਹੋ ਜਾਵੇਗਾ। ਸਰਕਾਰ ਹੁਣ ਤੱਕ ਘਪਲੇ ਵਿਚ ਸ਼ਾਮਿਲ ਅਧਿਕਾਰੀਆਂ ਜਾਂ ਰਾਜਨੀਤਿਕ ਲੋਕਾਂ ਦੇ ਖਿਲਾਫ਼ ਕੋਈ ਐਕਸ਼ਨ ਨਹੀਂ ਲੈ ਰਹੀ ਅਤੇ ਨਾਂ ਹੀ ਸਕਾਲਰਸ਼ਿਪ ਸਕੀਮ ਅਧੀਨ ਫੰਡ ਰਲੀਜ਼ ਕਰ ਰਹੀ ਹੈ। ਜਿਹਨਾਂ ਕਾਲਜਾਂ ਨੇ ਐਸ.ਸੀ. ਵਰਗ ਨਾਲ ਸਬਧਿਤ ਵਿਦਿਆਰਥੀਆਂ ਨੂੰ ਦਾਖਲਾ ਨਾਂ ਦੇਣ ਦਾ ਐਲਾਨ ਕੀਤਾ ਹੈ, ਉਹਨਾਂ ਦੇ ਖਿਲਾਫ਼ ਵੀ ਕੋਈ ਕਾਨੂੰਨੀ ਕਾਰਵਾਈ ਨਹੀਂ ਕਰ ਰਹੀ। ਅੱਜ ਦਾ ਇਹ ਇਕੱਠ ਸਰਕਾਰ ਦੇ ਇਸ ਰਵੱਈਏ ਦੀ ਸਖਤ ਨਿੰਦਾ ਕਰਦਾ ਹੈ ਅਤੇ ਐਲਾਨ ਕਰਦਾ ਹੈ ਕਿ ਅਗਰ 7 ਅਕਤੂਬਰ ਤੱਕ ਘਪਲੇ ਵਿਚ ਸ਼ਾਮਿਲ ਵਿਅਕਤੀਆਂ ਦੇ ਖਿਲਾਫ਼ ਅਤੇ ਪ੍ਰਾਈਵੇਟ ਕਾਲਜਾਂ ਦੇ ਪ੍ਰਬੰਧਕਾਂ ਦੇ ਖਿਲਾਫ਼ ਕੋਈ ਕਾਰਵਾਈ ਨਹੀਂ ਕਰਦੀ ਤਾਂ 10 ਅਕਤੂਬਰ ਨੂੰ ਪੂਰੇ ਪੰਜਾਬ ਵਿਚ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਸਮੁੱਚਾ ਅਨੁਸੂਚਿਤ ਜਾਤੀ ਭਾਈਚਾਰਾ ਸੜਕਾਂ 'ਤੇ ਆਵੇਗਾ ਅਤੇ ਚੱਕਾ ਜਾਮ ਕਰੇਗਾ। ਅਗਰ ਫਿਰ ਵੀ ਸਰਕਾਰ ਨਹੀਂ ਜਾਗਦੀ ਤਾਂ ਅਗਲਾ ਕਦਮ ਸਰਕਾਰੀ ਧਿਰ ਨਾਲ ਸਬੰਧਿਤ ਸਾਰੇ ਐਮ.ਐਲ.ਏ, ਮੰਤਰੀ, ਲੋਕ ਸਭਾ ਅਤੇ ਰਾਜ ਸਭਾ ਮੈਂਬਰ, ਜਿਹੜੇ ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਦੇ ਹਨ ਦੇ ਘਰਾਂ ਦਾ ਘਿਰਾਓ ਕਰਨ ਦਾ ਹੋਵੇਗਾ। ਇਸ ਦੀ ਤਰੀਕ ਦਾ ਐਲਾਨ ਬਾਅਦ ਵਿਚ ਕੀਤਾ ਜਾਵੇਗਾ। ਅੱਜ ਦਾ ਇਹ ਇਕੱਠ ਸਰਕਾਰ ਨੂੰ ਚੇਤਾਵਨੀ ਦਿੰਦਾ ਹੈ ਕਿ ਅਨੁਸੂਚਿਤ ਜਾਤੀ ਵਰਗ ਦੇ ਇਸ ਰੋਹ ਵਿਚੋਂ ਨਿਕਲਣ ਵਾਲੇ ਸਿੱਟਿਆਂ ਲਈ ਸਰਕਾਰ ਖੁਦ ਜ਼ਿੰਮੇਵਾਰ ਹੋਵੇਗੀ। ਇਹ ਇਕੱਠ ਸਰਕਾਰ ਤੋਂ ਇਹ ਵੀ ਮੰਗ ਕਰਦਾ ਹੈ ਕਿ—

1) ਪੰਜਾਬ ਸਰਕਾਰ ਵੱਲੋਂ ਸਕਾਲਰਸ਼ਿਪ ਘਪਲੇ ਦੀ ਜਾਂਚ ਵਾਸਤੇ ਜੋ ਤਿੰਨ ਮੈਂਬਰੀ ਅਫ਼ਸਰਾਂ ਦੀ ਕਮੇਟੀ ਬਣਾਈ ਸੀ, ਜਿਸਨੂੰ ਤਿੰਨ ਦਿਨਾਂ ਵਿਚ ਜਾਂਚ ਮੁਕੰਮਲ ਕਰਕੇ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ ਸੀ, ਉਹ ਰਿਪੋਰਟ ਜਨਤਕ ਕੀਤੀ ਜਾਵੇ ਅਤੇ ਪਾਏ ਜਾਣ ਵਾਲੇ ਦੋਸ਼ੀਆਂ ਦੇ ਖਿਲਾਫ਼ ਤੁਰੰਤ ਐਕਸ਼ਨ ਲਿਆ ਜਾਵੇ।

2) ਜਿਹਨਾਂ 1650 ਕਾਲਜਾਂ ਨੇ ਐਸ.ਸੀ. ਵਿਦਿਆਰਥੀ ਨੂੰ ਦਾਖਲਾ ਨਾ ਦੇਣ ਦਾ ਐਲਾਨ ਕੀਤਾ ਹੈ ਉਹਨਾਂ ਦੇ ਮੁਖੀਆਂ ਦੇ ਖਿਲਾਫ਼ ਐਸ.ਸੀKਐਸ.ਟੀ. ਅੱਤਿਆਚਾਰ ਨਿਵਾਰਨ ਐਕਟ ਦੇ ਤਹਿਤ ਮੁਕੱਦਮਾ ਦਰਜ ਕੀਤਾ ਜਾਵੇ ਅਤੇ ਉਨ•ਾਂ ਦੀ ਮਾਨਤਾ ਰੱਦ ਕੀਤੀ ਜਾਵੇ।

3) ਸੰਵਿਧਾਨ ਦੀ 85ਵੀਂ ਸੋਧ ਤੇ ਸੁਪਰੀਮ ਕੋਰਟ ਵੱਲੋਂ ਦਿੱਤੇ ਗਏ ਫ਼ੈਸਲੇ ਨੂੰ ਪੰਜਾਬ ਵਿਚ ਲਾਗੂ ਕੀਤਾ ਜਾਵੇ ਅਤੇ ਐਸ.ਸੀ. ਮੁਲਾਜ਼ਮ ਮਾਰੂ ਪਰਸੋਨਲ ਵਿਭਾਗ ਵੱਲੋਂ ਜਾਰੀ 10-10-14 ਦੀ ਗੈਰ ਵਿਧਾਨਕ ਚਿੱਠੀ ਤੁਰੰਤ ਵਾਪਸ ਲਈ ਜਾਵੇ। ਸਰਕਾਰੀ ਨੌਕਰੀਆਂ ਵਿਚ ਐਸ.ਸੀ. ਵਰਗ ਨਾਲ ਸਬੰਧਿਤ ਬੈਕ-ਲਾਗ ਤੁਰੰਤ ਪੂਰਾ ਕੀਤਾ ਜਾਵੇ ਅਤੇ ਅੱਗੋਂ ਆਬਾਦੀ ਦੇ ਅਨੁਪਾਤ ਅਨੁਸਾਰ ਰਿਜ਼ਰਵੇਸ਼ਨ ਤਹਿ ਕੀਤੀ ਜਾਵੇ ਅਤੇ ਆਬਾਦੀ ਦੇ ਅਨੁਪਾਤ ਮੁਤਾਬਿਕ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਬਜਟ ਹਿੱਸਾ ਤਹਿ ਕੀਤਾ ਜਾਵੇ।

ਅੱਜ ਦਾ ਇਹ ਇਕੱਠ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਅਪੀਲ ਕਰਦਾ ਹੈ ਕਿ ਉਹ ਸਰਕਾਰ ਦੀਆਂ ਦਲਿਤ ਵਿਰੋਧੀ ਨੀਤੀਆਂ ਦੇ ਕਾਰਨ 8 ਅਕਤੂਬਰ ਨੂੰ ਚੱਕਾ ਜਾਮ ਕਰਨ ਦੇ ਪ੍ਰੋਗਰਾਮ ਵਿਚ ਸ਼ਾਮਿਲ ਹੋਣ। ਜਿਹੜੀਆਂ ਵੀ ਰਾਜਨੀਤਕ ਪਾਰਟੀਆਂ ਜਾਂ ਹੋਰ ਜਥੇਬੰਦੀਆਂ ਨੇ ਇਸ ਮੁੱਦੇ 'ਤੇ ਧਰਨੇ, ਮੁਜ਼ਾਹਰੇ ਆਦਿ ਕਰਕੇ ਪ੍ਰੋਟੈਸਟ ਕੀਤੇ ਹਨ ਅੱਜ ਇਹ ਇਕੱਠ ਉਹਨਾਂ ਸਾਰਿਆਂ ਦੀ ਪ੍ਰਸ਼ੰਸਾ ਕਰਦਾ ਹੈ ਅਤੇ ਆਸ ਕਰਦਾ ਹੈ ਕਿ ਉਹ ਇਸ ਸਾਂਝੇ ਪ੍ਰੋਗਰਾਮ ਵਿਚ ਵੀ ਵੱਧ ਚੜ ਕੇ ਸ਼ਾਮਿਲ ਹੋਣਗੇ। ਮੀਟਿੰਗ ਦੇ ਸ਼ੁਰੂ ਵਿਚ ਹਾਥਰਸ (ਯੂ.ਪੀ.) ਵਿਚ ਜਬਰ ਜਨਾਹ ਪੀੜਤ ਮਰੀ ਬੇਟੀ ਮਨੀਸ਼ਾ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ ਅਤੇ ਇਸ ਘਟਨਾ ਦੀ ਸਖਤ ਨਿੰਦਾ ਕੀਤੀ ਗਈ। ਸਰਕਾਰ ਤੋਂ ਮੰਗ ਕੀਤੀ ਗਈ ਕਿ ਦੋਸ਼ੀ ਦਰਿੰਦਿਆਂ ਦੇ ਖਿਲਾਫ਼ ਸਪੈਸ਼ਲ ਕੋਰਟ ਸਥਾਪਿਤ ਕਰਕੇ ਇਕ ਮਹੀਨੇ ਅੰਦਰ ਸਖ਼ਤ ਤੋਂ ਸਖ਼ਤ ਸਜਾ ਦਿੱਤੀ ਜਾਵੇ।

ਸੰਤ ਸਰਵਣ ਦਾਸ, ਸੰਤ ਸਤਵਿੰਦਰ ਹੀਰਾ, ਮਹੰਤ ਪ੍ਰਸ਼ੋਤਮ ਲਾਲ, ਸੰਤ ਜਗਵਿੰਦਰ ਲਾਂਬਾ, ਸੰਤ ਲਾਲ ਦਾਸ ਪਿਆਲਾਂ, ਸੰਤ ਸੁਰਿੰਦਰ ਦਾਸ, ਸੰਤ ਪਰਮਜੀਤ ਦਾਸ ਨਗਰ, ਸੰਤ ਪ੍ਰਮੇਸ਼ਵਰੀ ਦਾਸ, ਸੰਤ ਪ੍ਰੀਤਮ ਦਾਸ, ਸੰਤ ਧਰਮਾ ਸਿੰਘ, ਸੰਤ ਸੋਹਣ ਲਾਲ, ਸੰਤ ਬਲਦੇਵ ਸਿੰਘ, ਸੰਤ ਮੋਹਣ ਦਾਸ, ਸੰਤ ਪਰਗਟ ਨਾਥ ਰਹੀਮਪੁਰ, ਸੰਤ ਗੁਰਮੀਤ ਦਾਸ, ਸੰਤ ਸਰੂਪ ਦਾਸ, ਸੰਤ ਜਗੀਰ ਸਿੰਘ, ਸੰਤ ਗਿਰਧਾਰੀ ਲਾਲ, ਸੰਤ ਕਰਨੈਲ ਸਿੰਘ ਲਹਿਰਾਗਾਗਾ, ਸੰਤ ਬਲਵੰਤ ਨਾਥ, ਓਮ ਪ੍ਰਕਾਸ਼, ਸੰਤ ਕਰਮ ਚੰਦ, ਸੁਖਵਿੰਦਰ ਕੋਟਲੀ, ਰਮੇਸ਼ ਚੌਹਕਾਂ, ਭਾਈ ਅੰਮ੍ਰਿਤ ਪਾਲ ਸਿੰਘ, ਓਮ ਪ੍ਰਕਾਸ਼, ਡਾ. ਜੀ.ਸੀ. ਕੌਲ, ਕਸ਼ਮੀਰ ਸਿੰਘ, ਡਾ. ਸ਼ਿਵ ਦਿਆਲ, ਜੀਵਨ ਸਿੰਘ, ਡਾ. ਸ਼ਿਵ ਦਿਆਲ, ਕਮਲ ਜਨਾਗਲ ਰਾਮ ਮੂਰਤੀ, ਅਮਿਤ ਕੁਮਾਰ ਪਾਲ, ਰਾਜੇਸ਼ ਬਾਘਾ, ਮੱਖਣ ਸਿੰਘ ਤਾਹਰਪੁਰੀ, ਬਲਵੀਰ ਸਿੰਘ ਕਰੀਹਾ, ਜਸਵੰਤ ਰਾਏ, ਸੁਦੇਸ਼ ਕਲਿਆਮ, ਅਮਰ ਸਿੰਘ ਗਹਿਰੀ, ਰਮਨ ਮਾਹੀ, ਚੰਦਰ ਮੋਹਣ ਪਤਾਰਾ, ਮਾ. ਤਰਸੇਮ ਸਿੰਘ, ਮਨਜੀਤ ਬਾਲੀ ਤੱਲਣ, ਜਗਦੀਸ਼ ਰਾਣਾ, ਦਰਸ਼ਨ ਲਾਲ ਭਗਤ, ਕੇਵਲ ਭੱਟੀ, ਸੰਤ ਹੀਰਾ ਸਿੰਘ, ਸੰਤ ਨਛੱਤਰ ਦਾਸ, ਡਾ. ਮੱਖਣ ਸੰਗਰੂਰ, ਵਿਕਰਮਜੀਤ ਸਿੰਘ ਗਹਿਰੀ, ਜਗਦੀਸ਼ ਦੀਸ਼, ਬੀਰ ਚੰਦ ਸੁਰੀਲਾ, ਦੀਪਕ ਬਾਲੀ, ਬਲਵੀਰ ਮਹੇ, ਜਗਦੀਸ਼ ਦੀਸ਼ਾ ਆਦਿ ਹਾਜ਼ਰ ਸਨ।

# ਸਕਾਲਰਸ਼ਿਪ ਘੁਟਾਲੇ ਦੇ ਦੋਸ਼ੀਆਂ ਖਿਲਾਫ ਕਾਰਵਾਈ ਲਈ ਸੰਤ ਸਮਾਜ ਵਲੋਂ ਚੁੱਕਾ ਜਾਮ ਦਾ ਭਾਜਪਾ ਕਰੇਗੀ ਸਮਰਥਨ : ਅਸ਼ਵਨੀ ਸ਼ਰਮਾ

**ਚੰਡੀਗੜ੍ਹ–** ਕਾਂਗਰਸ ਦੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਵਲੋਂ ਕੀਤੇ ਗਏ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕਾਲਰਸ਼ਿਪ ਘੁਟਾਲੇ ਖਿਲਾਫ ਸੰਤ ਸਮਾਜ ਦੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਵੱਲੋਂ 10 ਅਕਤੂਬਰ 2020 ਨੂੰ ਸਾਰੇ ਪੰਜਾਬ 'ਚ ਚੁੱਕਾ ਜਾਮ ਕਰਨ ਦੇ ਐਲਾਨ ਨੂੰ ਭਾਰਤੀ ਜਨਤਾ ਪਾਰਟੀ, ਪੰਜਾਬ ਆਪਣਾ ਪੂਰਾ ਸਮਰਥਨ ਦੇਵੇਗੀ ਅਤੇ ਉਨ੍ਹਾਂ ਨਾਲ ਮੋਢੇ ਨਾਲ ਮੋਢੇ ਲਾ ਕੇ ਪੂਰਾ ਸਹਿਯੋਗ ਦੇਵੇਗੀ। ਇਹ ਕਹਿਣਾ ਹੈ ਸੂਬਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਦਾ।



ਅਸ਼ਵਨੀ ਸ਼ਰਮਾ ਨੇ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਦਲਿਤ ਸਮਾਜ ਦੀ ਆਪਣੇ ਵੋਟ ਬੈਂਕ ਵਜੋਂ ਵਰਤੋਂ ਕੀਤੀ ਹੈ। ਇਹ ਕਾਂਗਰਸੀ ਖੁਦ ਨੂੰ ਦਲਿਤਾਂ ਦਾ ਮਸੀਹਾ ਦਸ ਕੇ ਉਹਨਾਂ ਦਾ ਸ਼ੋਸ਼ਣ ਕਰ ਰਹੇ ਹਨ। ਇਸ ਦਾ ਇਕ ਨਹੀਂ ਬਲਕਿ ਕਈ ਉਦਾਹਰਣਾਂ ਹਨ, ਜਿਨ੍ਹਾਂ ਵਿਚ ਪਿਛਲੇ ਦਿਨੀਂ ਮੰਤਰੀ ਧਰਮਸੋਤ ਅਤੇ ਉਨ੍ਹਾਂ ਦੇ ਵਿਭਾਗ ਦੇ ਅਧਿਕਾਰੀਆਂ ਨੇ 63.91 ਕਰੋੜ ਰੁਪਏ ਦਾ ਘੁਟਾਲਾ ਕੀਤਾ ਪ੍ਰਮੁੱਖ ਹੈ। ਇਸ ਕੇਸ ਵਿੱਚ, ਭਾਜਪਾ ਵੱਲੋਂ ਧਰਮਸੋਤ ਨੂੰ ਬਰਖਾਸਤ ਕਰਨ ਵਿਰੁੱਧ ਕਈ ਵਾਰ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਗਈ ਹੈ। ਇਸ ਕੇਸ ਵਿੱਚ, ਭਾਜਪਾ ਵੱਲੋਂ ਧਰਮਸੋਤ ਨੂੰ ਬਰਖਾਸਤ ਕਰਨ ਅਤੇ ਉਸਦੇ ਵਿਰੁੱਧ ਕਾਨੂੰਨੀ ਕਾਰਵਾਈ ਦੀ ਕਈ ਵਾਰ ਮੰਗ ਕੀਤੀ ਗਈ ਹੈ। ਪਰ ਕੈਪਟਨ ਅਮਰਿੰਦਰ ਸਿੰਘ ਨੇ ਉਸਨੂੰ ਆਪਣੀ ਜਾਂਚ ਵਿਚ ਕਲੀਨ ਚਿੱਟ ਦੇ ਦਿੱਤੀ ਹੈ। ਇਸ ਤੋਂ ਇਹ ਸਪਸ਼ਟ ਹੈ ਕਿ ਕੈਪਟਨ ਅਮਰਿੰਦਰ ਸਿੰਘ ਖ਼ੁਦ ਇਹਨਾਂ ਘੋਟਾਲੇਬਾਜਾਂ ਨਾਲ ਮਿਲ ਹੋਏ ਹਨ ਅਤੇ ਇਹ ਸਾਰੇ ਧੋਖਾਧੜੀ ਅਤੇ ਘੁਟਾਲੇ ਉਹਨਾਂ ਦੀ ਸ਼ਹੀ ਤੇ ਕੀਤੇ ਜਾ ਰਹੇ ਹਨ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਜੇਕਰ ਕਾਂਗਰਸ ਦੀ ਸਰਕਾਰ ਨੂੰ ਘੁਟਾਲਿਆਂ ਦੀ ਸਰਕਾਰ ਕਿਹਾ ਜਾਏ ਤਾਂ ਇਹ ਗਲਤ ਨਹੀਂ ਹੋਵੇਗਾ। ਸ਼ਰਮਾ ਨੇ ਸੰਤ ਸਮਾਜ ਦੀਆਂ ਸਾਰੀਆਂ ਧਾਰਮਿਕ ਅਤੇ ਰਾਜਨੀਤਿਕ ਸੰਸਥਾਵਾਂ ਨੂੰ ਵਿਸ਼ਵਾਸ ਦਿਵਾਇਆ ਕਿ ਇਸ ਸੰਘਰਸ਼ ਵਿੱਚ ਪੰਜਾਬ ਭਾਜਪਾ ਦਾ ਹਰ ਇੱਕ ਵਰਕਰ ਉਨ੍ਹਾਂ ਦੇ ਨਾਲ ਹੈ ਅਤੇ ਜਦੋਂ ਤੱਕ ਉਨ੍ਹਾਂ ਨੂੰ ਨਿਆਂ ਨਹੀਂ ਮਿਲਦਾ ਉਦੋਂ ਤੀਕ ਸੰਤ ਸਮਾਜ ਵਲੋਂ ਜੋ ਵੀ ਜ਼ਿੰਮੇਵਾਰੀਆਂ ਲਗਾਈਆਂ ਜਾਣਗੀਆਂ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ।

# ਨਵੇਂ ਖੇਤੀ ਕਾਨੂੰਨ, ਕਿਸਾਨੀ ਦੇ ਨਾਲ-ਨਾਲ ਖਪਤਕਾਰ ਦੇ ਵੀ ਵਿਰੋਧੀ- ਡਾ: ਸੁਖਪਾਲ ਸਿੰਘ

**ਫਗਵਾੜਾ–** ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ ਵਲੋਂ ਇਸ ਵਾਰ ਸੋਧੇ ਖੇਤੀ ਕਾਨੂੰਨ ਤੇ ਪੰਜਾਬ ਦੀ ਆਰਥਿਕਤਾ ਮੁੱਦੇ ਬਾਰੇ ਕੌਮਾਂਤਰੀ ਵੈੱਬੀਨਾਰ ਕਰਵਾਇਆ ਗਿਆ। ਇਸ ਨੂੰ ਸੰਬੋਧਨ ਕਰਦਿਆਂ ਆਰਥਕ ਤੇ ਖੇਤੀ ਮਾਹਿਰ ਡਾ ਸੁਖਪਾਲ ਸਿੰਘ ਨੇ ਇਨ੍ਹਾਂ ਕਾਨੂੰਨਾਂ ਦੀ ਬਰੀਕੀ ਨਾਲ ਚੀਰਫਾੜ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੁਆਰਾ ਖੇਤੀ ਸੈਕਟਰ ਵਿਚ ਤਿੰਨ ਨਵੇਂ ਕਾਨੂੰਨਾਂ ਰਾਹੀਂ ਪ੍ਰਚਾਰਿਆ ਜਾ ਰਿਹਾ ਹੈ ਕਿ ਇਹ ਇਕ ਇਤਹਾਸਕ ਕਦਮ ਹੈ ਜਿਸ ਨਾਲ ਹੋਣ ਵਾਲੇ ਵੱਡੇ ਸੁਧਾਰਾਂ ਰਾਹੀਂ ਕਿਸਾਨੀ ਦਾ ਪਾਰ-ਉਤਾਰਾ ਹੋ ਜਾਵੇਗਾ।ਪਰ ਡਾ ਸੁਖਪਾਲ ਸਿੰਘ ਨੇ ਵੈਬੀਨਾਰ ਵਿਚ ਕਿਹਾ ਕਿ ਇਹ ਕਦਮ ਕਾਰਪੋਰੇਟਾਂ ਲਈ ਵਰਦਾਨ ਦਾ ਲਾਇਸੰਸ ਅਤੇ ਕਿਸਾਨੀ ਦੇ ਖਾਤਮੇ ਦਾ ਵਾਰੰਟ ਸਾਬਤ ਹੋਣਗੇ। ਪਹਿਲੇ ਕਾਨੂੰਨ ਜ਼ਰੂਰੀ ਵਸਤਾਂ ਸੋਧ ਐਕਟ-2020 ਰਾਹੀਂ ਜ਼ਖੀਰੇਬਾਜੀ ਵਧੇਗੀ ਅਤੇ ਉਪਭੋਗੀਆਂ ਨੂੰ ਚੀਜਾਂ ਮਹਿੰਗੀਆਂ ਮਿਲਣਗੀਆਂ। ਦੂਸਰਾ ਐਕਟ ਕੀਮਤ ਗਰੰਟੀ ਅਤੇ ਖੇਤੀ ਸੇਵਾਵਾਂ ਸਬੰਧੀ ਕਿਸਾਨ (ਸਸ਼ਕਤੀਕਰਨ ਅਤੇ ਸੁਰੱਖਿਆ) ਐਕਟ-2020 ਕੰਟਰੈਕਟ ਖੇਤੀ ਅਤੇ ਵਾਅਦਾ ਵਪਾਰ ਨੂੰ ਹੁਲਾਰਾ ਦੇਣ ਲਈ ਹੈ। ਅਸੀਂ ਕੰਟਰੈਕਟ ਖੇਤੀ ਦੇ ਮਾੜੇ ਨਤੀਜ਼ੇ ਪਹਿਲਾਂ ਹੀ ਵੇਖ ਚੁੱਕੇ ਹਾਂ। ਪੰਜਾਬ ਵਿਚ ਇਹ ਖੇਤੀ ਫ਼ੇਲ ਹੋਈ, ਜਿਸ ਵਿਚ ਛੋਟੇ ਕਿਸਾਨਾਂ ਨੇ ਹਿੱਸਾ ਨਹੀਂ ਲਿਆ। ਤੀਸਰੇ ਐਕਟ ਕਿਸਾਨੀ ਉਪਜ ਵਪਾਰ ਅਤੇ ਵਣਜ (ਪ੍ਰੋਤਸਾਹਨ ਅਤੇ ਸਹਾਇਕ) ਐਕਟ-2020 ਰਾਹੀਂ ਖੇਤੀ ਉਤਪਾਦ ਮੰਡੀ ਕਮੇਟੀ (ਏ.ਪੀ.ਐਮ.ਸੀ.) ਐਕਟ ਦੇ ਟੁੱਟਣ ਨਾਲ ਰੈਗੂਲੇਟਿਡ ਮੰਡੀਆਂ ਦਾ ਖਾਤਮਾ ਅਤੇ ਮੰਡੀ ਬੋਰਡ ਨੂੰ ਹੋਣ ਵਾਲੀ ਆਮਦਨ ਬੰਦ ਹੋ ਜਾਵੇਗੀ। ਇਸ ਨਾਲ ਸਰਕਾਰੀ ਆਮਦਨ ਘਟਣ ਕਰਕੇ ਪਿੰਡਾਂ ਨੂੰ ਸ਼ਹਿਰੀ ਮੰਡੀਆਂ ਨਾਲ ਜੋੜਦਾ ਸ਼ੜਕੀ-ਜਾਲ ਅਤੇ ਹੋਰ ਵਿਕਾਸ ਕਾਰਜ ਪ੍ਰਭਾਵਿਤ ਹੋਣਗੇ। ਅੰਤ ਵਿਚ ਸਮੁੱਚੇ ਪੇਂਡੂ ਵਿਕਾਸ 'ਤੇ ਗਹਿਰੀ ਸੱਟ ਵੱਜੇਗੀ। ਉਨ੍ਹਾਂ ਕਿਹਾ ਕਿ ਬਿਹਾਰ ਨੇ ਖੇਤੀ ਉਤਪਾਦ ਮੰਡੀ ਕਮੇਟੀ (ਏ.ਪੀ.ਐਮ.ਸੀ.) ਐਕਟ ਨੂੰ 2006 ਵਿਚ ਖਤਮ ਕਰ ਦਿੱਤਾ ਸੀ ਜਿਸ ਨਾਲ ਖੇਤੀ ਰੈਗੂਲੇਟਿਡ ਮੰਡੀ ਦਾ ਭੋਗ ਪੈ ਗਿਆ। ਇਸ ਨਾਲ ਉਥੋਂ ਦੀ ਖੇਤੀ ਆਰਥਿਕਤਾ 'ਤੇ ਬਹੁਤ ਬੁਰਾ ਪ੍ਰਭਾਵ ਪਿਆ ਹੈ। ਉਥੇ ਕੋਈ ਇਨਫਰਾਸਟਰੱਕਚਰ ਵਿਕਸਤ ਨਹੀਂ ਹੋਇਆ। ਖੇਤੀ ਦੀ ਵਿਕਾਸ ਦਰ 1.98% ਤੋਂ ਘਟਕੇ 1.28% ਰਹਿ ਗਈ। ਬਿਹਾਰ ਦੇ ਕਿਸਾਨਾਂ ਦੀ ਆਮਦਨ ਆਮਦਨ ਵਿਚ 7% ਕਮੀ ਆ ਗਈ। ਸਪੱਸ਼ਟ ਹੈ ਕਿ ਇਨ੍ਹਾਂ ਐਕਟਾਂ ਨਾਲ ਰਾਜਾਂ ਨੂੰ ਵੱਡਾ ਨੁਕਸਾਨ ਹੋਵੇਗਾ। ਰਾਜ ਮੰਡੀ ਬੋਰਡਾਂ ਨੂੰ ਹੋਣ ਵਾਲੀ ਆਮਦਨ ਘਟਣ ਕਰਕੇ ਲਿੰਕ ਸੜਕਾਂ, ਖੇਤੀ ਖੋਜ਼ ਅਤੇ ਸਮੁੱਚੇ ਪੇਂਡੂ ਵਿਕਾਸ 'ਤੇ ਗਹਿਰੀ ਸੱਟ ਵੱਜੇਗੀ। ਇਸ ਨਾਲ ਕਿਸਾਨੀ ਦਾ ਵਿਨਾਸ ਹੀ ਨਹੀਂ, ਦੇਸ਼ ਦੇ ਸੰਘੀ ਢਾਂਚੇ ਦੀ ਸੰਘੀ ਵੀ ਘੁੱਟੀ ਜਾਵੇਗੀ। ਭਾਰਤੀ ਖੇਤੀ ਉਪਰ ਬਹੁ-ਕੌਮੀ ਕਾਰਪੋਰੇਸ਼ਨਾਂ ਦੀ ਜਕੜ ਹੋਵੇਗੀ। ਲੋਕਾਂ ਦੀ ਵੱਡੀ ਗਿਣਤੀ ਦਾ ਖੇਤੀ ਵਿਚੋਂ ਨਿਕਾਲ ਹੋਵੇਗਾ। ਆਰਥਿਕ-ਸਮਾਜਿਕ ਤਾਣਾ ਬਾਣਾ ਉਥਲ-ਪੁਥਲ ਹੋਵੇਗਾ। ਸੋ ਅੱਜ ਅਹਿਮ ਲੋੜ ਹੈ ਕਿ ਇਨ੍ਹਾਂ ਐਕਟਾਂ ਦੇ ਦੂਰ-ਅੰਦੇਸ਼ੀ ਪ੍ਰਭਾਵਾਂ ਉੱਪਰ ਵਿਚਾਰ ਕਰਕੇ ਇਨ੍ਹਾਂ ਐਕਟਾਂ ਨੂੰ ਖਤਮ ਕੀਤਾ ਜਾਵੇ ਤਾਂ ਕਿ ਖੇਤੀ ਨੂੰ ਕਾਰਪੋਰੇਟਾਂ ਦੇ ਕੰਟਰੋਲ ਤੋਂ ਬਚਾਇਆ ਜਾ ਸਕੇ। ਗੁਰਮੀਤ ਸਿੰਘ ਪਲਾਹੀ ਪ੍ਰਧਾਨ ਪੰਜਾਬੀ ਕਲਾਮਨਵੀਸ ਪੱਤਰਕਾਰ ਮੰਚ ਦੀ ਅਗਵਾਈ ਵਿੱਚ ਕਰਵਾਏ ਗਏ ਵੈਬੀਨਾਰ ਦੀ ਜਾਣਕਾਰੀ ਦਿੰਦਿਆਂ ਮੀਡੀਆ ਕੋਆਰਡੀਨੇਟਰ ਪਰਵਿੰਦਰਜੀਤ ਸਿੰਘ ਨੇ ਦਸਿਆ ਹੈ ਕਿ ਵੈੱਬਨਾਰ ਚ ਚਰਚਾ 'ਤੇ ਵਿਸਥਾਰਤ ਚਰਚਾ ਕਰਦਿਆਂ ਮੰਚ ਦੇ ਜਨਰਲ ਸਕੱਤਰ ਡਾ ਗੁਰਚਰਨ ਨੂਰਪੁਰ ਨੇ ਕਿਹਾ ਕਿ ਇਸ ਨਾਲ ਪੰਜਾਬ ਦੀ ਖੇਤੀ ਵਿਰਾਸਤ ਹੀ ਨਸ਼ਟ ਹੋ ਜਾਣ ਦਾ ਖ਼ਦਸ਼ਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਐਸ.ਪੀ. ਸਿੰਘ ਨੇ ਕਿਹਾ ਕਿ ਵਿਰੋਧ ਤਾਂ ਬਹੁਤ ਕੀਤਾ ਜਾ ਰਿਹਾ ਹੈ ਪਰ ਹੱਲ ਸੁਝਾਉਣ ਵੱਲ ਘੱਟ ਧਿਆਨ ਦਿੱਤਾ ਜਾ ਰਿਹਾ ਹੈ। ਡਾ. ਹਰਜਿੰਦਰ ਸਿੰਘ ਵਾਲੀਆ ਨੇ ਕਿਹਾ ਕਿ ਇਹ ਲਹਿਰ ਇੱਕ ਬਹੁਤ ਹੀ ਵੱਡੇ ਪੱਧਰ ਉੱਤੇ ਚੱਲ ਰਹੀ ਹੈ ਅਤੇ ਇਸ ਨੂੰ ਘੱਟ ਕਰਕੇ ਨਹੀਂ ਵੇਖਿਆ ਜਾ ਸਕਦਾ ਹੈ। ਜੇਕਰ ਇਹ ਲਹਿਰ ਕਿਸੇ ਮੰਜ਼ਿਲ ਉੱਤੇ ਨਾ ਪਹੁੰਚੀ ਤਾਂ ਬਹੁਤ ਖ਼ਤਰਨਾਕ ਸਥਿਤੀ ਬਣ ਸਕਦੀ ਹੈ। ਪ੍ਰੰਤੂ ਜੇਕਰ ਸਫਲ ਹੋ ਗਈ ਤਾਂ ਇਹ ਦੇਸ਼ ਦੀ ਰਾਜਨੀਤੀ ਦਾ ਮੁਹਾਂਦਰਾ ਵੀ ਬਦਲ ਸਕਦੀ ਹੈ।



ਵੈਬੀਨਾਰ ਵਿੱਚ ਸ਼ਾਮਲ ਡਾ: ਸੁਖਪਾਲ ਸਿੰਘ, ਗੁਰਚਰਨ ਨੂਰਪੁਰ, ਡਾ: ਰਣਜੀਤ ਘੁੰਮਣ, ਡਾ: ਹਰਜਿੰਦਰ ਵਾਲੀਆ, ਕੇਹਰ ਸ਼ਰੀਫ, ਪ੍ਰੋ: ਰਣਜੀਤ ਧੀਰ ਯੂ.ਕੇ., ਵਰਿੰਦਰ ਸ਼ਰਮਾ ਐਮ.ਪੀ., ਜਗਦੀਪ ਸਿੰਘ ਕਾਹਲੋਂ, ਗੁਰਮੀਤ ਸਿੰਘ ਪਲਾਹੀ, ਡਾ: ਐਸ.ਪੀ.ਸਿੰਘ।

ਡਾ. ਰਣਜੀਤ ਸਿੰਘ ਘੁੰਮਣ ਨੇ ਕਿਹਾ ਕਿ ਇਹਨਾਂ ਕਾਨੂੰਨਾਂ ਦੇ ਅਸਰ ਕੇਵਲ ਕਿਸਾਨ ਉੱਤੇ ਹੀ ਨਹੀਂ ਪੈਣੇ ਬਲਕਿ ਹਰ ਕਿਸਮ ਦੇ ਲੋਕਾਂ ਉੱਤੇ ਪੈਣੇ ਹਨ।

ਉਹਨਾਂ ਕਿਹਾ ਕਿ ਇਸਦਾ ਹਾਲ ਕੇਵਲ ਇਹੀ ਹੈ ਕਿ ਲੋਕਾਂ ਦਾ ਸਰਕਾਰ ਉੱਤੇ ਦਬਾਅ ਬਣੇ। ਉਹਨਾਂ ਕਿਹਾ ਕਿ ਪੰਜਾਬ ਦੇ ਬੁੱਧੀਜੀਵੀ ਲੰਬੇ ਸਮੇਂ ਤੋਂ ਇਸ ਬਾਰੇ ਆਗਾਹ ਕਰਦੇ ਰਹੇ ਹਨ। ਸਰੋਤਿਆਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਮੁੱਖ ਵਕਤਾ ਡਾ. ਸੁਖਪਾਲ ਸਿੰਘ ਨੇ ਕਿਹਾ ਕਿ ਭਾਵੇਂ ਕਿਹਾ ਜਾ ਰਿਹਾ ਹੈ ਕਿ ਵਿਚੋਲੀਏ ਖ਼ਤਮ ਕੀਤੇ ਜਾਣਗੇ ਪ੍ਰੰਤੂ ਅਸਲ ਵਿੱਚ ਬਹੁਤ ਨਵੀਂ ਕਿਸਮ ਦੇ ਵਿਚੋਲੀਏ ਪੈਦਾ ਹੋ ਜਾਣਗੇ। ਉਹਨਾਂ ਕਿਹਾ ਕਿ ਇਹ ਸੂਬਾਈ ਅਧਿਕਾਰਾਂ ਉੱਤੇ ਵੱਡਾ ਹਮਲਾ ਹੈ। 1947 ਤੋਂ ਬਾਅਦ ਸ਼ਾਇਦ ਪਹਿਲੀ ਵਾਰੀ ਹੈ ਕਿ ਇੰਨੀ ਵੱਡੀ ਗਿਣਤੀ ਵਿੱਚ ਲੋਕ ਸਰਕਾਰ ਦੇ ਖ਼ਿਲਾਫ਼ ਲੜ ਰਹੇ ਹਨ। ਕੇਹਰ ਸ਼ਰੀਫ ਨੇ ਸੁਝਾਇਆ ਕਿ ਬੁੱਧੀਜੀਵੀਆਂ, ਕਿਸਾਨ ਜੱਥੇਬੰਦੀਆਂ, ਸਿਆਸੀ ਲੋਕਾਂ ਦੀ ਇੱਕ ਸਲਾਹਕਾਰ ਕਮੇਟੀ ਬਣੇ ਅਤੇ ਇਹਨਾ ਤਿੰਨਾਂ ਕਾਨੂੰਨਾਂ ਨੂੰ ਰੱਦ ਕਰਨ ਲਈ ਦੇਸ਼ ਵਿਆਪੀ ਅੰਦੋਲਨ ਦੀ ਰੂਪ-ਰੇਖਾ ਤਿਆਰ ਕਰੇ।

ਇਨ੍ਹਾਂ ਤੋ ਇਲਾਵਾ ਵਰਿੰਦਰ ਸ਼ਰਮਾ ਐਮ ਪੀ ਯੂ ਕੇ, ਪ੍ਰੋ: ਰਣਜੀਤ ਧੀਰ ਯੂ ਕੇ, ਗੁਰਦੀਪ ਬੰਗੜ ਯੂ ਕੇ ,ਡਾ ਆਸਾ ਸਿੰਘ ਘੁੰਮਣ, ਐਡਵੋਕੇਟ ਦਰਸ਼ਨ ਸਿੰਘ ਰਿਆੜ, ਪ੍ਰਗਟ ਸਿੰਘ ਰੰਧਾਵਾ, ਜਗਦੀਪ ਸਿੰਘ ਕਾਹਲੋਂ, ਡਾ ਸ਼ਿਆਮ ਸੁੰਦਰ ਦੀਪਤੀ , ਡਾ: ਕੋਮਲ ਸਿੰਘ, ਸੁਰਿੰਦਰ ਮਚਾਕੀ ਤੇ ਗੁਰਜੰਟ ਸਿੰਘ ਨੇ ਵੀ ਕਈ ਮਹੱਤਵਪੂਰਨ ਨੁਕਤੇ ਜੋੜ ਕੇ ਚਰਚਾ ਨੂੰ ਹੋਰ ਵੀ ਅਰਥਭਰਪੂਰ ਤੇ ਮੁੱਲਵਾਨ ਬਣਾਇਆ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਬਿਨ੍ਹਾਂ ਜੈ ਸਿੰਘ ਸੇਖੋਂ, ਅਮਨਜੀਤ ਕੌਰ, ਜੀ.ਐਸ. ਗੁਰਦਿੱਤ, ਬਲਜੀਤ ਕੌਰ ਘੋਲੀਆਂ, ਡਾ: ਚਰਨਜੀਤ ਸਿੰਘ ਗੁਮਟਾਲਾ, ਰਵਿੰਦਰ ਚੋਟ, ਗਿਆਨ ਸਿੰਘ ਸਾਬਕਾ ਡੀਪੀਆਰਓ, ਮਲਕੀਤ ਸਿੰਘ ਅਪਰਾ, ਬਿਕਰਮਜੀਤ ਸਿੰਘ ਨੇ ਹਿੱਸਾ ਲਿਆ। ਇਸ ਵੈਬੀਨਾਰ ਦੇ ਹੋਸਟ ਪਰਵਿੰਦਰਜੀਤ ਸਿੰਘ ਸਨ।

# ਯੂ.ਪੀ.ਵਿਚ ਇਕ ਹੋਰ ਦਲਿਤ ਲੜਕੀ ਨਾਲ ਗੈਂਗਰੇਪ, ਕਮਰ ਅਤੇ ਦੋਵੇਂ ਪੈਰ ਤੋੜੇ

**ਬਲਰਾਮਪੁਰ-** ਹਾਥਰਸ ਵਿਚ ਗੈਂਗਰੇਪ ਮਾਮਲੇ ਨੂੰ ਲੈ ਕੇ ਪੂਰਾ ਦੇਸ਼ ਹਾਲੇ ਉਬਲ ਰਿਹਾ ਹੈ, ਉਥੇ ਹੀ ਯੂ. ਪੀ. ਦੇ ਹੀ ਬਲਰਾਮਪੁਰ ਵਿਚ ਇਕ ਹੋਰ ਦਲਿਤ ਲੜਕੀ ਫਿਰ ਹੈਵਾਨੀਅਤ ਦਾ ਸ਼ਿਕਾਰ ਹੋਈ ਹੈ। 22 ਸਾਲ ਦੀ ਦਲਿਤ ਵਿਦਿਆਰਥਣ ਨਾਲ ਗੈਂਗਰੇਪ ਤੋਂ ਬਾਅਦ ਉਸਦੀ ਕਮਰ ਅਤੇ ਦੋਵੇਂ ਪੈਰ ਤੋੜ ਦਿੱਤੇ ਗਏ। ਉਸ ਤੋਂ ਬਾਅਦ ਉਸਨੂੰ ਰਿਕਸ਼ੇ ਵਿਚ ਬਿਠਾ ਕੇ ਭੇਜ ਦਿੱਤਾ ਗਿਆ, ਜਿੱਕੇ ਕੁਝ ਦੇਰ ਬਾਅਦ ਉਸਦੀ ਮੌਤ ਹੋ ਗਈ। ਘਟਨਾ ਬਲਰਾਮਪੁਰ ਗੈਸੜੀ ਕੋਤਵਾਲੀ ਖੇਤਰ ਦੀ ਹੈ।

ਮ੍ਰਿਤਕ ਲੜਕੀ ਦੀ ਮਾਂ ਦਾ ਦੋਸ਼ ਹੈ ਕਿ ਉਸਦੀ ਲੜਕੀ ਨੂੰ ਇੰਜੈਕਸ਼ਨ ਲਗਾ ਕੇ ਹੈਵਾਨੀਅਤ ਕੀਤੀ ਗਈ, ਜਿਸ ਕਾਰਨ ਉਹ ਕੁਝ ਵੀ ਬੋਲ ਨਹੀਂ ਪਾ ਰਹੀ ਸੀ। ਉਹ ਸਿਰਫ ਇੰਨਾ ਕਹਿ ਸਕੀ ਕਿ ਬਹੁਤ ਦਰਦ ਹੈ, ਹੁਣ ਮੈਂ ਬਚਾਂਗੀ ਨਹੀਂ। ਹਾਲਾਂਕਿ ਬਲਰਾਮਪੁਰ ਐਸ. ਪੀ. ਦੇਵ ਰੰਜਨ ਵਰਮਾ ਨੇ ਕਿਹਾ ਕਿ ਹੱਥ ਪੈਰ ਅਤੇ ਕਮਰ ਤੋੜਨ ਵਾਲੀ ਗੱਲ ਸਹੀ ਨਹੀਂ ਹੈ। ਪੋਸਟਮਾਰਟਮ ਰਿਪੋਰਟ ਵਿਚ ਇਸਦੀ ਪੁਸ਼ਟੀ ਨਹੀਂ ਹੋਈ ਹੈ। ਮਾਮਲੇ ਵਿਚ ਦੋ ਦੋਸ਼ੀਆਂ ਸ਼ਾਹਿਦ ਅਤੇ ਸਾਹਿਲ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

### ਐਸ. ਆਈ. ਟੀ. ਦਾ ਗਠਨ, ਮਾਪਿਆਂ ਨੂੰ 25 ਲੱਖ ਅਤੇ ਸਰਕਾਰੀ ਨੌਕਰੀ

ਹਾਥਰਸ- ਹਾਥਰਸ ਰੇਪ ਕਾਂਡ ਵਿਚ ਯੂ. ਪੀ. ਪੁਲਿਸ ਅਤੇ ਪ੍ਰਸ਼ਾਸਨ ਨੇ ਕਾਫੀ ਲਾਪਰਵਾਹੀ ਵਰਤੀ। ਪਰਿਵਾਰ ਨੇ ਵੀ ਦੋਸ਼ ਲਗਾਇਆ ਕਿ 29 ਸਤੰਬਰ ਦੀ ਦੇਰ ਰਾਤ ਢਾਈ ਵਜੇ ਪੁਲਿਸ ਨੇ ਪੀੜਤਾ ਦਾ ਜਬਰਨ ਅੰਤਿਮ ਸਸਕਾਰ ਕਰਵਾ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਪੀੜਤਾ ਦੇ ਪਰਿਵਾਰ ਵਾਲਿਆਂ ਨੇ ਅੰਤਿਮ ਸਸਕਾਰ ਕਰਨ ਦੀ ਮੰਗ ਕੀਤੀ ਸੀ।

### ਜਾਨਵਰਾਂ ਨੂੰ ਪਿਆਰ ਕਰਨ ਵਾਲੇ ਬਿਹਤਰ- ਪਰੀਨੀਤੀ ਚੋਪੜਾ

ਅਭਿਨੇਤਰੀ ਪਰਿਨੀਤੀ ਚੋਪੜਾ ਨੇ ਟਵਿਟਰ ਤੇ ਲਿਖਿਆ, ਉਹਨਾਂ ਨੂੰ ਜਾਨਵਰ ਨਹੀਂ ਕਹਾਂਗੀ, ਕਿਉਂਕਿ ਸਾਡੇ ਵਿਚੋਂ ਜੋ ਕੁਝ ਬਣ ਚੁੱਕੇ ਹਨ, ਉਹਨਾਂ ਦੇ ਮੁਕਾਬਲੇ ਜਾਨਵਰ ਪਿਆਰ ਕਰਨ ਵਾਲੇ ਅਤੇ ਵਫਾਦਾਰ ਹੁੰਦੇ ਹਨ। ਜੇਕਰ ਉਹ ਦਰਿੰਦੇ ਇਨਸਾਨ ਕਹਾਉਂਦੇ ਹਨ ਤਾਂ ਮੈਂ ਖੁਦ ਨੂੰ ਇਨਸਾਨ ਕਹੇ ਜਾਣ ਤੇ ਸ਼ਰਮਿੰਦਾ ਹਾਂ। ਮੈਨੂੰ ਮਾਫ ਕਰ ਦੇਣਾ ਹਾਥਰਸ।

**ਯਾਮੀ ਗੌਤਮ** ਨੇ ਲਿਖਿਆ ਕਿ ਇਸ ਵੀਡੀਓ ਨੂੰ ਦੇਖਣਾ ਭਿਆਨਕ ਅਹਿਸਾਸ ਤੋਂ ਘੱਟ ਨਹੀਂ। ਪੂਰੀ ਤਰ੍ਹਾਂ ਨਿ-ਸ਼ਰਦ ਹਾਂ। ਪਰਿਵਾਰ ਦੇ ਦੁੱਖ ਅਤੇ ਮਜਬੂਰੀ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਸ਼ਰਮਨਾਕ।

**ਮੱਲਿਕਾ ਸ਼ੇਰਾਵਤ** ਨੇ ਲਿਖਿਆ, ਜਦੋਂ ਤੱਕ ਭਾਰਤ ਔਰਤਾਂ ਦੇ ਪ੍ਰਤੀ ਆਪਣੀ ਮੱਧਯੁੱਗੀ ਮਾਨਸਿਕਤਾ ਨੂੰ ਨਹੀਂ ਬਦਲਦਾ, ਕੁਝ ਨਹੀਂ ਬਦਲਣ ਵਾਲਾ।

# ਸਿਆਟਲ ਵਿਚ ਬ੍ਰਹਮ ਗਿਆਨੀ, ਮਹਾਂਪੁਰਸ਼ ਬਾਬਾ ਬੁੱਢਾ ਜੀ ਦਾ ਜਨਮ ਦਿਵਸ ਮਨਾਇਆ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)-** ਬਾਬਾ ਬੁੱਢਾ ਜੀ ਸੰਸਥਾ ਅਮਰੀਕਾ ਵੱਲੋਂ ਸਿਆਟਲ ਵਿਚ ਮਹਾਂਪੁਰਸ਼, ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਬਾਬਾ ਬੁੱਢਾ ਜੀ ਦੂਸਰੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਤਾਗੱਦੀ ਦੀਆਂ ਰਸਮਾਂ ਨਿਭਾਉਣ ਦਾ ਮਾਣ ਪ੍ਰਾਪਤ ਹੋਇਆ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪਹਿਲੇ



ਹੈਡ ਗ੍ਰੰਥੀ ਥਾਪੇ ਗਏ। ਬਾਬਾ ਬੁੱਢਾ ਜੀ ਸੰਸਥਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ, ਅਮਰਪਾਲ ਸਿੰਘ ਕਾਹਲੋਂ, ਜਸਬੀਰ ਸਿੰਘ ਰੰਧਾਵਾ, ਗੁਰਦੀਪ ਸਿੰਘ ਸਿੱਘੂ, ਤਰਮੰਗਲ ਸਿੰਘ ਧਾਲੀਵਾਲ, ਸੁਰਿੰਦਰ ਸਿੰਘ ਤੁੰਗ, ਗੁਰਲਾਲ ਸਿੰਘ ਬਰਾੜ, ਰਾਮ ਸਿੰਘ ਸੰਧੂ, ਮਨਜੀਤ ਸਿੰਘ ਧਾਲੀਵਾਲ ਨੇ ਪਰਿਵਾਰ ਸਮੇਤ ਪਹੁੰਚ ਕੇ ਬੜੀ ਸ਼ਰਧਾ ਨਾਂਲ ਲੰਗਰਾਂ ਦੀ ਸੇਵਾ ਕੀਤੀ। ਭਾਈ ਵਰਿਆਮ ਸਿੰਘ ਦੇ ਕੀਰਤਨੀ ਜਥੇ ਨੇ ਰਸਭਿਨ ਕੀਰਤਨ ਕੀਤਾ।

# 'ਟੌਰੰਗਾ ਟਰਬਨ ਡੇਅ'- ਸੁੰਦਰ ਦਸਤਾਰਾਂ-ਸੋਹਣੇ ਮੁੱਖੜੇ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਵੱਲੋਂ ਅੱਜ 'ਟੌਰੰਗਾ ਸਿਟੀ ਕੌਂਸਿਲ' ਦੀ ਸਹਾਇਤਾ ਨਾਲ ਤੀਜਾ ਸਲਾਨਾ 'ਟੌਰੰਗਾ ਟਰਬਨ ਡੇਅ' (ਟੌਰੰਗਾ ਦਸਤਾਰ ਦਿਵਸ) ਸਵੇਰੇ 11.30 ਵਜੇ ਤੋਂ 2 ਵਜੇ ਤੱਕ 'ਟੌਰੰਗਾ ਵਾਟਰ ਫਰੰਟ' ਉਤੇ ਮਨਾਇਆ ਗਿਆ। ਨਵੀਆਂ ਪੱਗਾਂ ਦੇ ਥਾਨ, ਅਤੇ ਘਰਾਂ ਤੋਂ ਲਿਆਂਦੀਆਂ ਸਾਫ-ਸੁਥਰੀਆਂ ਪੱਗਾਂ ਵੱਖਰਾ ਹੀ ਨਜ਼ਾਰਾ ਬਣਾ ਗਈਆਂ। ਦੂਜੀਆਂ ਕੌਮਾਂ ਦੇ ਸਿਰਾਂ 'ਤੇ ਦਸਤਾਰਾਂ ਸਜਾ ਕੇ ਪੱਗ ਦੀ ਮਹੱਤਤਾ ਦਾ ਅਹਿਸਾਸ ਕਰਾਉਣ ਦੇ ਲਈ ਜਿੱਥੇ ਬੇਅ ਆਫ ਪਲੈਂਟੀ ਸਪੋਰਟਸ ਕਲੱਬ ਦੇ ਵਲੰਟੀਅਰ ਪੱਬਾਂ ਭਾਰ ਰਹਿ ਕੇ 'ਓਸੱਮ' ਦਾ ਖਿਤਾਬ ਲੈ ਗਏ ਉਥੇ ਰਿਸ਼ੀ ਪ੍ਰੀਤ, ਭਾਈ ਮਲਕੀਤ ਸਿੰਘ ਸੁੱਜੋਂ ਅਤੇ ਸ. ਚਰਨਜੀਤ ਸਿੰਘ ਦਾਨਾ ਨੇ ਆਪਣੀਆਂ-ਆਪਣੀਆਂ ਡਿਊਟੀਆਂ ਨਿਭਾਉਂਦਿਆਂ ਵਾਟਰ ਫਰੰਟ ਉਤੇ ਚਮਕਦੇ ਜਲ ਦੀਆਂ ਤਰੰਗਾਂ ਨੂੰ ਰੰਗ-ਬਿਰੰਗੀਆਂ ਦਸਤਾਰਾਂ ਦੇ ਨਾਲ ਹੋਰ ਸਤਰੰਗਾ ਬਣਾ ਦਿੱਤਾ। ਟੌਰੰਗਾ ਸਿਟੀ ਕੌਂਸਿਲ ਤੋਂ ਜੋਅ ਲਇੰਕੀ (5vent 3ity 5vents 6acilitator) ਹੈਡੀ ਕਾਲੀਰਾਏ, (ਸਥਾਨਕ ਕਮਿਊਨਿਟੀ ਕੋ-ਆਰਡੀਨੇਟਰ), ਮਲਟੀਕਲ-ਚਰਲ ਟੌਰੰਗਾ ਤੋਂ ਪ੍ਰਧਾਨ ਪਰਮਿਲਾ ਡੀ'ਮੈਲੋ, ਵੈਸਟਰਟ ਬੇਅ ਆਫ ਪਲੈਂਟੀ ਦੀ ਕੌਂਸਲਰ ਮਾਰਗ੍ਰੇਟ ਮੂਰੇ ਬੈਂਗੇ, ਕਮਿਊਨਿਟੀ ਕਾਂਸਟੇਬਲ, ਔਕਲੈਂਡ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ ਅਤੇ ਆਨਰੇਰੀ ਭਾਰਤੀ ਕੌਂਸਿਲ ਸ. ਭਵਦੀਪ ਸਿੰਘ ਢਿੱਲੋਂ ਪਹੁੰਚੇ। ਸ. ਪੂਰਨ ਸਿੰਘ ਬੰਗਾ ਹੋਰਾਂ ਦੱਸਿਆ ਕਿ ਇਸ ਵਾਰ ਪਿਛਲੇ 2 ਸਾਲਾਂ ਤੋਂ ਵੀ ਵੱਧ ਲੋਕਾਂ ਦੇ ਵਿਚ ਉਤਸ਼ਾਹ ਵੇਖਣ ਨੂੰ ਮਿਲਿਆ। ਲੰਗਰ ਵਾਸਤੇ ਕੜ੍ਹੀ-ਚਾਵਲ, ਪਾਣੀ ਦੀਆਂ ਬੋਤਲਾਂ, ਚਾਹ ਅਤੇ ਹੋਰ ਖਾਣ-ਪੀਣ ਦਾ ਸਮਾਨ ਰੱਖਿਆ ਗਿਆ ਸੀ। ਟੌਰ-ੰਗਾ ਅਤੇ ਇਲਾਕੇ ਦੇ ਵਿਚ ਵਸਦੇ ਸਿੱਖਾਂ ਦੀ ਪਹਿਚਾਣ ਦਰਸਾਉਣ ਦੇ ਮਕਸਦ ਨਾਲ ਗੁਰਦਆਰਾ ਸਿੱਖ ਸੰਗਤ ਟੌਰੰਗਾ ਸਿਟੀ ਨੂੰ ਮਾਣ ਹੈ ਕਿ ਇਥੇ ਪਹਿਲੀ ਵਾਰ ਜਨਵਰੀ 2014 ਦੇ ਵਿਚ ਨਗਰ ਕੀਰਤਨ ਸਜਾਇਆ ਗਿਆ ਸੀ ਅਤੇ ਹੁਣ ਤੱਕ 7 ਨਗਰ ਕੀਰਤਨ ਹੋ ਚੁੱਕੇ ਹਨ। 'ਟੌਰੰਗਾ ਟਰਬਨ ਡੇਅ' ਹੁਣ ਟੌਰੰਗਾ ਸਿਟੀ ਕੌਂਸਿਲ ਵੱਲੋਂ ਹਰ ਸਾਲ ਮਨਾਇਆ ਜਾਣਾ ਅਤੇ ਇਸਨੂੰ ਸਲਾਨਾ ਕੈਲੰਡਰ ਦੇ ਵਿਚ ਸ਼ਾਮਿਲ ਕਰਨ ਦਾ ਸੰਕੇਤ ਮਿਲਣਾ ਵੀ ਸਿੱਖਾਂ ਦੀ ਪਛਾਣ ਦੇ ਲਈ ਇਕ ਵੱਡਾ ਪਲੇਟਫਾਰਮ ਹੈ।



ਦਸਤਾਰਾਂ ਦੀ ਮਹੱਤਤਾ ਨੂੰ ਵਧਾਉਣ ਵਾਸਤੇ ਅਜਿਹੇ ਉਪਰਾਲੇ ਸਿੱਖ ਪਛਾਣ ਦਾ ਬਿਹਤਰੀਨ ਜ਼ਰੀਆ ਵੀ ਹਨ ਤਾਂ ਕਿ ਲੋਕਾਂ ਨੂੰ ਸਿੱਖਾਂ ਬਾਰੇ ਕਈ ਵਾਰ ਪੈਂਦੇ ਭੁਲੇਖਿਆਂ ਨੂੰ ਘੱਟ ਕੀਤਾ ਜਾ ਸਕੇ। ਇਸ ਵਾਰ ਵੀ 300 ਤੋਂ ਜਿਆਦਾ ਵੱਖ-ਵੱਖ ਕੌਮਾਂ ਦੇ ਲੋਕਾਂ ਨੇ ਸਿਰਾਂ 'ਤੇ ਰੰਗ-ਬਿਰੰਗੀਆਂ ਦਸਤਾਰਾਂ ਸਜਾ ਕੇ ਇਸ ਦਿਨ ਨੂੰ 'ਦਸਤਾਰ ਦਿਵਸ' ਦੇ ਰੂਪ ਵਿਚ ਬਦਲ ਦਿੱਤਾ। ਕਈ ਦਿਨ ਤੱਕ ਇਹ ਦਸਤਾਰਾਂ ਹੁਣ ਸ਼ੋਸ਼ਲ ਮੀਡੀਏ ਉਤੇ ਵੀ ਛਾਈਆਂ ਰਹਿਣਗੀਆਂ। ਪੁਲਿਸ ਵਿਭਾਗ ਤੋਂ ਵੀ ਕੁਝ ਸਟਾਫ ਇਸ ਮੌਕੇ ਹਾਜ਼ਿਰ ਰਿਹਾ। ਕੁੱਲ ਮਿਲਾ ਕੇ ਇਹ ਦਸਤਾਰ ਦਿਵਸ ਅੱਜ ਟੌਰੰਗਾ ਦੇ ਵਿਚ ਦਸਤਾਰ ਦਾ ਸੁਨੇਹਾ ਜਰੂਰ ਛੱਡ ਗਿਆ।

# ਬ੍ਰਿਟੇਨ ਦੇ ਮਹਿਲਾ/ਦਲਿਤ ਸਮੂਹਾਂ ਨੇ ਯੂ.ਐਨ.ਨੂੰ ਲਿਖੀ ਚਿੱਠੀ

## ਯੋਗੀ ਤੋਂ ਖੋਹਿਆ ਜਾਵੇ ਸੀ.ਐਮ.ਦਾ ਅਹੁਦਾ

ਹਾਥਰਸ ਗੈਂਗਰੇਪ 'ਤੇ ਦੇਸ਼ ਭਰ ਵਿਚ ਗੁੱਸਾ ਹੈ। ਹੁਣ ਇਸ ਘਟਨਾ ਤੇ ਵਿਦੇਸ਼ ਵਿਚ ਵੀ ਚਰਚਾ ਆਰੰਭ ਹੋ ਗਈ ਹੈ। ਬ੍ਰਿਟੇਨ ਦੀ ਇਕ ਸਾਂਸਦ ਨੇ 30 ਤੋਂ ਜ਼ਿਆਦਾ ਔਰਤ ਗਰੁੱਪਾਂ ਅਤੇ ਦਲਿਤ ਸੰਸਥਾਵਾਂ ਦੇ ਨਾਲ ਇਸ ਮਾਮਲੇ ਵਿਚ ਸੰਯੁਕਤ ਰਾਸ਼ਟਰ ਤੋਂ ਦਖਲ ਦੇਣ ਦੀ ਅਪੀਲ ਕੀਤੀ ਹੈ। ਨਾਲ ਹੀ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੂੰ ਹਟਾਏ ਜਾਣ ਦੀ ਮੰਗ ਵੀ ਉਠਾਈ ਹੈ। ਦੱਸਿਆ ਗਿਆ ਹੈ ਕਿ ਬ੍ਰਿਟਿਸ਼ ਸਾਂਸਦ ਅਇਸਾਨਾ ਬੇਗਮ ਨੇ ਦਲਿਤ ਔਰਤ ਸੰਸਥਾਵਾਂ ਦੇ ਨਾਲ ਦੁਨੀਆਂ ਭਰ ਵਿਚ ਮੌਜੂਦ ਅੰਬੇਡਕਰ ਇੰਟਰਨੈਸ਼ਨਲ ਮਿਸ਼ਨ ਨੂੰ ਵੀ ਸ਼ਾਮਲ ਕਰਕੇ ਯੂ. ਐਨ. ਦੀ ਮਨੁੱਖੀ ਅਧਿਕਾਰ ਸੰਸਥਾ ਨੂੰ ਚਿੱਠੀ ਲਿਖੀ ਹੈ। ਇਸ ਵਿਚ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨਰ ਮਿਸ਼ੇਲ ਬੈਸ਼ਲੇਟ ਤੋਂ ਮੰਗ ਕੀਤੀ ਗਈ ਕਿ ਉਹ ਹਾਥਰਸ ਘਟਨਾ ਵਿਚ ਦਖਲ ਦੇਣ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕਰਨ ਕਿ ਉਹ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੂੰ ਹਟਾ ਦੇਣ। ਇਸ ਤੋਂ ਇਲਾਵਾ ਚਿੱਠੀ ਵਿਚ ਇਹ ਵੀ ਮੰਗ ਕੀਤੀ ਗਈ ਹੈ ਕਿ ਉਹਨਾਂ ਦੀ ਸਰਕਾਰ ਆਉਣ ਤੋਂ ਬਾਅਦ ਹਾਥਰਸ ਗੈਂਗਰੇਪ ਕੇਸ ਸਮੇਤ ਦਹਿਤ ਔਰਤਾਂ ਨਾਲ ਜੁੜੇ ਜੋ ਅਪਰਾਧ ਹੋਏ ਹਨ, ਉਹਨਾਂ ਤੇ ਅੰਤਰ ਰਾਸ਼ਟਰੀ ਜਾਂਚ ਬਿਠਾਈ ਜਾਵੇ।

# ਹਾਥਰਸ ਘਟਨਾ ਦੀ ਜਾਂਚ ਸੁਪਰੀਮ ਕੋਰਟ ਦੇ ਜੱਜ ਦੀ ਨਿਗਰਾਨੀ ਹੇਠ ਹੋਵੇ: ਚੀਮਾ

ਚੰਡੀਗੜ੍ਹ- ਹਾਥਰਸ ਘਟਨਾ ਦੇ ਪੀੜਤ ਪਰਿਵਾਰ ਨਾਲ ਮੁਲਾਕਾਤ ਕਰਕੇ ਆਏ ਆਮ ਆਦਮੀ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਅਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਦੋਸ਼ ਲਾਇਆ ਕਿ ਯੋਗੀ ਸਰਕਾਰ ਤੇ ਉਥੋਂ ਦਾ ਪ੍ਰਸ਼ਾਸਨ ਅਤੇ ਪੁਲਿਸ ਨੇ ਮਨੁੱਖੀ ਅਧਿਕਾਰਾਂ ਦਾ ਹਨਨ ਕਰਦਿਆਂ ਪੀੜਤ ਪਰਿਵਾਰ ਨੂੰ ਡਰਾ-ਧਮਕਾ ਕੇ ਨਜ਼ਰਬੰਦ ਕੀਤਾ ਹੋਇਆ ਹੈ। ਉਹਨਾਂ ਕਿਹਾ ਕਿ ਇਸ ਘਟਨਾ ਦੀ ਜਾਂਚ ਸੁਪਰੀਮ ਕੋਰਟ ਦੇ ਜੱਜਾਂ ਦੀ ਨਿਗਰਾਨੀ ਵਿਚ ਹੋਣੀ



ਚਾਹੀਦੀ ਹੈ। ਉਹਨਾਂ ਕਿਹਾ ਕਿ ਯੋਗੀ ਸਰਕਾਰ ਕੋਲੋਂ ਹਾਥਰਸ ਘਟਨਾ ਸਬੰਧੀ ਇਨਸਾਫ ਦੀ ਬਿਲਕੁਲ ਵੀ ਉਮੀਦ ਨਹੀਂ ਕੀਤੀ ਜਾ ਸਕਦੀ। ਵਿਰੋਧੀ ਧਿਰ ਦੇ ਆਗੂ ਨੇ ਇੱਥੇ ਕਿਹਾ ਕਿ ਡੋਨਾਲਡ ਟਰੰਪ ਅਤੇ ਉਹਨਾਂ ਦੀ ਪਤਨੀ ਮੇਲਾਨੀਆ ਟਰੰਪ ਦੀ ਕਰੋਨਾ ਪਾਜ਼ੇਟਿਵ ਹੋਣ ਦੀ ਖਬਰ ਆਉਂਦੀ ਹੈ ਤਾਂ ਦੇਸ਼ ਦੇ ਪ੍ਰਘਾਨ ਮੰਤਰੀ ਤੁਰੰਤ ਟਵੀਟ ਕਰਕੇ ਉਹਨਾਂ ਦੀ ਜਲਦੀ ਸਿਹਤਯਾਬੀ ਹੋਣ ਦੀ ਕਾਮਨਾ ਕਰਦੇ ਹਨ। ਜਦਕਿ ਹਾਥਰਸ 'ਚ ਦਲਿਤ ਲੜਕੀ ਦੀ ਮੌਤ 'ਤੇ ਮੋਦੀ ਨੇ ਇਕ ਵੀ ਸ਼ਬਦ ਨਹੀਂ ਕਿਹਹਾ। ਸ੍ਰੀ ਚੀਮਾ ਨੇ ਕਿਹਾ ਕਿ ਯੋਗੀ ਮਾਸੂਮ ਲੜਕੀ ਨਾਲ ਬਲਾਤਕਾਰ ਨਾ ਹੋਣ ਦੀਆਂ ਗੱਲਾਂ ਕਹਿ ਰਹੇ ਹਨ ਜਦਕਿ ਅਲੀਗੜ੍ਹ ਹਸਪਤਾਲ ਦੀ ਰਿਪੋਰਟ 'ਚ ਸਪਸ਼ਟ ਹੈ ਕਿ ਲੜਕੀ ਨਾਲ ਸਮੂਹਿਕ ਜਬਰ-ਜਨਾਹ ਕੀਤਾ ਗਿਆ ਹੈ। ਪੀੜਤ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਅੱਗੇ ਆਏ 14 ਲੋਕਾਂ 'ਤੇ ਕੇਸ ਦਰਜ ਕਰਨ ਦੀ ਵੀ ਉਹਨਾਂ ਨਿੰਦਾ ਕੀਤੀ।

ਉਹਨਾਂ ਕਿਹਾ ਕਿ ਯੋਗੀ ਸਰਕਾਰ ਹਾਥਰਸ ਘਟਨਾ ਦੀ ਜਾਂਚ ਸੀ. ਬੀ. ਆਈ. ਨੂੰ ਸੌਂਪਣ ਬਾਰੇ ਕਹਿ ਰਹੀ ਹੈ ਪਰ ਤਿੰਨ ਦਿਨ ਬੀਤ ਜਾਣ ਦੇ ਬਾਵਜੂਦ ਨੋਟੀਫਿਕੇਸ਼ਨ ਜਾਰੀ ਨਹੀਂ ਹੋਇਆ। ਆਪ ਵਿਧਾਇਕਾਂ ਨੇ ਹਾਥਰਸ ਘਟਨਾ ਦੀ ਜਾਂਚ ਸੁਪਰੀਮ ਕੋਰਟ ਦੇ ਮੌਜੂਦਾ ਜੱਜਾਂ ਦੀ ਨਿਗਰਾਨੀ ਹੇਠ ਕਰਵਾਉਣ ਦੀ ਮੰਗ ਕਰਦਿਆਂ ਕਿਹਾ ਕਿ ਕੇਸ ਦੀ ਅਦਾਲਤੀ ਕਾਰਵਾਈ ਤਿੰਨ ਮਹੀਨੇ 'ਚ ਪੂਰੀ ਕੀਤੀ ਜਾਵੇ। ਇਸ ਮੌਕੇ ਪ੍ਰਿੰਸੀਪਲ ਬੁੱਧਰਾਮ, ਮਨਜੀਤ ਸਿੰਘ ਬਿਲਾਸਪੁਰ, ਕੁਲਵੰਤ ਸਿੰਘ ਪੰਡੋਰੀ, ਮਾਸਟਰ ਬਲਦੇਵ ਸਿੰਘ ਵੀ ਹਾਜ਼ਰ ਸਨ।




NIRMAL SINGH BADHAN
NSB Insurance
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
for Insurance Call:
NIRMAL SINGH BADHAN
707-228-2020
Lic #0144676
Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928



Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM



'ਦੇਸ਼ ਦੁਆਬਾ' 'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸਾਹਿਬ ਕਾਂਸ਼ੀ ਰਾਮ ਦੇ ਹੁੰਦਿਆਂ ਪੰਜਾਬ ਵਿਚ ਬਸਪਾ ਦਾ ਉਦੈ

ਭਾਰਤ ਦੇ ਚੋਣ ਕਮਿਸ਼ਨ ਵੱਲੋਂ 19 ਫਰਵਰੀ 1992 ਦਾ ਦਿਨ ਪੰਜਾਬ ਅੰਦਰ ਵਿਧਾਨ ਸਭਾ ਤੇ ਸੰਸਦੀ ਚੋਣਾਂ ਲਈ ਨਿਸਚਿਤ ਕੀਤਾ ਗਿਆ। ਪਰ 1991 ਦੀ ਚੋਣ ਦੇ ਉਲਟ ਇਸ ਵਾਰ ਵੱਖ ਵੱਖ ਅਕਾਲੀ ਧੜਿਆਂ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਗੁੱਟਾਂ ਵੱਲੋਂ ਚੋਣਾਂ ਦਾ ਮੁਕੰਮਲ ਬਾਈਕਾਟ ਕਰਨ ਦਾ ਫੈਸਲਾ ਲਿਆ ਗਿਆ। ਚਰਚਾ ਸੀ ਕਿ ਸਰਕਾਰੀ ਏਜੰਸੀਆਂ ਦੇ ਦਬਾਅ ਕਾਰਨ ਅਜਿਹਾ ਕੀਤਾ ਗਿਆ ਹੈ। ਸ਼ਰੇਆਮ ਪਰਚਾਰ ਕੀਤਾ ਜਾ ਰਿਹਾ ਸੀ ਕਿ ਜੇ ਕੋਈ ਵੋਟ ਪਾਉਣ ਜਾਵੇਗਾ ਤਾਂ ਉਹ ਆਪਣਾ ਕੱਫਣ ਤਿਆਰ ਕਰਕੇ ਜਾਵੇ। ਪੰਜਾਬ ਦਾ ਮਾਹੌਲ ਪੂਰਾ ਦਹਿਸ਼ਤਜ਼ਦਾ ਅਤੇ ਤਣਾਅ ਪੂਰਨ ਸੀ। ਪਰ ਪਰਧਾਨ ਮੰਤਰੀ ਪੀ. ਵੀ. ਨਰ ਸਿਮਹਾ ਰਾਓ ਦੀ ਕਾਂਗਰਸੀ ਸਰਕਾਰ ਹਰ ਹਾਲਤ ਵਿਚ ਚੋਣਾਂ ਕਰਵਾਉਣ ਲਈ ਬਜਿਦ ਸੀ। ਇਸ ਵਾਰ ਕਾਂਗਰਸ ਪਾਰਟੀ ਦੇ ਮੁਕਾਬਲੇ ਬਹੁਜਨ ਸਮਾਜ ਪਾਰਟੀ ਆਪਣੇ ਦਮ ਖਮ ਤੇ ਚੋਣ ਮੈਦਾਨ ਵਿੱਚ ਡਟ ਕੇ ਖੜ੍ਹੀ ਹੋ ਗਈ। ਉਮੀਦਵਾਰ ਭਾਰੀ ਸੁਰੱਖਿਆ ਹੇਠ ਚੋਣ ਪਰਚਾਰ ਵਿੱਚ ਰੁੱਝ ਗਏ। ਪਰ ਪਿੰਡਾਂ ਤੇ ਕਸਬਿਆਂ ਵਿੱਚ ਡਰ ਅਤੇ ਸਹਿਮ ਦਾ ਮਹੌਲ ਸੀ। ਲੋਕਾਂ ਵਿਚ ਚੋਣਾਂ ਦੌਰਾਨ ਪਾਈ ਜਾਂਦੀ ਗਰਮਜੋਸ਼ੀ ਲਗਭਗ ਗਾਇਬ ਸੀ।

ਫਿਰ ਵੀ ਮੈਂ ਬੁਲੰਦ ਹੌਸਲੇ ਨਾਲ ਫਿਰੋਜ਼ਪੁਰ ਛਾਉਣੀ ਜਨਰਲ ਹਲਕੇ ਤੋਂ ਸਾਹਿਬ ਕਾਂਸ਼ੀ ਰਾਮ ਜੀ ਦੇ ਦਿਸ਼ਾ ਨਿਰਦੇਸ਼ ਹੇਠ ਚੋਣ ਮੈਦਾਨ ਵਿੱਚ ਡਟ ਗਿਆ। ਨਾ ਸਾਜ਼ਗਾਰ ਹਾਲਾਤਾਂ ਦੇ ਬਾਵਜੂਦ ਵੀ ਬਸਪਾ ਕਾਰਜਕਰਤਾਵਾਂ ਵਿਚ ਭਾਰੀ ਉਤਸ਼ਾਹ ਸੀ। ਮੁਕਾਬਲੇ ਤੇ ਕਾਂਗਰਸ ਪਾਰਟੀ ਦਾ ਧਨਾਢ ਉਮੀਦਵਾਰ ਐਡਵੋਕੇਟ ਗੁਰਨੈਬ ਸਿੰਘ ਬਰਾੜ ਤੇ ਕਾਂਗਰਸ ਦਾ ਬਾਗੀ ਯੂਥ ਆਗੂ ਰਵਿੰਦਰ ਸਿੰਘ ਸੰਧੂ (ਬੱਬਲ) ਰਜਵਾੜਾਨੁਮਾ ਜਗੀਰਦਾਰ ਚੋਣ ਲੜ ਰਹੇ ਸਨ।

ਅਸੀਂ ਛੋਟੇ ਛੋਟੇ ਸਾਧਨਾਂ ਨਾਲ ਨੰਗੇਧੜ ਲੜਦਿਆਂ ਉਹਨਾਂ ਲਈ ਵੰਗਾਰ ਬਣ ਖੜ੍ਹੇ ਸਾਂ।ਬਾਈਕਾਟ ਦੇ ਬਾਵਜੂਦ ਅਕਾਲੀ ਧਿਰਾਂ ਰਵਿੰਦਰ ਸੰਧੂ ਦੀ ਧਿਰ ਬਣ ਖੜੋਤੀਆਂ। ਇਕ ਸਹਾਇਕ ਥਾਣੇਦਾਰ ਦੀ ਅਗਵਾਈ 'ਚ ਛੇ ਪੰਜਾਬ ਪੁਲਿਸ ਦੇ ਮੁਲਾਜ਼ਮ ਤੇ ਇਕ ਸਬ ਇੰਸਪੈਕਟਰ ਦੀ ਕਮਾਂਡ ਹੇਠ ਵੱਡੀ ਗਿਣਤੀ ਵਿੱਚ ਸੀਮਾ ਸੁਰੱਖਿਆ ਬਲ ਦੇ ਜੁਆਨ ਮੇਰੀ ਸੁਰੱਖਿਆ ਲਈ ਤੈਨਾਤ ਕੀਤੇ ਗਏ। ਮੈਂ ਜੇਲ੍ਹ ਦੇ ਸਾਹਮਣੇ ਰਾਜਾ ਟਾਕੀਜ ਵਿਚ ਇਕ ਵੱਡਾ ਹਾਲ ਤੇ ਕਮਰੇ ਬੁੱਕ ਕਰਵਾ ਲਏ। ਫਿਰ ਕੁਝ ਦਿਨਾਂ ਬਾਅਦ 151- ਸੰਤ ਲਾਲ ਰੋਡ ਫਿਰੋਜ਼ਪੁਰ ਛਾਉਣੀ ਵਿਖੇ ਜਾ ਡੇਰਾ ਲਾਇਆ। ਜਿੱਥੇ ਪਹਿਲਾਂ ਖੁਰਾਕ ਤੇ ਸਪਲਾਈਜ਼ ਵਿਭਾਗ ਦਾ ਦਫਤਰ ਹੋਇਆ ਕਰਦਾ ਸੀ। ਕਿਉਂਕਿ ਐਨੇ ਵਡੇ ਦਲ ਬਲ ਨੂੰ ਮੁਹੱਲੇ ਵਿਚ ਸੰਭਾਲਣਾ ਮੁਸ਼ਕਿਲ ਸੀ।

ਮੈ ਇਕ ਜੁਗਾੜੂ ਜੀਪ ਦਾ ਪਰਬੰਧ ਕਰ ਲਿਆ ਸੀ। ਜਿਸਨੇ ਬੇਸ਼ੱਕ ਇਲਾਕੇ 'ਚ ਧੁੰਮ ਮਚਾ ਰੱਖੀ ਸੀ ਪਰ ਜਗੀਰਦਾਰਾਂ ਤੇ ਧਨਾਢਾਂ ਦੇ ਸਾਧਨਾਂ ਦੇ ਮੁਕਾਬਲੇ ਦੋ ਕਸਬਿਆਂ ਇਕ ਸ਼ਹਿਰ ਅਤੇ ਸੌ ਤੋਂ ਵੱਧ ਪਿੰਡਾਂ ਵਿਚ ਪਹੁੰਚ ਕਰਨਾ ਜ਼ੋਖਮ ਭਰਿਆ ਤੇ ਕਠਿਨ ਕਾਰਜ ਸੀ। ਭੋਲੇ ਭਾਲੇ, ਅਣਥੱਕ ਤੇ ਨਿਡਰ ਕਾਰਜਕਰਤਾ ਜੋ ਰਾਜਨੀਤਕ ਚਾਲਾਂ ਤੋਂ ਅਣਜਾਣ ਸਨ, ਮੇਰੀ ਧਰੋਹਰ ਸਨ। ਆਮ ਦਲਿਤ ਲੋਕ ਕਾਂਗਰਸ ਨੂੰ ਆਪਣੀ ਮਾਂ ਸਮਝਦੇ ਸਨ ਤੇ ਕਾਂਗਰਸ ਨਾਲੋਂ ਟੁੱਟਣਾ ਉਹਨਾਂ ਨੂੰ ਧਰਮ ਬਦਲੀ ਵਾਂਗ ਲੱਗਦਾ ਸੀ। 1985 ਦੀ ਚੋਣ ਦੌਰਾਨ ਹਲਕੇ ਦੇ ਆਖਰੀ ਪਿੰਡ ਗਿੱਲ ਦੇ ਦਲਿਤ ਸਾਡੀ ਗੱਲ ਸੁਣਨ ਲਈ ਵੀ ਤਿਆਰ ਨਹੀਂ ਸਨ ਸਗੋਂ ਸਾਨੂੰ ਉਹਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਇਸ ਤਰ੍ਹਾਂ ਦੇ ਹਾਲਤ ਕਈ ਪਿੰਡਾਂ ਵਿਚ ਸਨ। ਸ਼ਹਿਰੀ ਵੋਟਰ ਤਾਂ ਸਾਡੇ ਤੋਂ ਦੂਰੀ ਬਣਾ ਕੇ ਰੱਖਦਾ ਸੀ ਪਰ ਫਿਰ ਵੀ ਟਾਂਵੇਂ ਟਾਂਵੇਂ ਵਰਕਰ ਨਿੱਤਰ ਪਏ ਸਨ। ਏਸੇ ਤਰ੍ਹਾਂ ਮਾਸਟਰ ਓਮ ਪਰਕਾਸ਼ ਦੀ ਪ੍ਰੇਰਨਾ ਸਦਕਾ ਗਿੱਲ ਪਿੰਡ ਦੇ ਇਕ ਅਧਿਆਪਕ ਠਾਣਾ ਸਿੰਘ ਤੇ ਖੁਰਾਕ ਅਤੇ ਸਪਲਾਈ ਵਿਭਾਗ ਦੇ ਮੁਲਾਜ਼ਮ ਮੁਖਤਿਆਰ ਸਿੰਘ ਫੌਜੀ 1987 'ਚ ਮੇਰੇ ਸੰਪਰਕ 'ਚ ਆਉਣ ਕਰਕੇ ਉਹ ਸਾਹਿਬ ਕਾਂਸ਼ੀ ਰਾਮ ਜੀ ਦੇ ਸਮਾਜਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਦੇ ਸਮਰੱਥਕ ਬਣ ਗਏ ਸਨ। ਇਉਂ ਇਹ ਪਿੰਡ ਹੁਣ ਬਸਪਾ ਸਰਗਰਮੀਆਂ ਦਾ ਕੇਂਦਰ ਬਣ ਚੁੱਕਿਆ ਸੀ। ਇਸ ਪਿੰਡ ਦਾ ਨੌਜੁਆਨ ਗੁਰਨਾਮ ਸਿੰਘ ਭੱਟੀ ਬਹੁਜਨ ਲਹਿਰ ਲਈ ਗੀਤ ਲਿਖਣ ਲੱਗ ਪਿਆ ਤੇ ਉਸੇ ਪਿੰਡ ਦਾ ਇਕ ਹੋਰ ਉਤਸ਼ਾਹੀ ਸਾਥੀ ਹਾਕਮ ਸਿੰਘ ਪੰਛੀ ਤੂੰਬੀ ਤੇ ਗੀਤ ਗਾ ਕੇ ਪਿੰਡ ਪਿੰਡ ਪਰਚਾਰ ਕਰਨ ਲੱਗ ਪਿਆ। ਇਸ ਚੋਣ ਦੌਰਾਨ ਭੱਟੀ ਨੇ ਇਕ ਗੀਤ ਲਿਖਿਆ _

ਕਾਂਗਰਸੇ ਤੈਨੂੰ ਰਹਿਣ ਦੇਣਾ
ਤੂੰ ਐਵੇਂ ਨਾ ਜਾਣੀ।
ਪੂਛ ਚੁਕਾ ਦੇਊਗਾ
ਲਾਲ ਸਿੰਘ ਸੁਲਹਾਣੀ।

ਜੋ ਬਹੁਤ ਚਰਚਿਤ ਹੋਇਆ ਤੇ ਪੰਛੀ ਤੋਂ ਸਾਰੇ ਪਿੰਡਾਂ 'ਚ ਹਰ ਸਟੇਜ ਤੇ ਸੁਣਿਆਂ ਜਾਂਦਾ। ਕਾਂਗਰਸੀ ਉਮੀਦਵਾਰ 1985 ਦੀ ਚੋਣ ਬਸਪਾ ਕਾਰਨ ਹਾਰ ਚੁੱਕਾ ਸੀ ਇਸ ਲਈ ਉਹ ਅੰਦਰੋ ਅੰਦਰੀ ਬਹੁਤ ਭੈ ਭੀਤ ਸੀ। ਫਿਰ ਵੀ ਉਹ ਸਰਕਾਰੀ ਤੰਤਰ ਸਹਾਰੇ ਜਿੱਤ ਲਈ ਆਸਵੰਦ ਸੀ। ਬਾਗੀ ਕਾਂਗਰਸੀ ਉਮੀਦਵਾਰ ਬੱਬਲ ਸੰਧੂ ਵੱਲੋਂ ਧਨ ਬਲ ਨਾਲ ਸਰਗਰਮ ਮੁਹਿੰਮ ਵਿੱਢੀ ਹੋਈ ਸੀ ਤੇ ਬਾਈਕਾਟ ਦੇ ਬਾਵਜੂਦ ਅਕਾਲੀ ਧਿਰਾਂ ਉਹਦੀ ਮੁਹਿੰਮ ਦੀਆਂ ਮੋਹਰੀ ਬਣ ਖੜੋਤੀਆਂ ਸਨ। ਉਹਦਾ ਚੋਣ ਨਿਸ਼ਾਨ ਚੜ੍ਹਦਾ ਸੂਰਜ ਸੀ। ਮੈਂ ਦਲਿਤ ਵਿਹੜਿਆਂ ਵਿੱਚ ਪਿੰਡ ਪਿੰਡ ਜਾਕੇ ਲੋਕਾਂ ਦੀ ਅਣਖ ਨੂੰ ਟੁੰਬਦਿਆਂ ਆਖਦਾ ਕਿ "ਜਿੰਨਾਂ ਚਿਰ ਧਨਾਢ ਜਗੀਰਦਾਰਾਂ ਦੇ ਸੂਰਜ ਚੜ੍ਹਦੇ ਰਹਿਣਗੇ ਤੁਹਾਡੇ ਢਾਰਿਆਂ, ਤੁਹਾਡੇ ਕੱਚੇ ਘਰਾਂ ਵਿਚ ਹਨੇਰਾ ਪਸਰਿਆ ਰਹੇਗਾ। ਤੁਸੀਂ ਆਪਣੇ ਦੀਪ ਆਪ ਬਣੋ। ਧਨਾਢਾਂ ਦੇ ਨੋਟ ਠੁਕਰਾ ਕੇ ਵੋਟ ਤੰਤਰ ਵਿਚ ਆਪਣੇ ਵੋਟਾਂ ਨਾਲ ਆਪ ਹੁਕਮਰਾਨ ਬਣੋ।" ਮੇਰੇ ਜੋਸ਼ੀਲੇ ਭਾਸ਼ਣਾਂ ਨਾਲ ਉਤਸ਼ਾਹੀ ਨੌਜੁਆਨ ਸਾਡੀ ਲਹਿਰ ਦਾ ਅੰਗ ਬਣਨ ਲੱਗੇ।

ਇਸ ਚੋਣ ਵਿਚ ਬਸਪਾ ਬੇਸ਼ੱਕ 7012 ਵੋਟਾਂ ਲੈਕੇ ਤੀਜੇ ਨੰਬਰ ਤੇ ਤਿਲਕ ਗਈ। ਅਕਾਲੀ ਧਿਰਾਂ ਦਾ ਆਜ਼ਾਦ ਉਮੀਦਵਾਰ ਬੱਬਲ ਸੰਧੂ 17891 ਵੋਟਾਂ ਹਾਸਲ ਕਰਕੇ ਮੈਦਾਨ ਮਾਰ ਗਿਆ ਪਰ ਬਸਪਾ ਕਾਰਨ ਕਾਂਗਰਸੀ ਉਮੀਦਵਾਰ 16345 ਵੋਟਾਂ ਲੈਕੇ ਸਿਰਫ 1546 ਵੋਟਾਂ ਦੇ ਫ਼ਰਕ ਨਾਲ ਐਸਾ ਲੁੜਕਿਆ ਕਿ ਉਹ ਹਮੇਸ਼ਾ ਲਈ ਰਾਜਸੀ ਰੰਗਮੰਚ ਤੋਂ ਅਲੋਪ ਹੋ ਗਿਆ।

ਫਿਰੋਜ਼ਪੁਰ ਸ਼ਹਿਰ ਸੀਟ ਤੋਂ ਬਸਪਾ ਦੇ ਉਮੀਦਵਾਰ ਮੁਖਤਿਆਰ ਸਿੰਘ ਮੁੱਤੀ ਕੰਬੋਜ ਨੂੰ ਸੈਂਕੜੇ ਵੋਟਾਂ ਨਾਲ ਜਿੱਤਦੇ ਜਿੱਤਦੇ ਨੂੰ ਅੰਕੜਿਆਂ ਦੇ ਹੇਰ ਫੇਰ ਨਾਲ ਉਹਦੇ ਖਾਤੇ ਵਿਚ 12158 ਵੋਟਾਂ ਦਰਸਾ ਕੇ ਸਿਫਰ 355 ਵੋਟਾਂ ਦੇ ਫ਼ਰਕ ਨਾਲ ਹਾਰਿਆ ਹੋਇਆ ਐਲਾਨ ਦਿੱਤਾ ਗਿਆ ਤੇ ਪੰਡਤ ਬਾਲ ਮੁਕੰਦ ਸ਼ਰਮਾ ਕਾਂਗਰਸੀ ਉਮੀਦਵਾਰ 12513 ਵੋਟਾਂ ਲੈਕੇ ਜੇਤੂ ਕਰਾਰ ਦੇ ਦਿੱਤਾ ਗਿਆ। ਜਦੋਂ ਕਿ ਨਤੀਜਾ ਇਸ ਦੇ ਉਲਟ ਸੀ ਪਰ ਆਰ ਓ ਕਮ ਐਸ ਡੀ ਐਮ ਫਿਰੋਜ਼ਪੁਰ ਰਾਜਸੀ ਦਬਾਅ ਅਧੀਨ ਪੱਖਪਾਤੀ ਰੁੱਖ ਅਖਤਿਆਰ ਕਰ ਰਿਹਾ ਸੀ। ਜਿਸ ਕਰਕੇ ਬਸਪਾ ਵਰਕਰ ਗੁੱਸੇ ਤੇ ਵਿਦਰੋਹ ਦੇ ਰੌਅ 'ਚ ਸਨ।

ਜੋ ਭਾਰੀ ਗਿਣਤੀ ਵਿਚ ਡਿਪਟੀ ਕਮਿਸ਼ਨਰ ਦਫਤਰ ਵੱਲ ਪ੍ਰਦਰਸ਼ਨ ਕਰਨ ਲਈ ਵਧ ਰਹੇ ਸਨ। ਏਸੇ ਦੌਰਾਨ ਸਾਨੂੰ ਦੱਸਿਆ ਗਿਆ ਕਿ ਬਹੁਜਨ ਸਮਾਜ ਪਾਰਟੀ ਦਾ ਲੋਕ ਸਭਾ ਦਾ ਉਮੀਦਵਾਰ ਮੋਹਣ ਸਿੰਘ ਫ਼ਲੀਆਂ ਵਾਲਾ ਵੋਟਾਂ ਨਾਲ ਤਾਂ ਜਿੱਤ ਰਿਹਾ ਐ ਪਰ ਕਾਂਗਰਸ ਦੀ ਕੇਂਦਰੀ ਸਰਕਾਰ ਹਰ ਹੀਲੇ ਗੁਰਦਾਸਪੁਰ ਤੋਂ ਲਿਆਂਦੇ ਆਪਣੇ ਉ-ਮੀਦਵਾਰ ਕਾਂਗਰਸ ਦੇ ਪਰਧਾਨ ਸੰਤੋਖ ਸਿੰਘ ਰੰਧਾਵਾ ਨੂੰ ਜਿਤਾਉਣ ਲਈ ਅੜੀ ਹੋਈ ਹੈ। ਇਹ ਸੁਣ ਕੇ ਬਸਪਾ ਕਾਰਜਕਰਤਾ ਹੋਰ ਭੜਕ ਪਏ ਬਸਪਾ ਵਰਕਰਾਂ ਦਾ ਜੋਸ਼ ਉਬਾਲੇ ਮਾਰ ਰਿਹਾ ਸੀ। ਉਹ ਕੁਝ ਵੀ ਕਰ ਗੁਜਰਨ ਲਈ ਤਿਆਰ ਬਰ ਤਿਆਰ ਸਨ। ਮੈਂ ਤੇ ਮੁਖਤਿਆਰ ਸਿੰਘ ਕੰਬੋਜ ਵਰਕਰਾਂ ਦੀ ਅਗਵਾਈ ਕਰ ਰਹੇ ਸਾਂ। ਸ਼ੇਰ ਸ਼ਾਹ ਵਲੀ ਵਾਲਾ ਮੇਨ ਚੌਕ ਜਾਮ ਕਰ ਦਿਤਾ ਗਿਆ। ਭਾਰੀ ਹਜੂਮ ਵਲੋਂ ਆਵਾਜਾਈ ਠੱਪ ਕਰ ਦਿੱਤੀ ਗਈ। ਪਲੋ ਪਲੀ ਲੋਕਾਂ ਦਾ ਵਿਦਰੋਹੀ ਇਕੱਠ ਵਧਦਾ ਜਾ ਰਿਹਾ ਸੀ। ਉੱਧਰ ਇਕ ਇਮਾਨਦਾਰ ਆਰ ਓ ਕਮ ਡਿਪਟੀ ਕਮਿਸ਼ਨਰ ਰਕੇਸ਼ ਕੁਮਾਰ ਆਈ ਏ ਐਸ ਕਿਸੇ ਰਾਜਨੀਤਿਕ ਦਬਾਅ ਹੇਠ ਆਕੇ ਗ਼ਲਤ ਨਤੀਜਾ ਐਲਾਨ ਕਰਨ ਤੋਂ ਇਨਕਾਰੀ ਹੋ ਖੜੋਤਾ। ਮੋਹਣ ਸਿੰਘ ਫ਼ਲੀਆਂ ਵਾਲਾ 150903 ਵੋਟਾਂ ਅਤੇ ਸੰਤੋਖ ਸਿੰਘ ਰੰਧਾਵਾ ਨੂੰ 149607 ਵੋਟਾਂ ਪਈਆਂ ਸਨ ਇਸ ਤਰ੍ਹਾਂ ਬਸਪਾ ਉਮੀਦਵਾਰ ਨੂੰ 1296 ਵੋਟਾਂ ਨਾਲ ਜੇਤੂ ਕਰਾਰ ਦੇ ਦਿੱਤਾ ਗਿਆ। ਬੇਸ਼ੱਕ ਉਹ ਨੂੰ ਕੁੱਝ ਦਿਨਾਂ ਬਾਅਦ ਕਿਧਰੇ ਖੁੱਡੇ ਲਾਈਨ ਲਾ ਦਿੱਤਾ ਗਿਆ। ਬਦ ਦਿਆਨਤਦਾਰੀ, ਭਰਿਸ਼ਟ ਤੇ ਲੁੱਟ ਖਸੁੱਟ ਵਾਲੇ ਦੌਰ ਵਿਚ ਵੀ ਉਹ "ਕੋਈ ਹਰਿਆ ਬੂਟਿ ਰਹਿਓ ਰੀ" ਦੀ ਖੂਬਸੂਰਤ ਮਿਸਾਲ ਕਾਇਮ ਕਰ ਗਿਆ।



ਲਾਲ ਸਿੰਘ ਸੁਲਹਾਣੀ
91-98721-55120

ਸਾਹਿਬ ਕਾਂਸ਼ੀ ਰਾਮ ਜੀ ਦੇ ਚਮਤਕਾਰ ਸਦਕਾ ਸੰਸਦੀ ਇਤਿਹਾਸ ਵਿਚ ਰਾਜਨੀਤੀ ਤੋਂ ਬਿਲਕੁੱਲ ਕੋਰਾ ਇਕ ਸਧਾਰਨ ਪਰਿਵਾਰ ਦਾ ਦਲਿਤ ਰਾਏ ਸਿੱਖ ਨੌਜਵਾਨ ਖੱਬੀਖਾਨਾਂ ਨੂੰ ਚਿੱਤ ਕਰਕੇ ਪਹਿਲੀ ਵਾਰ ਸੰਸਦ ਦੀਆਂ ਪੌੜੀਆਂ ਚੜ੍ਹਨ ਵਿਚ ਕਾਮਯਾਬ ਹੋ ਗਿਆ। ਧਰਮਕੋਟ ਰਿਜ਼ਰਵ ਸੀਟ ਤੋਂ ਗਰੀਬ ਪਰਵਾਰ ਦਾ ਇਕ ਅਲੂੰਆਂ ਚੋਬਰ ਕਾਲਜ ਚੋਂ ਨਿਕਲਦਿਆਂ ਵਿਧਾਇਕ ਬਣ ਗਿਆ। ਗਰੀਬ ਪਰਵਾਰਾਂ ਦੇ ਨੌਸਿੱਖੀਏ ਦੁਆਬੇ ਚੋਂ ਬਸਪਾ ਦੇ ਛੇ ਤੇ ਮਾਲਵੇ ਚੋਂ ਤਿੰਨ ਵਿਧਾਇਕ ਜਿੱਤ ਗਏ। ਪਹਿਲੀ ਵਾਰ ਬਸਪਾ ਮੁੱਖ ਵਿਰੋਧੀ ਧਿਰ ਵਜੋਂ ਵਿਧਾਨ ਸਭਾ 'ਚ ਦਾਖਲ ਹੋਣ ਵਿਚ ਕਾਮਯਾਬ ਹੋਈ ਤਾਂ ਰਾਜਨੀਤਕ ਪੰਡਤਾਂ ਦੇ ਦੰਦ ਜੁੜ ਗਏ। ਬੇਸ਼ੱਕ ਬਸਪਾ ਦੀ ਚੜ੍ਹਤ ਰੋਕਣ ਲਈ ਕਾਂਗਰਸ ਪਾਰਟੀ ਨੇ ਆਤੰਕਵਾਦ ਦੀ ਆੜ ਵਿਚ ਦੋ ਦਰਜਨ ਤੋਂ ਵਧ ਬਸਪਾ ਕਾਰਕੁਨਾਂ ਨੂੰ ਬਲੀ ਦਾ ਬੱਕਰਾ ਬਣਾਉਣ ਲਈ ਸਾਜਸ਼ੀ ਵਿਉਂਤਬੰਦੀ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ। ਜੇ ਨਿਰਪਖ ਤੇ ਆਜ਼ਾਦ ਚੋਣ ਹੁੰਦੀ ਤਾਂ ਪੰਜਾਬ ਦਾ ਚੋਣ ਨਤੀਜਾ ਹੋਰ ਹੋਣਾ ਸੀ।

# 'ਲਾਲ ਸਿੰਘ ਸੁਲਹਾਣੀ' ਨੂੰ ਤਾਂ ਗੋਲੀ ਮਾਰ ਦਿੱਤੀ ਗਈ ਐ

ਲੰਮੇ ਅਰਸੇ ਤੋਂ ਗਵਰਨਰੀ ਰਾਜ ਦਾ ਸੰਤਾਪ ਹੰਢਾਉਂਦੇ ਪੰਜਾਬ ਅੰਦਰ ਵੀ ਆਮ ਸੰਸਦੀ ਚੋਣਾਂ ਦੇ ਨਾਲ ਹੀ 22 ਜੂਨ 1991 ਨੂੰ ਪੰਜਾਬ ਅਸੰਬਲੀ ਤੇ ਲੋਕ ਸਭਾਈ ਚੋਣਾਂ ਕਰਵਾਉਣ ਦਾ ਭਾਰਤ ਦੇ ਚੋਣ ਕਮਿਸ਼ਨ ਵਲੋਂ ਐਲਾਨ ਹੋ ਗਿਆ। ਮੈਨੂੰ ਬਹੁਜਨ ਸਮਾਜ ਪਾਰਟੀ ਦੇ ਸੁਪਰੀਮੋ ਸਾਹਿਬ ਕਾਂਸ਼ੀ ਰਾਮ ਜੀ ਵਲੋਂ ਫਿਰੋਜ਼ਪੁਰ ਛਾਉਣੀ ਜਨਰਲ ਹਲਕੇ ਤੋਂ ਪਾਰਟੀ ਉਮੀਦਵਾਰ ਨਾਮਜ਼ਦ ਕਰ ਦਿੱਤਾ ਗਿਆ ਅਤੇ ਮੇਰੀ ਸਿਫਾਰਸ਼ ਤੇ ਪੜ੍ਹੇ ਲਿਖੇ, ਬਾਰਸੂਖ ਤੇ ਉਘੇ ਕੰਬੋਜ ਆਗੂ ਮੁਖਤਿਆਰ ਸਿੰਘ ਮੁਤੀ ਨੂੰ ਫਿਰੋਜ਼ਪੁਰ ਸ਼ਹਿਰ ਤੋਂ ਉਮੀਦਵਾਰ ਘੋਸ਼ਿਤ ਕਰ ਦਿੱਤਾ। ਭਾਵੇਂ ਬਸਪਾ 'ਚ ਕਈ ਕੰਬੋਜ ਕਾਰਜ ਕਰਤਾ ਮੌਜੂਦ ਸਨ ਜਿਹਨਾਂ ਵਿਚ ਸਿਰਕਢ ਨਾਮ ਜਸਵੰਤ ਸਿੰਘ, ਅਵਤਾਰ ਸਿੰਘ ਕੰਬੋਜ, ਸੁਰਜੀਤ ਸਿੰਘ ਥਿੰਦ, ਪੂਰਨ ਸਿੰਘ ਬਾਰੇ ਕੇ, ਨਰੰਜਣ ਸਿੰਘ ਵਗੈਰਾ। ਪਰ ਮੁੱਤੀ ਦੀ ਸ਼ਮੂਲੀਅਤ ਨਾਲ ਕੰਬੋਜ ਭਾਈਚਾਰੇ ਵਿਚ ਇਕ ਖੁਸ਼ੀ ਦੀ ਲਹਿਰ ਦੌੜ ਗਈ। ਬੇਸ਼ੱਕ ਇਹਨਾਂ ਦੋਵਾਂ ਹਲਕਿਆਂ ਵਿਚ ਕੰਬੋਜ ਬਰਾਦਰੀ ਦੀ ਚੋਖੀ ਤੇ ਚੋਣ ਨੂੰ ਪ੍ਰਭਾਵਤ ਕਰਨ ਜੋਗੀ ਵੋਟ ਮੌਜੂਦ ਸੀ ਪਰ ਫਿਰ ਵੀ ਕਿਸੇ ਮਾਨਤਾ ਪ੍ਰਾਪਤ ਪਾਰਟੀ ਵਲੋਂ ਕੋਈ ਕੰਬੋਜ ਪਹਿਲੀ ਵਾਰ ਇਸ ਹਲਕੇ ਤੋਂ ਚੋਣ ਮੈਦਾਨ ਵਿਚ ਉਤਾਰਿਆ ਗਿਆ ਸੀ ਜਿਸ ਕਾਰਨ ਕੰਬੋਜ ਭਾਈਚਾਰੇ ਅੰਦਰ ਇਕ ਖਾਸ ਉਤਸ਼ਾਹ ਉਮੜ ਪਿਆ ਸੀ।ਮੁਖਤਿਆਰ ਸਿੰਘ ਮੁਤੀ ਨੇ ਸਾਹਿਬ ਕਾਂਸ਼ੀ ਰਾਮ ਨੂੰ ਵਿਸਵਾਸ਼ ਦਵਾਇਆ ਸੀ ਕਿ ਫਿਰੋਜ਼ਪੁਰ ਛਾਉਣੀ ਤੇ ਸ਼ਹਿਰ ਹਲਕੇ ਨਾਲ ਨਾਲ ਲੱਗਦੇ ਹਨ ਅਸੀਂ ਰਲ ਮਿਲ ਕੇ ਮੁਹਿੰਮ ਚਲਾਵਾਂਗੇ ਤੇ ਦੋਵੇਂ ਸੀਟਾਂ ਤਾਂ ਜਿੱਤਾਂਗੇ ਹੀ ਇਸ ਨਾਲ ਹੀ ਲੋਕ ਸਭਾ ਵਿਚ ਵੀ ਬਸਪਾ ਨੂੰ ਭਾਰੀ ਲਾਭ ਹੋਵੇਗਾ। ਭਾਵੇਂ ਬਸਪਾ ਪੰਜਾਬ ਦੇ ਪਰਧਾਨ ਮੋਹਣ ਸਿੰਘ ਫਲੀਆਂ ਵਾਲਾ ਖੁਦ ਲੋਕ ਸਭਾ ਚੋਣ ਲੜ ਰਿਹਾ ਸੀ ਪਰ ਫਿਰ ਵੀ ਉਹਦੇ ਖੇਮੇ ਅੰਦਰ ਇਹ ਖਬਰ ਬੰਬ ਡਿੱਗਣ ਵਾਂਗ ਵੇਖੀ ਗਈ। ਹਾਲਾਂਕਿ ਉਹ ਲੋਕ ਸਭਾ ਦੀ ਚੋਣ ਲੜ ਰਿਹਾ ਸੀ ਤੇ ਉਸਨੂੰ ਇਸਦਾ ਵਧੇਰੇ ਲਾਭ ਸੀ।

ਉਹ ਦਿੱਲੀ ਜਾਕੇ ਬਾਮਸੇਫ ਦੇ ਇਕ ਗੁੱਟ ਨੂੰ ਨਾਲ ਲੈਕੇ ਮੁਖਤਿਆਰ ਸਿੰਘ ਮੁੱਤੀ ਦੀ ਟਿਕਟ ਬਦਲਾਉਣ ਲਈ ਆਖਰੀ ਦਿਨ ਤੱਕ ਜੁਟਿਆ ਰਿਹਾ। ਪਰ ਜਦੋਂ ਸਾਹਿਬ ਕਾਂਸ਼ੀ ਰਾਮ ਜੀ ਨੇ ਅਜਿਹਾ ਨਾ ਕੀਤਾ ਤਾਂ ਉਹਦੇ ਖੇਮੇ ਵਲੋਂ ਇਸ ਨੂੰ ਆਪਣੇ ਵਕਾਰ ਦਾ ਸੁਆਲ ਬਣਾ ਲਿਆ ਗਿਆ ਤੇ ਮੇਰੇ ਵਿਰੁੱਧ ਇਕ ਪੱਲੇਦਾਰ ਨੂੰ ਫੜ ਕੇ ਪੱਲਿਓਂ ਪੈਸਾ ਖਰਚ ਕਰਕੇ ਖੜ੍ਹਾ ਕਰ ਦਿਤਾ। ਉਸਨੂੰ ਵੋਟ ਭਾਵੇਂ ਪਵੇ ਜਾਂ ਨਾ ਪਰ ਇਸ ਗੁੱਟ ਦਾ ਮਕਸਦ ਮੇਰੇ ਵਿਰੁੱਧ ਭੰਡੀ ਪਰਚਾਰ ਕਰਕੇ ਮੇਰੀ ਸ਼ਵੀ ਖਰਾਬ ਕਰਨਾ ਅਤੇ ਮੈਨੂੰ ਜਿੱਚ ਤੇ ਪਰੇਸ਼ਾਨ ਕਰਨਾ ਸੀ।

ਮੁੱਤੀ ਵਿਰੁੱਧ ਭਾਵੇਂ ਉਮੀਦਵਾਰ ਤਾਂ ਨਾ ਖੜ੍ਹਾ ਕੀਤਾ ਗਿਆ ਪਰ ਉਸ ਦਾ ਅੰਦਰੋ-ਅੰਦਰੀ ਵਿਰੋਧ ਜਾਰੀ ਰਖਿਆ ਗਿਆ।

ਉਧਰ ਫ਼ਿਰੋਜ਼ਪੁਰ ਛਾਉਣੀ ਹਲਕੇ ਦੇ ਕੰਬੋਜ ਬਰਾਦਰੀ ਦੇ ਜਿਹੜੇ ਚੌਧਰੀ, ਸਰਪੰਚ ਤੇ ਬਾਰਸੂਖ ਮੁਖੀ ਮੁੱਤੀ ਨੂੰ ਜਿਤਾਉਣ ਲਈ ਪੱਬਾਂ ਭਾਰ ਹੋਏ ਫਿਰਦੇ ਸਨ ਉਹ ਫਿਰੋਜਪੁਰ ਛਾਉਣੀ ਹਲਕੇ 'ਚ ਮੇਰੇ ਨਾਲ ਤੁਰਨ ਦੀ ਬਜਾਏ ਦੂਜੀਆਂ ਵਿਰੋਧੀ ਪਾਰਟੀਆਂ ਦੀ ਇਮਦਾਦ ਲਈ ਸਰਗਰਮ ਨਜ਼ਰ ਆਉਂਦੇ।

ਬਾਮਸੇਫ ਦੇ ਵੱਡੇ ਨਾਮ ਜਿਹਨਾਂ ਨਾਲ ਮਿਲਕੇ ਹਰ ਮੁਹਿੰਮ ਵਿਚ ਹਰ ਮੋਰਚੇ ਤੇ ਮੂਹਰਲੀਆਂ ਸਫਾਂ 'ਚ ਮੈਂ ਜਾਨ ਹੂਲਕੇ ਖੜ੍ਹਦਾ ਰਿਹਾ ਸਾਂ ਤੇ ਕਦੇ ਮਿਸ਼ਨ ਨੂੰ ਆਂਚ ਨਹੀਂ ਆਉਣ ਦਿੱਤੀ ਸੀ ਉਹ ਵੀ ਮੇਰੇ ਬਸਪਾ ਵਿਚ ਸ਼ਮੂਲੀਅਤ ਕਰਦਿਆਂ ਹੀ ਅੱਖਾਂ ਫੇਰ ਗਏ ਜਾਪਦੇ ਸਨ।ਜਾਤੀ ਰੰਜਸ਼ਾਂ, ਨਿੱਜੀ ਕਿੜ੍ਹਾਂ, ਤੇ ਈਰਖਾਲੂ ਰਵੱਈਆ ਮਿਸ਼ਨ ਤੇ ਭਾਰੂ ਹੋ ਗਿਆ ਸੀ।

26 ਅਪਰੈਲ 1991 ਨੂੰ ਮੈਂ ਆਪਣੇ ਸੈਂਕੜੇ ਉਤਸ਼ਾਹੀ ਸਾਥੀਆਂ ਨੂੰ ਨਾਲ ਲੈਕੇ ਆਪਣਾ ਨਾਮਜ਼ਦਗੀ ਪਤਰ ਦਖਲ ਕਰਵਾਇਆ। ਘਾਗ ਸਿਆਸਤਦਾਨਾਂ, ਧਨਾਢ ਪਾਰਟੀਆਂ ਤੇ ਲੱਠ ਮਾਰ ਗੁੰਡਾ-ਗ੍ਰੋਹਾਂ ਵਿਰੁੱਧ ਮੈਂ ਪੂਰੇ ਦ੍ਰਿੜ ਇਰਾਦੇ ਨਾਲ ਡਟ ਗਿਆ ਸਾਂ। ਮੇਰੇ ਨਾਲ ਕਿਰਤੀ- ਕਾਮਿਆਂ, ਭਾਈ ਲਾਲੋ ਦੇ ਵਾਰਸਾਂ ਤੇ ਸਿਰਲੱਥ ਯੋਧਿਆਂ ਦੀ ਅਣਥੱਕ ਧਿਰ ਖੜ੍ਹੀ ਸੀ। ਜੋ ਮੈਨੂੰ ਕਦੇ ਡੋਲਣ ਨਾ ਦਿੰਦੀ।

ਜਗਰੂਪ ਨੇ ਮੁੱਦਕੀ ਤਲਵੰਡੀ ਵੱਲ ਮੋਰਚਾ ਮੱਲ ਲਿਆ ਸੀ। ਮੇਰਾ ਇਕ ਲੇਖਕ ਮਿੱਤਰ ਪਰਛਾਵੇਂ ਵਾਂਗ ਮੇਰੇ ਨਾਲ ਡਟ ਗਿਆ। ਉਹ ਬੰਦੂਕ ਫੜੀ ਪਹਿਰੇਦਾਰੀ ਕਰਦਾ, ਭਾਸ਼ਨ ਕਰਦਾ, ਸਲਾਹ ਮਸ਼ਵਰਾ ਕਰਦਾ ਨਜ਼ਰ ਆਉਂਦਾ। ਗਰੀਬ ਗੁਰਬੇ ਆਪ ਮੁਹਾਰੇ ਉੱਠ ਰਹੇ ਸਨ। ਮੈਂ ਆਪਣੇ ਛੋਟੇ ਛੋਟੇ ਸਾਧਨ ਲੈਕੇ ਬੁਲੰਦ ਹੌਸਲੇ ਨਾਲ ਮੁਹਿੰਮ ਪੂਰੀ ਤਰ੍ਹਾਂ ਭਖਾ ਦਿੱਤੀ ਸੀ।

ਬਸਪਾ ਦੇ ਨਾਅਰੇ ਤੇ ਚੋਣ ਨਿਸ਼ਾਨ ਹਾਥੀ (ਆਂ) ਦੇ ਝੁੰਡ ਕੰਧਾਂ ਤੇ ਉਲੀਕੇ ਗਏ ਸਾਈਕਲ ਰੈਲੀਆਂ ਕਰਕੇ ਕਾਰਜਕਰਤਾਵਾਂ ਨੇ ਇਲਾਕੇ ਭਰ ਵਿਚ ਇਕ ਨਵੀਂ ਚਰਚਾ ਛੇੜ ਦਿੱਤੀ। ਮੈਂ ਪਿੰਡਾਂ ਦੀਆਂ ਸੱਥਾਂ ਵਿਚ ਚਰਚਾ ਦਾ ਵਿਸ਼ਾ ਬਣ ਗਿਆ ਸਾਂ ਹੁਣ ਬਸਪਾ ਦਾ ਹਾਥੀ ਅਣਗੌਲਿਆ ਨਹੀਂ ਰਿਹਾ ਸੀ। ਲੋਕਲ ਪ੍ਰੈਸ ਮੈਨੂੰ ਭਰਵਾਂ ਸਹਿਯੋਗ ਦੇ ਰਹੀ ਸੀ ਧਨਾਢ ਉਮੀਦਵਾਰਾਂ ਦੇ ਬਰਾਬਰ ਮੇਰੀਆਂ ਖਬਰਾਂ ਛਪ ਰਹੀਆਂ ਸਨ।

ਇਸ ਚੋਣ ਵਿਚ ਕਾਂਗਰਸ ਪਾਰਟੀ ਨੇ ਮੁਕੰਮਲ ਬਾਈਕਾਟ ਕੀਤਾ ਹੋਇਆ ਸੀ ਤੇ ਉਹ ਚੋਣ ਪ੍ਰਕਿਰਿਆ ਚੋਂ ਬਾਹਰ ਸੀ। ਖੁੰਬਾਂ ਵਾਂਗ ਉੱਘੇ ਅਕਾਲੀ ਦਲਾਂ ਤੇ ਸਿੱਖ ਸਟੂਡੈਂਟਸ ਫੈਡਰੇਸ਼ਨਾਂ ਦੇ ਕਈ ਧੜੇ ਚੋਣ ਮੈਦਾਨ ਵਿੱਚ ਕੁੱਦੇ ਸਨ। ਪਰ ਬਹੁਜਨ ਸਮਾਜ ਪਾਰਟੀ ਆਪਣੇ ਦਮ ਖਮ ਤੇ ਇਕੱਲੀ ਬੁਲੰਦ ਹੌਸਲੇ ਨਾਲ ਬੇਖੌਫ ਚੋਣ ਮੈਦਾਨ ਵਿਚ ਜੂਝ ਰਹੀ ਸੀ। ਪੰਜਾਬ ਦਾ ਮਹੌਲ ਬਹੁਤ ਹੀ ਦਹਿਸ਼ਤਜਦਾ ਸੀ। ਭਾਵੇਂ ਦੋ ਦਰਜਨ ਤੋਂ ਵਧ ਉਮੀਦਵਾਰ ਅਣਪਛਾਤੇ ਦਹਿਸ਼ਤ ਗਰਦਾਂ ਦੀ ਗੋਲੀ ਦਾ ਸ਼ਿਕਾਰ ਹੋ ਚੁੱਕੇ ਸਨ। ਧਰਮਕੋਟ ਤੋਂ ਕਿਸੇ ਅਕਾਲੀ ਗੁੱਟ ਵਲੋਂ ਚੋਣ ਲੜ ਰਿਹਾ ਮੇਰਾ ਮਿੱਤਰ ਜਥੇਦਾਰ ਪ੍ਰੀਤਮ ਸਿੰਘ ਚੀਮਾ ਵੀ ਅਣਪਛ-ਾਤਿਆਂ ਦੀ ਗੋਲੀ ਦਾ ਸ਼ਿਕਾਰ ਹੋ ਚੁੱਕਾ ਸੀ। ਫਿਰ ਵੀ ਪਿੰਡਾਂ ਦੀਆਂ ਸੱਥਾਂ ਵਿਚ ਮੈਂ ਬੇਖੌਫ ਬੋਲਦਾ। ਦਲਿਤ ਵਿਹੜਿਆਂ ਵਿਚ ਵੋਟਾਂ ਮੰਗਣ ਦੀ ਬਜਾਏ ਉਹਨਾਂ ਦੀ ਅਣਖ ਟੁੰਬਣ ਵਾਲੀ ਖਰ੍ਹਵੀ ਭਾਸ਼ਾ ਵਰਤਦਿਆਂ ਮੈਂ ਉਹਨਾਂ ਨੂੰ ਸਵੈਮਾਣ ਨਾਲ ਸਿਰ ਚੁੱਕ ਕੇ ਜਿੰਦਗੀ ਜਿਉਣ ਲਈ ਪ੍ਰੇਰਦਾ। ਦਲਿਤਾਂ ਦੀਆਂ ਭੀੜਾਂ ਮੁੰਤਰ- ਮੁਗਧ ਹੋ ਮੇਰਾ ਦਰਦੀਲਾ ਭਾਸ਼ਨ ਸੁਣ ਕੇ ਉਤਸ਼ਾਹਿਤ ਹੋ ਉਠਦੀਆਂ।

ਬਸਪਾ ਸੁਪਰੀਮੋ ਸਾਹਿਬ ਕਾਂਸ਼ੀ ਰਾਮ ਜੀ ਜੀ ਮੇਰੀ ਚੋਣ ਮੁਹਿੰਮ ਨੂੰ ਹੋਰ ਰਵਾਨਗੀ ਦੇਣ ਲਈ ਪੁੱਜੇ। ਜ਼ਿਲ੍ਹਾ ਪ੍ਰੀਸ਼ਦ ਰੈਸਟ ਹਾਊਸ ਵਿਚ ਪੰਜਾਬ ਬਸਪਾ ਦਾ ਪਰਧਾਨ ਤੇ ਲੋਕ ਸਭਾ ਹਲਕਾ ਫਿਰੋਜ਼ਪੁਰ ਦੇ ਉਮੀਦਵਾਰ ਮੋਹਣ ਸਿੰਘ ਫਲੀਆਂ ਵਾਲੇ ਸਮੇਤ ਸੈਂਕੜੇ ਬਸਪਾ ਤੇ ਬਾਮਸੇਫ ਆਗੂ ਮੌਜੂਦ ਸਨ। ਮੇਰੇ ਵਿਰੁੱਧ ਖੜ੍ਹਾ ਕੀਤਾ ਗਿਆ ਉਮੀਦਵਾਰ ਵੀ ਕਿਸੇ ਵਲੋਂ ਬੁਲਾਇਆ ਗਿਆ ਸੀ। ਸਾਹਿਬ ਮੇਰੇ ਵੱਲ ਇਸ਼ਾਰਾ ਕਰਦਿਆਂ ਉਹਨੂੰ ਕਹਿਣ ਲੱਗੇ-- "ਭਾਈ ਬਸਪਾ ਦਾ ਉਮੀਦਵਾਰ ਤਾਂ ਇਹ (ਲਾਲ ਸਿੰਘ ਸੁਲਹਾਣੀ) ਹੈ ਜਿਸ ਨੂੰ ਮੈਂ ਪਾਰਟੀ ਦੀ ਟਿਕਟ ਦਿੱਤੀ ਹੈ। ਤੂੰ ਆਪਣੇ ਆਪ ਨੂੰ ਬਸਪਾ ਦਾ ਕਾਰਕੁਨ ਆਖਦਾ ਹੈਂ, ਫਿਰ ਬਸਪਾ ਵਿਰੁੱਧ ਚੋਣ ਕਿਉਂ ਲੜ ਰਿਹਾ ਹੈਂ?"

ਉਹ ਝਟਪਟ ਤੇ ਬੇਝਿਜਕ ਕਹਿਣ ਲੱਗਾ ਕਿ "ਸਾਹਿਬ ਮੈਨੂੰ ਤਾਂ ਮੋਹਣ ਸਿੰਘ ਫਲੀਆਂ ਵਾਲਾ ਨੇ ਖੜ੍ਹਾ ਕੀਤਾ ਹੈ।" ਅਗਲੇ ਪਲ ਸਾਹਿਬ ਨੂੰ ਉੱਥੇ ਈ ਛੱਡ ਕੇ ਫਲੀਆਂ ਵਾਲਾ ਰੈਸਟ ਹਾਊਸ ਵਿਚੋਂ ਗਧੇ ਦੇ ਸਿੰਗਾਂ ਵਾਂਗ ਗਾਇਬ ਹੋ ਗਿਆ। ਸਾਹਿਬ ਕਾਂਸ਼ੀ ਰਾਮ ਜੀ ਸਾਰੇ ਮਾਮਲੇ ਨੂੰ ਸਮਝ ਚੁਕੇ ਸਨ।

"ਕੀ ਸਥਿਤੀ ਚੱਲ ਰਹੀ ਹੈ?"- ਸਾਹਿਬ ਮੈਨੂੰ ਪੁੱਛਣ ਲਗੇ।

"ਹਾਲਾਤ ਬਹੁਤ ਹੀ ਸਾਜ਼ਗਾਰ ਹਨ, ਸਰ! ਕੁੱਝ ਵੀ ਹੋ ਸਕਦਾ ਹੈ"- ਮੈਂ ਬੁਲੰਦ ਹੌਸਲੇ ਨਾਲ ਦੱਸਿਆ।

" ਹਾਲਾਤ ਤਾਂ ਮੈਨੂੰ ਸਾਰੇ ਪੰਜਾਬ ਵਿਚ ਈ ਬੜੇ ਸਾਜ਼ਗਾਰ ਨਜ਼ਰ ਆਉਂਦੇ ਹਨ। ਕਿਤੇ ਸਰਕਾਰ ਬਣਾਉਣ ਵਾਲਾ ਪੰਗਾ ਜਿਹਾ ਬਸਪਾ ਨੂੰ ਨਾ ਲੈਣਾ ਪੈਜੇ-- ਉਹ ਖੁਸ਼ ਮਿਜਾਜ਼ੀ ਨਾਲ ਆਖਣ ਲਗੇ।

22 ਜੂਨ ਨੂੰ ਵੋਟਾਂ ਪੈਣੀਆਂ ਸਨ। ਚੋਣ ਪਰਚਾਰ ਬੰਦ ਹੋ ਗਿਆ ਸੀ। ਮੈਂ ਕੁਝ ਸਾਥੀਆਂ ਨਾਲ ਫਿਰੋਜ਼ਪੁਰ ਛਾਉਣੀ ਦੇ ਮੁਹੱਲਿਆਂ ਵਿੱਚ ਘਰ ਘਰ ਜਾਕੇ ਵੋਟਾਂ ਦੀ ਅਪੀਲ ਕਰ ਰਿਹਾ ਸਾਂ।

ਪਰਚਾਰ ਸਮੱਗਰੀ ਦੇਕੇ ਪੀ. ਐਂਡ ਟੀ. ਕਲੋਨੀ ਦੇ ਇਕ ਕੁਆਟਰ ਚੋਂ ਅਸੀਂ ਅਜੇ ਚਾਰ ਕੁ ਕੁਆਟਰਾਂ 'ਚ ਹੀ ਗਏ ਸਾਂ ਕਿ ਇਕ ਆਦਮੀ ਛੋਹਲੇ ਕਦਮੀਂ ਸਾਡੇ ਸਾਡੇ ਕੋਲ ਆਕੇ ਕਾਗਜ਼ ਦਿਖਾਉਂਦਿਆਂ ਕਹਿਣ ਲੱਗਾ ਕਿ "ਹਾਥੀ ਵਾਲੇ ਤੁਸੀਂ ਈ ਓ? "

"ਹਾਂ" --ਮੈਂ ਦੱਸਿਆ

"ਸੁਣਿਐ ਤੁਹਾਡੇ ਉਮੀਦਵਾਰ (ਲਾਲ ਸਿੰਘ ਸੁਲਹਾਣੀ) ਨੂੰ ਗੋਲੀ ਮਾਰ ਦਿੱਤੀ ਗਈ ਹੈ ਸਾਰੇ ਬਜ਼ਾਰ ਵਿਚ ਇਸ ਗੱਲ ਦੀ ਭਾਰੀ ਚਰਚਾ ਐ ਤੁਹਾਨੂੰ ਖਬਰ ਨਹੀਂ ਮਿਲੀ ਅਜੇ"-- ਉਹਨੇ ਘਬਰਾਹਟ ਨਾਲ ਆਖਿਆ।

"ਬਸਪਾ ਉਮੀਦਵਾਰ ਲਾਲ ਸਿੰਘ ਸੁਲਹਾਣੀ ਤਾਂ ਮੈਂ ਹਾਂ ਤੇ ਤੁਹਾਡੇ ਸਾਹਮਣੇ ਸਾਮਰਤੱਖ ਖੜ੍ਹਾ ਹਾਂ"-- ਮੈਂ ਹੱਸਦਿਆਂ ਆਖਿਆ।

ਚੋਣ ਸਮੱਗਰੀ ਲੈਕੇ ਚੋਣ ਅਮਲਾ ਆਪਣੀ ਆਪਣੀ ਡਿਊਟੀ ਵਾਲੇ ਪੋਲਿੰਗ ਬੂਥਾਂ ਤੇ ਪੁੱਜ ਚੁੱਕਾ ਸੀ। ਚੋਣ ਪ੍ਰਕਿਰਿਆ ਪੂਰੀ ਕਰਨ ਲਈ ਸਾਰੇ ਪਰਬੰਧ ਮੁਕੰਮਲ ਹੋ ਚੁੱਕੇ ਸਨ। ਪਰ ਕੇਂਦਰ ਵਿਚ ਕਾਂਗਰਸ ਪਾਰਟੀ ਦੀ ਨਰ ਸਿਮਹਾ ਰਾਓ ਦੀ ਅਗਵਾਈ ਵਾਲੀ ਸਰਕਾਰ ਬਣਦਿਆਂ ਹੀ ਭਾਰਤ ਦੇ ਚੋਣ ਕਮਿਸ਼ਨ ਵਲੋਂ ਐਲਾਨ ਕਰ ਦਿਤਾ ਗਿਆ ਕਿ ਪੰਜਾਬ ਦੀ ਚੋਣ ਅਣਮਿੱਥੇ ਸਮੇਂ ਲਈ ਰੱਦ ਕਰ ਦਿੱਤੀ ਗਈ ਹੈ। ਇਸ ਅਚਾਨਕ ਪਈ ਬਿੱਜ ਨਾਲ ਪੰਜਾਬ ਵਾਸੀ ਭੌਂਚੱਕੇ ਰਹਿ ਗਏ।

# ਗੁਰੂ ਗ੍ਰੰਥ ਸਾਹਿਬ ਨੂੰ ਆਪਣੀ ਪਾਰਟੀ ਦਾ ਚੋਣ ਮੈਨੀਫੈਸਟੋ ਬਣਾਉਣ ਵਾਲਾ ਕਾਂਸ਼ੀ ਰਾਮ



ਫਤਿਹਜੰਗ ਸਿੰਘ
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

9 ਅਕਤੂਬਰ ਇਨਕਲਾਬੀ ਆਗੂ ਕਾਂਸ਼ੀ ਰਾਮ ਜੀ ਦੇ ਸਦੀਵੀ ਵਿਛੋੜੇ ਦਾ ਦਿਨ ਹੈ। ਸਾਲ 2006 ਵਿਚ ਇਸੇ ਦਿਨ ਉਹ ਲੱਖਾਂ ਕਰੋੜਾਂ ਲੋਕਾਂ ਨੂੰ ਰੋਂਦਿਆਂ ਕੁਰਲਾਉਂਦਿਆਂ ਛੱਡ ਕੇ ਲੰਮੇ ਸਫ਼ਰ ’ਤੇ ਤੁਰ ਗਏ ਸਨ। ਜਿਉਂ-ਜਿਉਂ ਇਹ ਦਿਨ ਨੇੜੇ ਆਉਂਦਾ ਜਾਂਦਾ ਹੈ ਮੈਨੂੰ ਉਹਨਾਂ ਦੀ ਸੋਚ, ਸਖ਼ਤ ਮਿਹਨਤ, ਆਸਥਾ, ਸਿਰੜ ਠੱਕ ਠੱਕ ਦੀ ਦਸਤਕ ਦਿੰਦੀ ਜਾ ਰਹੀ ਹੈ।

15 ਮਾਰਚ 1935 ਨੂੰ ਪੰਜਾਬ ਦੇ ਖੁਆਸਪੁਰਾ (ਰੋਪੜ) ਵਿਚ ਜਨਮੀ ਇਸ ਸ਼ਖਸੀਅਤ ਨੇ ਆਪਣੀ ਹਯਾਤੀ ਦੇ 71 ਸਾਲ ਹੀ ਪੂਰੇ ਕੀਤੇ ਸਨ ਪਰ ਉਹ ਯੁਗਾਂ ਦਾ ਕੰਮ ਮੁਕਾ ਕੇ ਯੁਗਾਂ ਲਈ ਪੂਰਨੇ ਪਾ ਗਏ। ਸਿਹਤ ਤਾਂ ਚੰਗੀ ਸੀ, ਜਵਾਨੀ ਵੇਲੇ ਕੁਸ਼ਤੀਆਂ ਦਾ ਸ਼ੌਂਕ ਰਿਹਾ ਸੀ ਪਰ ਦਿਨ ਰਾਤ ਦੀ ਅਣਥੱਕ ਮਿਹਨਤ ਅਤੇ ਅੰਤਾਂ ਦੇ ਸੰਘਰਸ਼ ਕਾਰਨ ਸਮੇਂ ਸਿਰ ਖਾਣ-ਪੀਣ ਦਾ ਖਿਆਲ ਨਾ ਰੱਖ ਸਕੇ, ਆਰਾਮ ਦਾ ਖਿਆਲ ਨਾ ਰੱਖ ਸਕੇ, ਸਮੇਂ ਸਿਰ ਦਵਾਈ ਨਾ ਲੈ ਸਕੇ, ਲੋੜ ਵੇਲੇ ਡਾਕਟਰ ਤੱਕ ਜਾਣ ਦਾ ਵੀ ਸਮਾਂ ਨਹੀਂ ਸੀ ਕੱਢ ਸਕੇ। ਬੱਸ ਸੰਘਰਸ਼ ਦੇ ਰਾਹ ’ਤੇ ਤੁਰਦੇ ਰਹੇ, ਤੁਰਦੇ ਰਹੇ ਤੇ ਕਦੇ ਥੱਕੇ ਨਹੀਂ ਪਰ ਸਿਹਤ ਹੌਲੀ ਹੌਲੀ ਡਿਗਦੀ-ਡਿਗਦੀ ਕਈ ਬਿਮਾਰੀਆਂ ਸਹੇੜ ਬੈਠੀ।

...ਠੱਕ ..ਠੱਕ .... ਠੱਕ.. ਤੇ ਫਿਰ ਉਹਨਾਂ ਨੇ ਸੁੱਤੇ ਸਮਾਜ ਨੂੰ ਜਾਗ੍ਰਿਤ ਕਰਨ ਲਈ ਸਾਈਕਲ ਮਾਰਚ ਦਾ ਪ੍ਰੋਗਰਾਮ ਬਣਾਇਆ। ਆਮ ਲੋਕਾਂ ਦਾ ਸਧਾਰਨ ਸਾਧਨ ਸੀ ਸਾਈਕਲ ਜੋ ਉਹਨਾਂ ਨੂੰ ਟੁੰਬਦਾ ਸੀ। ਦੋ ਪਹੀਆਂ (ਸਾਈਕਲ), ਦੋ ਪੈਰਾਂ (ਪੈਦਲ) ਦਾ ਕਮਾਲ ਤੇ ਇਹ ਹੀ ਕਾਂਸ਼ੀ ਰਾਮ ਦੇ ਹਥਿਆਰ ਬਣ ਗਏ। ਦਿੱਲੀ ਤੋਂ ਚੱਲ ਪਏ, ਪਿੰਡਾਂ ਸ਼ਹਿਰਾਂ ਦੀਆਂ ਵੱਡੀਆਂ ਛੋਟੀਆਂ ਸੜਕਾਂ ਕੱਛਦਿਆਂ ਜੰਮੂ-ਕਸ਼ਮੀਰ ਤੇ ਫਿਰ ਵਾਪਸ ਦਿੱਲੀ ਤੱਕ ਲੱਗਭੱਗ ਚਾਰ ਹਜ਼ਾਰ ਕਿਲੋਮੀਟਰ ਤੋਂ ਵੀ ਵੱਧ ਸਫ਼ਰ ਤਹਿ ਕੀਤਾ। ਸਾਈਕਲ ਚਲਾਉਂਦਿਆਂ ਭਾਵੇਂ ਸੀਟ ’ਤੇ ਬੈਠ-ਬੈਠ ਕੇ ਜ਼ਖਮ ਬਣ ਗਏ ਸਨ ਪਰ ਪਰਵਾਹ ਨਈਂ। ਰਾਤੀ ਜਿੱਥੇ ਠਹਿਰਦੇ ਸਨ ਥੋੜ੍ਹੀ ਬਹੁਤ ਦਵਾਈ ਵਗੈਰਾ ਲਗਾਉਣੀ ਤੇ ਅਗਲੀ ਸਵੇਰ ਫਿਰ ਤਿਆਰ।

ਸਾਈਕਲ ਮਾਰਚ ਨੇ ਮੁੜਦੇ ਵਾਰੀ ਜਦੋਂ ਸਾਡੇ ਇਲਾਕੇ (ਲਾਲੜੂ-ਚੰਡੀਗੜ੍ਹ ਅੰਬਾਲਾ ਰੋਡ) ਵਿਚੋਂ ਲੰਘਣਾ ਸੀ ਤਾਂ ਅਸੀਂ ਸਵਾਗਤ ਦੇ ਤੌਰ ਤੇ ਚਾਹ-ਪਾਣੀ ਦਾ ਪ੍ਰਬੰਧ ਕਰ ਲਿਆ। ਅਚਾਨਕ ਮੌਸਮ ਇੰਨਾ ਖਰਾਬ ਹੋ ਗਿਆ ਕਿ ਮੀਂਹ ਤੇ ਝੱਖੜ ਨੇ ਤੌਬਾ ਕਰਵਾ ਦਿੱਤੀ। ਪਰ ਉਹ ਤੁਰਦੇ ਰਹੇ। ਕਦੇ ਸਾਈਕਲ ਫੜ ਕੇ ਪੈਦਲ ਚਲਦੇ ਕਦੇ ਉਪਰ ਚੜ੍ਹ ਜਾਂਦੇ ਪਰ ਕਹਿਰ ਦਾ ਇਹ ਤੂਫਾਨ ਵੀ ਉਹਨਾਂ ਨੂੰ ਰੋਕ ਨਾ ਸਕਿਆ। ਲੇਟ ਭਾਵੇਂ 4-5 ਘੰਟੇ ਹੋ ਗਏ ਸਨ। ਗੰਭੀਰ ਹਾਲਤ ਵੇਖਦਿਆਂ ਅਸੀਂ ਛੇਤੀ-ਛੇਤੀ ਚਾਹ ਪਾਣੀ ਵਰਤਾਉਣ ਲੱਗੇ ਤਾਂ ਉਹਨਾਂ ਆਖਿਆ ਕਿ ਸਾਡੇ ਕਾਫਲੇ ਦੇ ਕੁਝ ਸਾਥੀਆਂ ਦੀ ਠੰਡ ਤੇ ਮੀਂਹ ਕਾਰਨ ਹਾਲਤ ਖਰਾਬ ਹੈ। ਅਗਲੇ ਪੜਾਅ ਅੰਬਾਲੇ ਤੱਕ ਪਹੁੰਚਦਿਆਂ ਤਾਂ ਦੋ-ਤਿੰਨ ਸਾਥੀਆਂ ਨੇ ਚੜ੍ਹਾਈ ਕਰ ਜਾਣੀ ਹੈ। ਇਸ ਲਈ ਅੱਜ ਰਾਤ ਠਹਿਰਨ ਦਾ ਪ੍ਰੋਗਰਾਮ ਇੱਥੇ ਹੀ ਕਰ ਲਓ। ਅਸੀਂ ਹਾਲਤ ਵੇਖ ਘਬਰਾ ਗਏ। ਛੇਤੀ-ਛੇਤੀ ਜਿੰਨੇ ਅੰਡੇ ਮਿਲ ਸਕੇ ਉਬਾਲ ਲਏ, ਜਿੰਨੇ ਕੰਬਲ ਰਜਾਈਆਂ ਮਿਲ ਸਕੇ, ਇਕੱਠੇ ਕਰ ਲਏ। ਭਾਵੇਂ ਮੌਸਮ ਗਰਮੀਆਂ ਦਾ ਸੀ ਪਰ ਠੰਡ ਪੂਰੀ ਹੋ ਗਈ ਸੀ ਤੇ ਉਹ ਰਾਤ ਉਥੇ ਹੀ ਠਹਿਰ ਗਏ। ਸੰਘਰਸ਼ ਵਿਚ ਇਹੋ ਜਿਹੇ ਮੁਕਾਮ ਆ ਰਹੇ ਸਨ।

ਮੁਢਲੇ ਦਿਨਾਂ ਵਿਚ ਸੁੱਕੀ ਰੋਟੀ ਪਿਆਜ਼ ਅਤੇ ਅਚਾਰ ਨਾਲ ਖਾਂਦਿਆਂ ਵੀ ਅਸੀਂ ਉਹਨਾਂ ਨੂੰ ਵੇਖਿਆ ਸੀ। ਕਈ ਡੰਗ ਭੁੱਖਾ ਰਹਿਣ ਬਾਰੇ ਵੀ ਉਹਨਾਂ ਦੱਸਿਆ ਸੀ। ਸਿਰਫ਼ ਚਾਹ ਦੇ ਕੱਪ ਤੇ ਸਾਰਾ ਦਿਨ ਲੋਕਾਂ ਵਿਚ ਵਿਚਰਦਿਆਂ, ਗੱਲਬਾਤ ਕਰਦਿਆਂ, ਲੈਕਚਰ ਦਿੰਦਿਆਂ ਕਈ ਵਾਰੀ ਗਲੇ ਵਿਚੋਂ ਖ਼ੂਨ ਵੀ ਸਿੰਮ ਪੈਂਦਾ ਸੀ। ਡਾਕਟਰ ਆਰਾਮ ਕਰਨ ਦੀ ਸਲਾਹ ਦਿੰਦੇ ਪਰ ਉਹ ਸਮਾਂ ਨਾ ਕੱਢ ਸਕਦੇ। 24 ਘੰਟਿਆਂ ਵਿਚੋਂ ਕਈ ਵਾਰੀ ਘੰਟਾ ਦੋ ਘੰਟੇ ਸੌਂ ਕੇ ਵੀ ਸਾਰ ਲੈਂਦੇ ਸਨ। ਇਹ ਕਿਹੜਾ ਦਰਦ ਸੀ ਜੋ ਸੀਨੇ ਵਿਚ ਲੈ ਕੇ ਉਹ ਚੱਲ ਰਹੇ ਸਨ ਤੇ ਦਿਨ ਰਾਤ ਉਹਨਾਂ ਨੂੰ ਟਿਕਣ ਨਹੀਂ ਸੀ ਦਿੰਦਾ? ਕਿਸ ਦਰਦ ਨੇ ਉਹਨਾਂ ਦੀ ਭਲੀ ਚੰਗੀ ਨੌਕਰੀ ਛੁਡਵਾ ਕੇ, ਭਰਿਆ ਪੂਰਾ ਪਰਿਵਾਰ ਇਕ ਪਾਸੇ ਕਰਕੇ ਉਹਨਾਂ ਨੂੰ ਇਹਨਾਂ ਔਝੜੇ ਰਾਹਾਂ ਦਾ ਰਾਹੀ ਬਣਾ ਦਿੱਤਾ ਸੀ? ਇਹ ਦਰਦ ਸੀ ਉਹਨਾਂ ਕਰੋੜਾਂ ਲੋਕਾਂ ਦੀਆਂ ਅਕਹਿ ਦੁਸ਼ਵਾਰੀਆਂ ਦਾ, ਉਹਨਾਂ ਅਤੇ ਉਹਨਾਂ ਦੇ ਪੁਰਖਿਆਂ ’ਤੇ ਸਦੀਆਂ ਤੋਂ ਹੁੰਦੇ ਆ ਰਹੇ ਜ਼ੁਲਮਾਂ ਅੱਤਿਆਚਾਰਾਂ ਦੀਆਂ ਸੀਨਾ ਵਿੰਨ੍ਹਵੀਆਂ ਚੀਸਾਂ ਦਾ, ਇਹ ਦਰਦ ਸੀ ਅਤੀਤ ਵਿਚ ਵਿਚਰਦੇ ਉਹਨਾਂ ਲੋਕਾਂ ਦੇ ਨੰਗੇ ਪਿੰਡਿਆਂ ਅਤੇ ਖਾਲੀ ਢਿੱਡਾਂ ਦੇ ਤਸੱਵਰ ਦਾ ਜੋ ਉੱਚ ਜਾਤੀਆਂ ਦੀ ਉਤਰਣ ਨਾਲ ਹੀ ਢਕੇ ਜਾਂਦੇ ਸਨ ਤੇ ਉਹਨਾਂ ਦੀ ਹੀ ਛੱਡੀ ਜੂਠ ਨਾਲ ਜਾਂ ਮਰੇ ਡੰਗਰ ਖਾਣ ਨਾਲ ਹੀ ਭਰੇ ਜਾਂਦੇ ਸਨ।



...ਠੱਕ ..ਠੱਕ .... ਠੱਕ.. ਤੇ ਫਿਰ ਕਾਂਸ਼ੀ ਰਾਮ ਇਸ ਤਰ੍ਹਾਂ ਹੀ ਚੰਬਲ ਘਾਟੀ ਪਾਰ ਕਰਦਿਆਂ, ਲੂਆਂ ਤੇ ਝੱਖੜਾਂ ਨਾਲ ਦੋ ਹੱਥ ਕਰਦਿਆਂ ਇਕ ਵਿਅਕਤੀ ਤੋਂ ਇਨਕਲਾਬ ਤੇ ਬਗਾਵਤ ਦਾ ਚਿੰਨ੍ਹ ਬਣ ਗਏ। ਲੁੱਟਿਆਂ ਪੁੱਟਿਆਂ ਦਾ, ਦੁਖੀਆਂ ਲਾਚਾਰਾਂ ਦਾ ਮਸੀਹਾ ਬਣ ਗਏ। ਉਹਨਾਂ ਦੀ ਅਜਿਹੀ ਛਵੀ ਬਣ ਗਈ ਸੀ ਕਿ ਕਹਿੰਦੇ ਕਹਾਉਂਦੇ ਖਾਨਦਾਨੀ ਉੱਚ ਜਾਤੀਏ ਸਿਆਸਤਦਾਨ ਵੀ ਉਹਨਾਂ ਤੋਂ ਤ੍ਰਾਹੁਣ ਲੱਗ ਪਏ ਸਨ। ਉਹਨਾਂ ਦੀ ਗਰਜ਼ ਦਿੱਲੀ ਦੇ ਤਖਤ ਨੂੰ ਵੀ ਤ੍ਰੇਲੀਆਂ ਲਿਆ ਦਿੰਦੀ ਸੀ। ਇਹ ਮੁਕਾਮ ਉਹਨਾਂ ਹਾਸਲ ਕਰ ਲਿਆ ਸੀ। ਇਸ ਵਿਚ ਉਹਨਾਂ ਦੀ ਜੰਮਣ-ਭੋਇੰ ਦੀ ਤਾਸੀਰ ਦਾ ਵੀ ਜ਼ਰੂਰ ਕੁਝ ਹੱਥ ਹੋਵੇਗਾ, ਜਿਸਨੇ ਕਦੇ ਖ਼ਾਲਸੇ ਨੂੰ ਪ੍ਰਵਾਨ ਚੜ੍ਹਦਿਆਂ ਵੇਖਿਆ ਹੋਵੇਗਾ, ਮਸ਼ਕਾਂ ਕਰਦਿਆਂ ਘੋੜਿਆਂ ਦੇ ਪੌੜਾਂ ਦੀ ਟਾਪ ਸੁਣੀ ਹੋਵੇਗੀ ਜੋ ਜ਼ੁਲਮ ਅੱਤਿਆਚਾਰਾਂ ਦੇ ਖਾਤਮੇ ਲਈ ਫੌਜ ਦੀ ਤਿਆਰੀ ਦੀਆਂ ਆਵਾਜ਼ਾਂ ਸਨ। ਉਹ ਆਨੰਦਪੁਰ ਦੀ ਮਿੱਟੀ ਵਿਚ, ਜਲ ਵਿਚ ਹਾਲੇ ਵੀ ਕੋਈ ਸੁਨੇਹਾ ਸੀ ਜੋ ਹਰ ਕਿਸੇ ਲਈ ਹੈ ਪਰ ਹਰ ਕੋਈ ਨਹੀਂ ਵਾਚ ਸਕਦਾ। ਸ਼ਾਇਦ ਕਾਂਸ਼ੀ ਰਾਮ ਉਹਨਾਂ ਦੀ ਸਿੱਖੀ ਪ੍ਰਤੀ ਡੂੰਘੀ ਜਾਣਕਾਰੀ ਇਹ ਸੁਨੇਹਾ ਪੜ੍ਹ ਗਈ ਜਾਪਦੀ ਸੀ। ਜਦ ਕਦੇ ਉਹ ਮੇਰੇ ਕੋਲ ਚੰਡੀਗੜ੍ਹ ਠਹਿਰਦੇ ਤਾਂ ਦੇਰ ਰਾਤ ਤੱਕ ਹੋਰ ਗੱਲਾਂ ਤੋਂ ਇਲਾਵਾ ਸਿੱਖ ਸੰਘਰਸ਼ ਅਤੇ ਸਿੱਖੀ ਅਸੂਲਾਂ ਬਾਰੇ ਵੀ ਗੱਲਾਂ ਕਰਦੇ। ਸਿੱਖੀ ਵਿਚ ਆਈਆਂ ਕੁਰੀਤੀਆਂ ਬਾਰੇ ਗੱਲਾਂ ਕਰਦਿਆਂ ਉਹ ਬਹੁਤ ਦੁਖੀ ਹੋ ਜਾਂਦੇ, ਫਿਰ ਸਿੱਖ ਆਗੂਆਂ ਨੂੰ ਵੀ ਕੋਸਦੇ ਜਿਹਨਾਂ ਨੇ ਇੱਡੀ ਵੱਡੀ ਮਾਨਵ ਪੱਖੀ ਲਹਿ ਰੋਲ ਛੱਡੀ। ਕਾਂਸ਼ੀ ਰਾਮ ਉਹਨਾਂ ਦੀ ਦਲੇਰੀ ਅਤੇ ਸੰਘਰਸ਼ੀ ਦ੍ਰਿੜ੍ਹਤਾ ਉਤੇ ਕਦੇ ਕਦੇ ਤਾਂ ਸਿੱਖੀ ਸੰਘਰਸ਼ ਦੀ ਛਾਪ ਸਾਫ ਤੇ ਸਪਸ਼ਟ ਉਘੜਕੇ ਸਾਹਮਣੇ ਆ ਜਾਂਦੀ ਸੀ।

ਕਾਂਸ਼ੀ ਰਾਮ ਜੀ ਡਾ. ਅੰਬੇਡਕਰ ਦੀ ਵਿਚਾਰਧਾਰਾ ਲੈ ਕੇ ਕੰਮ ਕਰ ਰਹੇ ਸਨ, ਜਿਸ ਵਿਚ ਹੋਰ ਵੀ ਕਿੰਨੇ ਮਹਾਂਪੁਰਸ਼ਾਂ ਦੀ ਸੋਚ, ਵਿਚਾਰਧਾਰਾ ਤੇ ਤੇ ਕਥਨ ਸ਼ਾਮਲ ਹਨ। ਡਾ. ਅੰਬੇਡਕਰ ਨੇ ਕਿਹਾ ਸੀ ਕਿ ’’ਬੁੱਧ ਅਤੇ ਨਾਨਕ ਵਾਂਗੂ ਸੱਚ ਨੂੰ ਸੱਚ ਕਹਿਣ ਦੀ ਜ਼ੁਰਅਤ ਪੈਦਾ ਕਰੋ ਅਤੇ ਝੂਠ ਦੇ ਵਿਰੁੱਧ ਡਟਕੇ ਖਲੋਵੋ।’ ਡਾ. ਅੰਬੇਡਕਰ, ਕਬੀਰ ਸਾਹਿਬ ਤੋਂ ਵੀ ਬਹੁਤ ਪ੍ਰਭਾਵਿਤ ਸਨ। ਉਹਨਾਂ ਨੂੰ ਉਹ ਆਪਣੇ ਗੁਰੂਆਂ ’ਚੋਂ ਇਕ ਮੰਨਦੇ ਸਨ। ਸ਼ਾਇਦ ਇਸੇ ਕਰਕੇ ਉਹਨਾਂ ਦਾ ਸਿੱਖੀ ਵੱਲ ਵੀ ਝੁਕਾਅ ਰਿਹਾ ਹੈ। ਕਾਂਸ਼ੀ ਰਾਮ ਜੀ ਦੇ ਪਿਤਾ ਸ. ਹਰੀ ਸਿੰਘ ਅਤੇ ਮਾਤਾ ਬਿਸ਼ਨ ਕੌਰ ਵੀ ਸਿੱਖੀ ਸਰੂਪ ਵਿਚ ਸਨ। ਕਾਂਸ਼ੀ ਰਾਮ ਉਹਨਾਂ ਨੇ ਤਾਂ ਆਪਣੇ ਸੰਘਰਸ਼ ਦੀ ਪਹਿਲੀ ਪੌੜੀ ’ਬਾਮਸੇਫ’ ਬਣਾਉਣ ਲੱਗਿਆਂ ਹੋਰਾਂ ਸਮੇਤ ਮੁਸਲਿਮ, ਇਸਾਈ ਧਾਰਮਿਕ ਘੱਟ ਗਿਣਤੀਆਂ ਦੇ ਨਾਲ ਸਿੱਖਾਂ ਨੂੰ ਵੀ ਸ਼ਾਮਲ ਕੀਤਾ ਸੀ। ਇਸ ਜਥੇਬੰਦੀ ਨੂੰ ਉਹਨਾਂ ਆਪਣੀ ਲਹਿਰ ਦਾ ’ਦਿਮਾਗ’ ਮੰਨਿਆ ਸੀ ਅਤੇ ਇਸਨੂੰ ਅੱਲਾਦੀਨ ਦਾ ਚਿਰਾਗ ਵੀ ਕਹਿੰਦੇ ਹੁੰਦੇ ਸਨ। ਉਹਨਾਂ ਦਾ ਮੰਨਣਾ ਸੀ ਕਿ ਇਹ ਬਾਮਸੇਫ ਵਿਚ ਸ਼ਾਮਲ ਲੋਕ ਸਾਰੇ ਗਾਹੇ ਬਗਾਹੇ ਸਥਾਪਤ ਘਟੀਆ ਵਿਵਸਥਾ ਦੀ ਕਰੂਰਤਾ ਦਾ ਸ਼ਿਕਾਰ ਹੁੰਦੇ ਰਹੇ ਹਨ। ਇਸ ਸਭ ਕੁਝ ਕਰਕੇ ਹੀ ਸ਼ਾਇਦ ਉਹਨਾਂ ਦਾ ਸਿੱਖੀ ਨਾਲ ਲਗਾਓ ਸੀ ਤੇ ਸਿੱਖੀ ਦਾ ਨਿਘਾਰ ਵੇਖ ਕੇ ਉਹ ਨਿਰਾਸ਼ ਹੋ ਜਾਂਦੇ ਸਨ।

...ਠੱਕ ..ਠੱਕ .... ਠੱਕ.. ਹਾਂ ਯਾਦ ਹੈ ਜਦੋਂ ਪੰਜਾਬ ਇਕ ਵਾਰੀ ਤਾਂ ਸੁੰਨਮਸਾਨ ਹੋ ਗਿਆ ਸੀ, ਦਿਨੇ ਦਹਿਸ਼ਤ ਰਾਤੀ ਦਹਿਸ਼ਤ, ਕਰਫਿਊ ਵਰਗੇ ਹਾਲਾਤ ਦਰਬਾਰ ਸਾਹਿਬ ਢਾਹਿਆ ਗਿਆ, ਲਹੂ ਲੁਹਾਣ ਚਾਰੇ ਪਾਸੇ ਠੂਹ ਠਾਹ ਪੰਜਾਬ ਦੀ ਜਵਾਨੀ ਤਬਾਹ, ਇੱਜ਼ਤ ਆਬਰੂ ਤਬਾਹ, ਕੁਝ ਅੰਦਰ ਡੱਕ ਦਿੱਤੇ। ਕੁਝ ਜਾਗਦੇ ਸੀ ਉਹ ਸੁਆ ਦਿੱਤੇ। ਪਰ ਇਹ ਕੀ!! ਜਦੋਂ ਸਿੱਖ ਜਾਂ ਸਿੱਖੀ ਬਾਰੇ ਗੱਲ ਕਰਨਾ ਗੁਨਾਹ ਹੋ ਗਿਆ ਸੀ, ਅਤਿਵਾਦ ਹੋ ਗਿਆ ਸੀ ਤਾਂ ਕਾਂਸ਼ੀ ਰਾਮ ਫਿਰ ਵੀ ਜਾਗਦੇ ਰਹੇ, ਜਾਗਦੇ ਹੀ ਨਹੀਂ ਜਗਾਉਂਦੇ ਵੀ ਰਹੇ। ਤੇ ਜਦੋਂ ਇਕੱਠ ਕਰਨੇ, ਸ਼ਰੇਆਮ ਭਾਸ਼ਣ ਦੇਣੇ ਇਕ ਵੱਡਾ ਜ਼ੁਰਮ ਬਣ ਚੁੱਕਾ ਸੀ ਤਾਂ ਇਹ ਕਾਂਸ਼ੀ ਰਾਮ ਹੀ ਸਨ ਜਿਹਨਾਂ ਨੇ ਉਸ ਵੇਲੇ ਵੀ ਸਿੱਖਾਂ ਨੂੰ ਜਗਾਉਣ ਲਈ ਵੱਡੀ ਸਟੇਜ ਤੋਂ ਸਿੱਖਾਂ ਦੇ ਹੱਕ ਵਿਚ ਨਾਹਰਾ ਮਾਰਿਆ। ਉਹਨਾਂ ਆਖਿਆ ਸੀ ’’ਮੈਂ ਸਮਝਦਾ ਸੀ ਸਾਡੇ (ਦਲਿਤਾਂ) ਨਾਲ ਹੀ ਲੰਬੇ ਸਮੇਂ ਤੋਂ ਜ਼ਿਆਦਤੀਆਂ ਹੁੰਦੀਆਂ ਆ ਰਹੀਆਂ ਹਨ, ਜ਼ੁਲਮ ਤੇ ਅੱਤਿਆਚਾਰ ਹੁੰਦੇ ਆ ਰਹੇ ਹਨ ਪਰ ਮੈਂ ਵੇਖ ਰਿਹਾ ਹਾਂ ਕਿ ਪਿਛਲੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਸਿੱਖ ਜੋ ਬਹਾਦਰ ਕੌਮ ਮੰਨੀ ਹੋਈ ਸੀ ਤੇ ਜੋ ਸੰਘਰਸ਼ ਕਰਨਾ ਵੀ ਜਾਣਦੀ ਸੀ, ਉਸ ਨਾਲ ਤਾਂ ਸਾਡੇ ਤੋਂ ਵੀ ਵੱਧ ਜ਼ੁਲਮ, ਅੱ-ਤਿਆਚਾਰ ਅਤੇ ਅਨਿਆ ਹੋਇਆ ਹੈ। ਮੈਨੂੰ ਇਸ ਗੱਲ ਦਾ ਬਹੁਤ ਦੁੱਖ ਹੈ ਤੇ ਮੇਰੀ ਇਹਨਾਂ ਨਾਲ ਦਿਲੋਂ ਹਮਦਰਦੀ ਹੈ।’

ਚਾਰ ਚੁਫੇਰਿਉਂ ਆਵਾਜ਼ਾਂ ਆਈਆਂ, ਕੰਧਾਂ ਦੇ ਵੀ ਕੰਨ ਖੜ੍ਹੇ ਹੋ ਗਏ। ’’ਇਹ ਕੌਣ ਹੈ ਜੋ ਸ਼ਕਲ ਤੋਂ ਵੀ ਸਿੱਖ ਨਹੀਂ ਪਰ ਇਸ ਔਖੇ ਸਮੇਂ ਵਿਚ ਸਿੱਖਾਂ ਦਾ ਡਟ ਕੇ ਸਾਥ ਦੇ ਰਿਹਾ ਹੈ? ਇਸਨੂੰ ਕਾਨੂੰਨ ਜਾਂ ਡੰਡੇ ਦਾ ਡਰ ਨਹੀਂ?’’

ਸਿੱਖ ਆਗੂਆਂ ਤੱਕ ਗੱਲ ਪਹੁੰਚੀ, ਮਿਲ ਬੈਠਣ ਦਾ ਸਬੱਬ ਬਣਿਆ। ਆਗੂ ਹੈਰਾਨ ਰਹਿ ਗਏ, ਇਸਨੂੰ ਕਿਵੇਂ ਡੂੰਘਾਈਆਂ ਤੱਕ ਸਿੱਖਾਂ ਦੀਆਂ ਸਮੱਸਿਆਵਾਂ ਦਾ ਗਿਆਨ ਹੈ? ਮਿਲ ਕੇ ਚੱਲਣ ਦੀਆਂ ਗੱਲਾਂ ਵੀ ਤੁਰੀਆਂ ਪਰ ਫਿਰ ਅਜਿਹੇ ਹਾਲਾਤ ਪਲਟੇ ਕਿ ਇਕ ਚੰਗਾ ਮੌਕਾ ਖੁੰਝ ਗਿਆ। ਜਾਂ ਆਖ ਲਈਏ ਮੌਕਾਪ੍ਰਸਤਾਂ ਨੇ ਖੁੰਝਾ ਲਿਆ। ਕੌਮ ਲਈ ਵਫ਼ਾਦਾਰੀ ਦੇ ਮੁਕਾਬਲੇ ਕੁਰਸੀ ਦਾ ਮੋਹ ਜਿੱਤ ਗਿਆ ਸੀ।

...ਠੱਕ ..ਠੱਕ .... ਠੱਕ.. ਤੇ ਫਿਰ ਕਾਂਸ਼ੀ ਰਾਮ ਤੇਜ਼ੀ ਨਾਲ ਦੇਸ਼ ਦੇ ਰਾਜਨੀਤਿਕ ਨਕਸ਼ੇ ਤੇ ਛਾ ਗਏ। ਉਹਨਾਂ ਵੱਲੋਂ ਬਣਾਈ ਪਾਰਟੀ ਦੇਸ਼ ਦੀ ਤੀਜੀ ਵੱਡੀ ਪਾਰਟੀ ਦੇ ਤੌਰ ’ਤੇ ਉਭਰ ਆਈ। ਦੇਸ਼ ਦਾ ਸਭ ਤੋਂ ਵੱਡਾ ਸੂਬਾ ਜੋ ਸੱਤ ਪੰਜਾਬਾਂ ਦੇ ਬਰਾਬਰ ਸੀ, ਉਹ ਵੇਖਦਿਆਂ ਹੀ ਵੇਖਦਿਆਂ ਵੱਡੇ ਰਾਜਨੀਤਿਕਾਂ ਦੇ ਹੱਥੋਂ ਕਦੋਂ ਕਿਰ ਗਿਆ, ਉਹਨਾਂ ਨੂੰ ਪਤਾ ਹੀ ਨਾ ਚੱਲਿਆ। ਇਕ ਵਾਰੀ ਨਹੀਂ ਚਾਰ ਵਾਰੀ ਵਾਰ-ਵਾਰ ਕਿਰਿਆ।

ਤੇ ਫਿਰ ਹੋਣੀ ਨੇ ਆ ਘੇਰਿਆ। ਕਈ ਬਿਮਾਰੀਆਂ ਨੇ ਚਾਰ ਚੁਫੇਰਿਉਂ ਘੇਰਾ ਪਾ ਲਿਆ। ਲੱਖਾਂ ਯਤਨਾਂ ਦੇ ਬਾਵਜੂਦ ਵੀ 9 ਅਕਤੂਬਰ ਦਾ ਉਹ ਮਨਹੂਸ ਦਿਨ ਆ ਹੀ ਗਿਆ। ਤੇ ਕਾਂਸ਼ੀ ਰਾਮ ਜੀ ਦੀ ਉਹ ਤਮੰਨਾ ਵਿਚਕਾਰ ਹੀ ਰਹਿ ਗਈ ਜੋ ਉਹ ਕਈ ਵਾਰੀ ਦੁਹਰਾਇਆ ਕਰਦੇ ਸਨ। ਉਹਨਾਂ ਨੂੰ ਪੁੱਛਿਆ ਗਿਆ ਕਿ ਤੁਸੀਂ ਆਪਣੀ ਪਾਰਟੀ ਦਾ ਚੋਣ ਮੈਨੀਫੈਸਟੋ ਕਿਉਂ ਨਹੀਂ ਜਾਰੀ ਕਰਦੇ, ਜਿਵੇਂ ਹਰ ਪਾਰਟੀ ਕਰਦੀ ਹੈ। ਆਖਿਰ ਕੀ ਹੈ ਤੁਹਾਡਾ ਟੀਚਾ? ’’ਗੁਰੂ ਗ੍ਰੰਥ ਸਾਹਿਬ ਹੀ ਮੇਰਾ ਚੋਣ ਮੈਨੀਫੈਸਟੋ ਹੈ, ਇਹੀ ਮੇਰਾ ਟੀਚਾ ਹੈ, ਜਿਸਨੂੰ ਮੈਂ ਪੰਜਾਬ ਤੋਂ ਬਾਹਰ ਵੀ ਪੂਰੇ ਦੇਸ਼ ਵਿਚ ਲਾਗੂ ਕਰਨਾ ਚਾਹੁੰਦਾ ਹਾਂ।’’ ਕਿੱਡੀ ਮਾਨਵਵਾਦੀ ਸਰਬ ਵਿਆਪੀ ਸੋਚ ਉਹਨਾਂ ਦੇ ਜ਼ਿਹਨ ਵਿਚ ਵੱਸੀ ਹੋਈ ਸੀ ਜੋ ਸਰਬੱਤ ਦਾ ਭਲਾ ਚਾਹੁੰਦੀ ਹੈ, ਕਿਰਤ ਵੰਡ ਛਕਣ ਦੀ ਗੱਲ ਕਰਦੀ ਹੈ, ਜੀਓ ਤੇ ਜਿਊਣ ਦੇਣ ਦੇ ਸਿਧਾਂਤ ਨੂੰ ਸਤਿਕਾਰਦੀ ਹੈ।

ਕਾਸ਼! ਕੋਈ ਇਸ ਸੋਚ ਨੂੰ ਅਗਾਂਹ ਤੋਰ ਸਕਦਾ।

# ਬੰਗਾ ਵਿਖੇ ਹੋਈ ਕਿਸਾਨ ਪੰਚਾਇਤ ‘ਚ ਵਿੱਚ ਸੱਤ ਅਹਿਮ ਮਤਿਆਂ ਉੱਤੇ ਸਹਿਮਤੀ ਬਣੀ



ਰੇਸ਼ਮ ਕਰਨਾਣਵੀ

ਪੰਜਾਬ ਵਿੱਚ ਕਿਸਾਨੀ ਮੁੱਦਿਆਂ ਉੱਤੇ ਹੋਏ ਉਭਾਰ ਵਿਚ ਪੰਜਾਬ ਦੇ ਵੱਧ ਹੱਕਾਂ ਅਤੇ ਖੁਦਮੁਖਤਿਆਰੀ ਦਾ ਮਸਲਾ ਚਰਚਾ ਵਿਚ ਆਉਣਾ ਸ਼ੁਰੂ ਹੋ ਗਿਆ ਹੈ। ਇਹ ਗੱਲ ਹੁਣ ਉਭਰ ਕੇ ਸਾਹਮਣੇ ਆ ਰਹੀ ਹੈ ਕਿ ਨਵੇਂ ਖੇਤੀ ਕਾਨੂੰਨ ਅਸਲ ਬਿਮਾਰੀ ਨਹੀਂ ਹਨ ਬਲਿਕ ਉਸ ਦੇ ਲੱਛਣ ਹਨ ਅਤੇ ਮਸਲੇ ਦੀ ਅਸਲ ਜੜ੍ਹ ਸੂਬਿਆਂ ਉੱਤੇ ਕੇਂਦਰ ਦੇ ਕੀਤੇ ਫੈਸਲੇ ਥੋਪਣ ਨਾਲ ਜੁੜੀ ਹੋਈ ਹੈ। ਮਿਤੀ 3 ਅਕਤੂਬਰ 2020 ਨੂੰ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਪਾਤਿਸ਼ਾਹੀ ਛੇਵੀਂ ਜੀਦੋਵਾਲ, ਬੰਗਾ ਵਿਖੇ ਪੰਥ ਸੇਵਕ ਜਥਾ ਦੁਆਬਾ ਵੱਲੋਂ ਮੌਜੂਦਾ ਕਿਰਸਾਨੀ ਸੰਕਟ ਦੇ ਮੁਦਿਆਂ ਨੂੰ ਵਿਚਾਰਨ ਲਈ ਵਿਚਾਰ ਗੋਸਟੀ ਕਰਵਾਈ ਗਈ ਜਿਸ ਵਿੱਚ ਬਹੁਭਾਂਤੀ ਸ਼ਖਸੀਅਤਾਂ ਦਾ ਇਕੱਠ ਹੋਇਆ, ਜਿਸ ਵਿਚ ਕਿਸਾਨ, ਕਿਸਾਨ ਜਥੇਬੰਦੀਆਂ, ਧਾਰਮਿਕ ਤੇ ਸਿਆਸੀ ਧਿਰਾਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ।

ਇਸ ਇਕੱਠ ਵਿਚ ਹੇਠ ਲਿਖੇ ਮਤਿਆਂ ਉਤੇ ਸਹਿਮਤੀ ਹੋਈ :

ਮਤਾ 1.ਅੱਜ ਦਾ ਇਕੱਠ ਇੰਡੀਆ ਸਰਕਾਰ ਵੱਲੋਂ ਸਤੰਬਰ ੨੦੨੦ ਵਿੱਚ ਪਾਸ ਕੀਤੇ ਖੇਤੀ ਉਪਜਾਂ ਨਾਲ ਸੰਬੰਧਤ ਤਿੰਨ ਕਾਨੂੰਨਾਂ ਨੂੰ ਰੱਦ ਕਰਦਾ ਹੈ।

ਮਤਾ 2. ਅੱਜ ਦਾ ਇਕੱਠ ਸਮਾਜ ਦੇ ਸਭ ਵਰਗਾਂ ਨੂੰ ਅਪੀਲ ਕਰਦਾ ਹੈ ਉਹ ਇਕਮੁਠਤਾ ਨਾਲ ਚੱਲ ਰਹੇ ਕਿਸਾਨ ਸੰਘਰਸ਼ ਦਾ ਸਹਿਯੋਗ ਕਰਨ।

ਮਤਾ 3. ਅੱਜ ਦਾ ਇਕੱਠ ਪੰਜਾਬ ਵਿੱਚ ਖੇਤੀ-ਬਾੜੀ ਨੂੰ ਲਾਹੇਵੰਦ ਕਿੱਤਾ ਬਣਾਉਣ ਦੇ ਨਾਲ-ਨਾਲ ਮਿੱਟੀ,ਪਾਣੀ ਅਤੇ ਵਾਤਾਵਰਣ ਦੇ ਕੁਦਰਤੀ ਸੰਤੁਲਨ ਨੂੰ ਕਾਇਮ ਰੱਖਣ ਨੂੰ ਵੀ ਅਹਿਮ ਸਮੱਸਿਆ ਮੰਨਦਾ ਹੈ, ਜਿਸ ਦਾ ਫ਼ੌਰੀ ਹੱਲ ਹੋਣਾ ਲਾਜ਼ਮੀ ਹੈ।

ਮਤਾ 4. ਅੱਜ ਦਾ ਇਕੱਠ ਖੇਤੀ ਉਪਜ ਦਾ ਭਾਅ ਤੈਅ ਕਰਨ, ਮੰਡੀਕਰਣ ਅਤੇ ਕੌਮਾਂਤਰੀ ਵਪਾਰ ਸੰਬੰਧੀ ਪੰਜਾਬ ਦੇ ਖੁਦਮੁਖਤਿਆਰ ਹੱਕਾਂ ਦੀ ਹਮਾਇਤ ਕਰਦਾ ਹੈ।

ਮਤਾ 5. ਅੱਜ ਦਾ ਇਕੱਠ ਪੰਜਾਬ ਦੇ ਕੁਦਰਤੀ ਸਾਧਨਾਂ ਅਤੇ ਦਰਿਆਈ ਪਾਣੀ ਉੱਤੇ ਪੰਜਾਬ ਦੇ ਹੱਕ ਦੀ ਬਹਾਲੀ ਅਹਿਮ ਤੇ ਬੁਨਿਆਦੀ ਮਸਲਾ ਸਮਝਦਾ ਹੈ,ਸੋ ਪੰਜਾਬ ਦੇ ਇਹ ਹੱਕ ਬਹਾਲ ਹੋਣੇ ਚਾਹੀਦੇ ਹਨ।



ਮਤਾ 6. ਅੱਜ ਦਾ ਇਕੱਠ ਖੇਤੀ ਬਾੜੀ ਵਿੱਚ ਕਾਰਪੋਰੇਟ ਦਖਲ ਦੀ ਬਜਾਏ ਸਾਂਝੀ ਅਤੇ ਸਹਿਕਾਰੀ ਖੇਤੀ ਦੇ ਮਾਡਲ ਵਿਕਸਿਤ ਕਰਨ ਨੂੰ ਹੱਲ ਸਮਝਦਾ ਹੈ।

ਮਤਾ 7. ਅੱਜ ਦਾ ਇਕੱਠ ਪੰਜਾਬ ਵਿਧਾਨ ਸਭਾ ਨੂੰ ਉਪਰੋਕਤਾ ਤਿੰਨੇ ਕਾਨੂੰਨ ਨੂੰ ਰੱਦ ਕਰਨ ਦੀ ਸਿਫ਼ਾਰਸ਼ ਕਰਦਾ ਹੈ।

ਮਤਾ 8. ਅੱਜ ਦਾ ਇਕੱਠ ਮਹਿਸੂਸ ਕਰਦਾ ਹੈ ਕਿ ਭਾਵੇਂ ਕਿਰਸਾਨੀ ਸਮੱਸਿਆਵਾਂ ਦਾ ਸਦੀਵੀ ਹੱਲ ਸਥਾਨਕ ਲੋਕ ਨੂੰ ਕਿਸਾਨੀ ਮਸਲਿਆਂ ਉਤੇ ਖੁਦਮੁਖਤਿਆਰੀ ਦਾ ਹੱਕ ਹਾਸਲ ਹੋਣ ਨਾਲ ਹੀ ਹੋਵੇਗਾ ਪਰ ਅੰਤ੍ਰਮ ਹੱਲ ਦੇ ਤੌਰ ਤੇ ਇੰਡੀਆ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਕਿਸਾਨਾਂ ਜਥੇਬੰਦੀਆਂ ਦੀ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਗੱਲ-ਬਾਤ ਲਈ ਵਿਸ਼ਵਾਸ ਬਹਾਲੀ ਦੇ ਉਪਾਅ ਵਜੋਂ ਉਪਰੋਕਤ ਤਿੰਨੇ ਕਾਨੂੰਨਾ ਨੂੰ ਪੰਜਾਬ ਵਿੱਚ ਨਾ ਲਾਗੂ ਕਰੇ ਅਤੇ ਸਮਰਥਨ ਮੁੱਲ ਨੂੰ ਥੋਕ ਸੂਚਕ ਅੰਕ ਨਾਲ ਜੋੜ ਕੇ ਜਾਂ ਭਾਅ ਤਹਿ ਕਰਨ ਦੀ ਸੀ2 + 50% ਮੁਨਾਫੇ ਦੀ ਜੁਗਤ ਲਾਗੂ ਕਰਕੇ ਸਭ ਫਸਲਾਂ ਦੀ ਸਰਕਾਰੀ ਖਰੀਦ ਯਕੀਨੀ ਬਣਾਉਣ ਦਾ ਕਾਨੂੰਨ ਪਾਸ ਕਰੇ। ਫਲਾਂ ਅਤੇ ਸਬਜ਼ੀਆਂ ਲਈ ’ਕੀਮਤ ਸਥਿਰਤਾ ਕੋਸ਼’ (ਫਰਚਿਏ ੰਟਅਬਲਿਸਿਅਟੋਨਿ੍ਨਦ) ਕਾਇਮ ਕਰਕੇ ਕਿਸਾਨ ਦੇ ਮੁਨਾਫ਼ੇ ਵਿੱਚ ਸਥਿਰਤਾ ਲਿਆਏ।

ਸਹਿਮਤੀ ਪ੍ਰਗਟਾਉਣ ਵਾ.ਲੀਆਂ ਸ਼ਖ਼ਸੀਅਤਾਂ ਵਿੱਚ ਅਵਤਾਰ ਸਿੰਘ ਅਵਤਾਰ ਸਿੰਘ ਜਗਤਪੁਰ, ਸੰਤ ਅਮਰੀਕ ਸਿੰਘ ਮਹਿਤਪੁਰ, ਸਤਨਾਮ ਸਿੰਘ ਕਿਸਨਪੁਰਾ, ਸਤਨਾਮ ਸਿੰਘ ਜਲਵਾਹਾ, ਸਤਨਾਮ ਸਿੰਘ ਭਾਰਾਪੁਰ, ਸਤਨਾਮ ਜਲਾਲਪੁਰ, ਸਤਵੀਰ ਸਿੰਘ ਜੀਦੋਵਾਲ, ਸਰਬਜੀਤ ਸਿੰਘ ਰਾਣੇਵਾਲ, ਸਿੰ-ਦਰਪਾਲ ਸਿੰਘ ਸੋਨਾ, ਸੁਖਜਿੰਦਰ ਸਿੰਘ ਗੁਲਪੁਰ, ਸੁਖਬੀਰ ਸਿੰਘ ਖਟਕੜ, ਸੁਖਵਿੰਦਰ ਸਿੰਘ, ਸੁਰਿੰਦਰ ਸਿੰਘ ਸੰਘਾ, ਸੁਰਿੰਦਰਪਾਲ ਸਿੰਘ, ਹਰਜਿੰਦਰ ਸਿੰਘ ਨਾਗਰਾ, ਹਰਜਿੰਦਰ ਸਿੰਘ ਮਹਿੰਦਪੁਰ, ਹਰਪ੍ਰੀਤ ਸਿੰਘ, ਕਰਮਜੀਤ ਸਿੰਘ, ਕਰਮਨਜੀਤ ਸਿੰਘ ਭੰਗੂ, ਕੰਵਲਜੀਤ ਸਿੰਘ, ਕੁਲਦੀਪ ਸਿੰਘ, ਕੁਲਵਿੰਦਰ ਸਿੰਘ ਬੱਬਰਮਜਾਰਾ, ਕੈਪਟਨ ਗੁਰਪਾਲ ਸਿੰਘ ਮਜਾਰੀ, ਗਿਆਨੀ ਹਰਦੀਪ ਸਿੰਘ ਸਾਹਧੜਾ, ਗੁਰਸਰਨ ਸਿੰਘ ਮੁਕੰਦਪੁਰ, ਗੁਰਦੀਪ ਸਿੰਘ ਕਾਲਕਟ, ਗੁਰਮੀਤ ਸਿੰਘ ਕਰਤਾਰਪੁਰ, ਗੁਰਮੀਤ ਸਿੰਘ ਝੰਡੇਰ, ਜਸਵਿੰਦਰ ਸਿੰਘ ਕਲੇਰਾਂ, ਜਥੇਦਾਰ ਅਮਰੀਕ ਸਿੰਘ ਬੁਲੋਵਾਲ, ਜਥੇਦਾਰ ਸੁਖਦੇਵ ਸਿੰਘ ਭੌਰ, ਜਥੇਦਾਰ ਜਰਨੈਲ ਸਿੰਘ ਹੁਸੈਨਪੁਰ, ਜਥੇਦਾਰ ਦਲਜੀਤ ਸਿੰਘ ਮੋਲਾ, ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ, ਜਰਨੈਲ ਸਿੰਘ ਜਾਫਰਪੁਰ, ਤਿਲਕਰਾਜ ਸਿੰਘ ਚਾਹਲ ਕਲਾਂ, ਧਨਵੰਤ ਸਿੰਘ ਲਾਦੀਆਂ, ਪਰਮਜੀਤ ਸਿੰਘ ਮੰਡ, ਪੁਰਸ਼ੋਤਮ ਸਿੰਘ, ਪ੍ਰੋ.ਮਨਜੀਤ ਸਿੰਘ ਰਸੂਲਪੁਰ, ਬਖ਼ਸ਼ੀਸ਼ ਸਿੰਘ ਜਗਤਪੁਰ, ਬਖਤਾਵਰ ਸਿੰਘ ਜਗਤਪੁਰ, ਬਲਕਾਰ ਸਿੰਘ, ਬਲਵੀਰ ਸਿੰਘ ਰਟੈਂਡਾ, ਬਾਬਾ ਦੁਪਾਲੀ ਜੀ, ਬੂਟਾ ਸਿੰਘ ਜਗਤਪੁਰ, ਬੇਅੰਤ ਸਿੰਘ ਨੀਲੋਵਾਲ, ਮਹਿੰਦਰ ਸਿੰਘ ਦੁਸਾਂਝ, ਮਨਧੀਰ ਸਿੰਘ, ਮਨਪ੍ਰੀਤ ਸਿੰਘ ਭਾਰਸਿੰਘਪੁਰਾ ਅਤੇ ਰਣਜੀਤ ਸਿੰਘ ਰਟੈਂਡਾ ਦੇ ਨਾਂ ਸ਼ਾਮਿਲ ਹਨ।

# ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ ਧਰਮ ਅੰਦੋਲਨ



ਫਤਿਹਜੰਗ ਸਿੰਘ
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

ਡਾ. ਅੰਬਡਕਰ ਨੇ ਕਿਹਾ ਸੀ ਕਿ ''ਸਾਡੇ ਸਮਾਜ ਦੇ ਦੋ ਮੁੱਖ ਭਾਗ ਰਹੇ ਹਨ। ਇਕ ਰਾਜ ਕਰਨ ਵਾਲਿਆਂ ਦਾ ਹੈ ਅਤੇ ਦੂਜਾ ਉਹਨਾਂ ਦੀ ਪਰਜਾ ਦਾ। ਸਦੀਆਂ ਤੋਂ ਇਹ ਵਿਵਸਥਾ ਚਲੀ ਆ ਰਹੀ ਹੈ ਪਰ ਇਹ ਸਦੀਵੀ ਨਹੀਂ ਰਹਿਣੀ ਚਾਹੀਦੀ।'' ਇਸ ਅਵਸਥਾ ਨੂੰ ਬਦਲਣ ਲਈ ਹੀ ਬਾਬਾ ਸਾਹਿਬ ਨੇ ਤਾ-ਉਮਰ ਸੰਘਰਸ਼ ਕੀਤਾ। ਰਾਜ ਕਰਨ ਵਾਲੀ ਸ਼੍ਰੇਣੀ ਨੇ ਆਪਣੇ ਨਿੱਜੀ ਘਟੀਆ ਸਵਾਰਥਾਂ ਕਾਰਨ ਸਮਾਜ ਦੇ ਇਕ ਵੱਡੇ ਹਿੱਸੇ ਨੂੰ ਜਾਤਪਾਤ ਤੇ ਊਚ-ਨੀਚ ਦੀਆਂ ਵੰਡੀਆਂ ਪਾ ਕੇ ਲੀਰੋ ਲੀਰ ਕਰੀ ਰੱਖਿਆ, ਜਿਸ ਕਰਕੇ ਕੁਦਰਤੀ ਸਾਧਨਾਂ ਵਿਚ ਸਰਵ ਸੰਪੰਨ ਇਹ ਦੇਸ਼ ਕਮਜ਼ੋਰ ਤੇ ਗਰੀਬ ਹੀ ਬਣਿਆ ਰਿਹਾ। ਸਦੀਆਂ ਤੱਕ ਸਮਾਜ ਦੇ ਇਸ ਹਿੱਸੇ ਨੂੰ ਸ਼ੂਦਰ ਦਾ ਨਾਂ ਦੇ ਕੇ ਰੱਬ ਅਤੇ ਧਰਮ ਦੇ ਅੰਧ-ਵਿਸ਼ਵਾਸੀ ਕਰੂਰ ਡੰਡੇ ਦੇ ਜ਼ੋਰ ਨਾਲ ਅਜਿਹਾ ਲੁੱਟਿਆ ਅਤੇ ਨਚੋੜਿਆ ਗਿਆ ਕਿ ਇਸਦੇ ਵਾਸੀ ਭੁੱਲ ਹੀ ਗਏ ਕਿ ਉਹ ਵੀ ਮਨੁੱਖ ਹੀ ਹਨ। ਮਨੁੱਖਾਂ ਦੇ ਅਧਿਕਾਰ ਦੀ ਗੱਲ ਸੋਚਣੀ ਤਾਂ ਬਹੁਤ ਦੂਰ ਦੀ ਗੱਲ ਸੀ। ਅਜਿਹੀ ਹਾਲਤ ਦੇ ਝੰਬੇ ਸਮਾਜ ਦੇ ਲੋਕਾਂ ਨੂੰ ਅੱਜ ਵੀ ਆਜ਼ਾਦੀ ਤੇ ਲੋਕਰਾਜ ਸਥਾਪਤੀ ਦੀ ਲੱਗਭੱਗ ਪੌਣੀ ਸਦੀ ਆਜ਼ਾਦੀ ਜਾਂ ਮਨੁੱਖੀ ਅਧਿਕਾਰਾਂ ਦਾ ਪੂਰਨ ਅਹਿਸਾਸ ਕਰਵਾਉਣ ਵਿਚ ਅਸਫਲ ਰਹੀ ਹੈ। ਅਜਿਹੀ ਵਿਵਸਥਾ ਦੀਆਂ ਸਥਾਪਤ ਕੀਤੀਆਂ ਗਲਤ ਕਦਰਾਂ-ਕੀਮਤਾਂ ਤੇ ਖਿਲਾਫ ਜਦੋਂ ਬਾਬਾ ਸਾਹਿਬ ਸਾਰੇ ਦੇਸ਼ ਵਿਚ ਆਪਣੇ ਘੋਲ ਦੀਆਂ ਜੜ੍ਹਾਂ ਫੈਲਾ ਰਹੇ ਸਨ ਤਾਂ ਉਹਨਾਂ ਦੇ ਹੀ ਸਮਕਾਲੀ ਬਾਬੂ ਮੰਗੂ ਰਾਮ ਮੂਗੋਵਾਲੀਆ ਪੰਜਾਬ ਵਿਚ ਆਪਣੇ ਆਦਿ ਧਰਮ ਅੰਦੋਲਨ ਦੇ ਜ਼ਰੀਏ ਇਸ ਵਿਵਸਥਾ ਵਿਰੁੱਧ ਜੰਗ ਲੜ ਰਹੇ ਸਨ। ਉਹਨਾਂ ਨੇ ਬਾਬਾ ਸਾਹਿਬ ਦੇ ਘੋਲ ਦਾ ਸਮਰਥਨ ਕੀਤਾ ਤੇ ਸਮੇਂ-ਸਮੇਂ 'ਤੇ ਡਟਕੇ ਪੂਰਾ ਸਹਿਯੋਗ ਵੀ ਦਿੱਤਾ। ਇਹ ਉਹਨਾਂ ਵੱਲੋਂ ਤਿਆਰ ਕੀਤੀ ਹੋਈ ਜ਼ਮੀਨ ਹੀ ਸੀ ਜਿਸ ਵਿਚ ਬਾਬਾ ਸਾਹਿਬ ਦਾ ਅੰਦੋਲਨ ਪੰਜਾਬ ਵਿਚ ਠਾਠਾਂ ਮਾਰ ਵਧਣ ਲੱਗਾ ਸੀ।

ਇਸ ਸੰਘਰਸ਼ਸ਼ੀਲ ਸ਼ਖਸੀਅਤ ਬਾਬੂ ਮੰਗੂ ਰਾਮ ਮੂਗੋਵਾਲੀਆ ਨੇ 14 ਜਨਵਰੀ 1886 ਨੂੰ ਮੂਗੋਵਾਲ (ਹੁਸ਼ਿਆਰਪੁਰ) ਵਿਚ ਸ੍ਰੀ ਹਰਨਾਮ ਦਾਸ ਇਕ ਦਲਿਤ ਦੇ ਘਰ ਜਨਮ ਲਿਆ। ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਬਾਕੀ ਦੇਸ਼ ਨਾਲੋਂ ਬਹੁਤ ਦੇਰ ਬਾਅਦ ਹੋਇਆ ਸੀ। ਅੰਗਰੇਜ਼ਾਂ ਦੇ ਆਉਣ ਨਾਲ ਜੋ ਵਿੱਦਿਆ ਸਦੀਆਂ ਤੱਕ ਅਛੂਤ ਸਮਾਜ ਤੋਂ ਦੂਰ ਰਹੀ, ਉਹ ਅੰਗਰੇਜ਼ਾਂ ਕਾਰਨ ਸ਼ੁਰੂ ਤਾਂ ਤਾਂ ਹੋ ਗਏ. ਪਰ ਛੂਤਛਾਤ ਦਾ ਪਰਛਾਵਾਂ ਸਕੂਲਾਂ 'ਤੇ ਵੀ ਬੁਰੀ ਤਰ੍ਹਾਂ ਛਾਇਆ ਹੋਇਆ ਸੀ। ਬੁਰੇ ਵਿਵਹਾਰ ਦੇ ਹੁੰਦਿਆਂ ਵੀ ਬਾਬੂ ਮੰਗੂ ਰਾਮ ਵਰਗੇ ਵਿਰਲੇ ਟਾਂਵੇ ਸਕੂਲਾਂ ਵਿਚ ਦਾਖਲ ਹੋ ਹੀ ਰਹੇ ਸਨ। ਛੂਤਛਾਤ ਦਾ ਇਹ ਹਾਲ ਸੀ ਕਿ ਬਾਬੂ ਜੀ ਆਪਣਾ ਵੱਖਰਾ ਟਾਟ ਅਤੇ ਇਕ ਛਤਰੀ ਨਾਲ ਲੈ ਕੇ ਜਾਂਦੇ ਸਨ। ਗਰਮੀਆਂ ਵਿਚ ਬਾਕੀ ਵਿਦਿਆਰਥੀ ਛਾਵੇਂ ਬੈਠੇ ਹੁੰਦੇ ਪਰ ਬਾਬੂ ਮੰਗੂ ਰਾਮ ਨੇ ਧੁੱਪ ਵਿਚ ਆਪਣੀ ਛਤਰੀ ਲੈ ਕੇ ਬੈਠਣ ਲਈ ਮਜਬੂਰ ਹੁੰਦੇ। ਸਰਦੀਆਂ ਵਿਚ ਬਾਕੀ ਧੁੱਪ ਵਿਚ ਬੈਠਦੇ ਤਾਂ ਇਹਨਾਂ ਨੂੰ ਛਾਂ ਵਿਚ ਗਰਮ ਕੱਪੜਿਆਂ ਦੀ ਅਣਹੋਂਦ ਕਾਰਨ ਠੁਰ-ਠੁਰ ਕਰਦਿਆਂ ਪੜ੍ਹਨਾ ਪੈਂਦਾ। ਫਿਰ ਇਕ ਦਿਨ ਤਾਂ ਇੰਤਹਾ ਹੀ ਹੋ ਗਈ ਜਦੋਂ ਤੁਫਾਨ ਤੇ ਰਾਜਿਆਂ ਕਾਰਨ ਛਤਰੀ ਟੁੱਟ ਗਈ। ਇਹ ਦੌੜ ਕੇ ਕਮਰੇ ਅੰਦਰ ਮਨਾਹੀ ਦੇ ਬਾਵਜੂਦ ਵੀ ਜਾ ਵੜੇ। ਮਾਸਟਰ ਨੇ ਇਸ ਅਵੱਗਿਆ ਕਾਰਨ ਬਹੁਤ ਬੁਰੀ ਤਰ੍ਹਾਂ ਕੁੱਟਿਆ ਤੇ ਨਾਲ ਹੀ ਆਖ ਰਿਹਾਸੀ ਕਿ ਜੇ ਇਹ ਚਮਾਰ-ਚੂਹੜੇ ਪੜ੍ਹਨ ਲੱਗ ਪਏ ਤਾਂ ਸਾਡੀਆਂ ਜੁੱਤੀਆਂ ਕੌਣ ਕਰੇਗਾ? ਅਗਲੇ ਦਿਨ ਸਾਰੇ ਕਮਰੇ ਨੂੰ ਗੰਗਾਜਲ ਨਾਲ ਪਵਿੱਤਰ ਕੀਤਾ ਗਿਆ। ਬਾਬੂ ਮੰਗੂ ਰਾਮ ਦੇ ਦਿਲ 'ਤੇ ਗਹਿਰੀ ਸੱਟ ਲੱਗੀ। ਸਕੂਲ ਜਾਣਾ ਬੰਦ ਕਰ ਦਿੱਤਾ ਤੇ ਨਿਰਾਸ਼ ਰਹਿਣ ਲੱਗ ਪਏ।

ਉਹਨਾਂ ਦਿਨਾਂ ਵਿਚ ਬਾਹਰ ਜਾਣ ਲਈ ਪਾਸਪੋਰਟ ਜਾਂ ਵੀਜ਼ੇ ਦੀ ਲੋੜ ਨਹੀਂ ਸੀ ਹੁੰਦੀ। ਰੁਜ਼ਗਾਰ ਲਈ ਲੋਕੀ ਦੂਰ-ਦੂਰ ਤੱਕ ਦੂਜੇ ਦੇਸ਼ਾਂ ਵਿਚ ਚਲੇ ਜਾਂਦੇ ਸਨ। ਬਾਬੂ ਜੀ ਵੀ 1909 ਵਿਚ ਅਮਰੀਕਾ ਚਲੇ ਗਏ। ਉਥੇ ਲਾਲਾ ਹਰਦਿਆਲ ਨਾਲ ਮੇਲ ਹੋਇਆ ਤਾਂ ਉਹਨਾਂ ਦੀ ਗਦਰ ਪਾਰਟੀ ਲਈ ਕੰਮ ਕਰਦੇ ਰਹੇ। ਉਥੋਂ ਦੇ ਜਾਤਪਾਤ ਰਹਿਤ ਸਮਾਜ ਤੋਂ ਉਹ ਬਹੁਤ ਪ੍ਰਭਾਵਿਤ ਹੋਏ। ਫਿਰ 1915 ਵਿਚ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੀ ਸਲਾਹ ਨਾਲ ਆਜ਼ਾਦੀ ਦੀ ਜੰਗ ਤੇਜ਼ ਕਰਨ ਲਈ ਉਹ ਚਾਰ ਸਾਥੀਆਂ ਸਮੇਤ ਜਹਾਜ਼ ਵਿਚ ਹਥਿਆਰ ਭਰ ਕੇ ਭਾਰਤ ਲਿਆ ਰਹੇ ਸਨ ਕਿ ਅਮਰੀਕਨਾਂ ਨੇ ਛਾਪਾ ਮਾਰ ਕੇ ਫੜ ਲਿਆ। ਮੌਤ ਦੀ ਸਜ਼ਾ ਹੋ ਗਈ। ਪਰ ਰਾਜ ਬਿਹਾਰੀ ਬੋਸ ਅਤੇ ਕੁਝ ਜਰਮਨਾਂ ਦੀ ਮਦਦ ਨਾਲ ਜੇਲ੍ਹ ਵਿਚੋਂ ਭੱਜ ਨਿਕਲੇ। ਮਨੀਲਾ ਤੇ ਫਿਲਪਾਈਨ ਆਦਿ ਤੋਂ ਹੁੰਦੇ ਹੋਏ ਲੁਕਦੇ ਛਿਪਦੇ 1925 ਵਿਚ ਭਾਰਤ ਪੁੱਜ ਗਏ। ਇੱਥੇ ਜਾਤਪਾਤੀ ਵਿਤਕਰਾ ਜਿਉਂ ਦੀ ਤਿਉਂ ਵੇਖ ਕੇ ਉਹ ਹੋਰ ਉਦਾਸ ਹੋ ਗਏ। ਫਿਰ ਇਕ ਦਿਨ ਇਹਨਾਂ ਦੇ ਸਾਹਮਣੇ ਇਥ ਜ਼ਿੰਮੀਦਾਰ ਦੇ ਖੇਤ ਵਿਚ ਲਾਗਿਉਂ ਇਕ ਅਛੂਤ ਨੂੰ ਖਾਲ ਵਿਚੋਂ ਪੱਠੇ ਵੱਢਣ ਕਾਰਨ ਜ਼ਿੰਮੀਦਾਰ ਵੱਲੋਂ ਉਸਨੂੰ ਬਹੁਤ ਮਾਰ ਪਈ ਜੋ ਉਹਨਾਂ ਦਿਨਾਂ ਵਿਚ ਆਮ ਹੋ ਗਈ ਸੀ। ਬਾਬੂ ਜੀ ਦਾ ਦਿਲ ਸਹਾਰ ਨਾ ਸਕਿਆ। ਨਿਰਾਸ਼ਤਾ ਵਿਚ ਪੰਜਾਬ ਤਿਆਗ ਦਿੱਤਾ। ਲਾਲਾ ਹਰਦਿਆਲ ਨੂੰ ਲਿਖਿਆ ਕਿ ਜਦੋਂ ਤੱਕ ਸਮਾਜ ਵਿਚ ਛੂਤਛਾਤ ਦਾ ਬੋਲਬਾਲਾ ਰਹੇਗਾ ਦੇਸ਼ ਕਦੇ ਵੀ ਆਜ਼ਾਂਦ ਨਹੀਂ ਹੋ ਸਕੇਗਾ। ਫਿਰ ਬੰਬਈ, ਸਿਤਾਰਾ, ਪੂਨਾ, ਨਾਗਪੁਰ, ਮਦਰਾਸ, ਕਲਕੱਤਾ, ਮਥਰਾ, ਦੇਹਰਾਦੂਨ ਆਦਿ ਥਾਵਾਂ ਤੇ ਗਏ ਅਤੇ ਵੇਖਿਆ ਕਿ ਦੇਸ਼ ਦੇ ਕਈ ਹਿੱਸਿਆਂ ਵਿਚ ਅਛੂਤ ਉਧਾਰ ਦੇ ਅੰਦੋਲਨ ਚੱਲ ਰਹੇ ਹਨ। ਮਹਾਂਰਾਸ਼ਟਰ ਵਿਚ ਡਾ. ਅੰਬੇਡਕਰ ਦੀ 'ਬਹਿਸਕ੍ਰਿਤ ਹਿਤਕਾਰਨੀ ਸਭਾ' ਦੇ ਕੰਮ ਤੋਂ ਬਹੁਤ ਪ੍ਰਭਾਵਿਤ ਹੋਏ। ਸਭਾ ਵੱਲੋਂ ਅਛੂਤ ਵਿਦਿਆਰਥੀਆਂ ਲਈ ਇਕ ਹੋਸਟਲ ਚਲਾਇਆ ਜਾ ਰਿਹਾ ਸੀ ਜਿਸ ਵਿਚ ਰਿਹਾਇਸ਼, ਖਾਣਾ ਤੇ ਕੱਪੜਾ ਮੁਫਤ ਦਿੱਤਾ ਜਾਂਦਾ ਸੀ। ਇਸਤੋਂ ਉਹ ਹੋਰ ਵੀ ਪ੍ਰਭਾਵਿਤ ਹੋ ਗਏ।

ਇਸ ਉਪਰੰਤ ਵਾਪਸ ਘਰ ਪਰਤ ਆਏ। ਪਿੰਡ-ਪਿੰਡ ਘੁੰਮ ਕੇ ਅਛੂਤ ਉਧਾ ਦੇ ਪ੍ਰੋਗਰਾਮ ਸ਼ੁਰੂ ਕੀਤੇ। ਇਹਨਾਂ ਦੀ ਸਿਖਰ ਇਹ ਸੀ ਕਿ 11-12 ਜੂਨ 1926 ਨੂੰ ਸਾਰੀਆਂ ਅਛੂਤ ਜਾਤੀਆਂ ਨਾਲ ਸਬੰਧਤ ਲੋਕਾਂ ਦੀ ਇਕ ਬਹੁਤ ਵੱਡੀ ਕਾਨਫਰੰਸ ਪਿੰਡ ਮੂਗੋਵਾਲ (ਹੁਸ਼ਿਆਰਪੁਰ) ਵਿਚ ਸੱਦੀ ਗਈ। ਇਹ ਇਕ ਨਿਵੇਕਲਾ ਤੇ ਇਨਕਲਾਬੀ ਕਦਮ ਸੀ। ਇਸ ਵਿਚ ਹਿੰਦੂ ਧਰਮ ਦੇ ਜਾਤਪਾਤੀ ਵਿਤਕਰੇ ਤੋਂ ਛੁਟਕਾਰਾ ਪਾਉਣ ਲਈ ਇਕ ਵੱਖਰੇ ਧਰਮ 'ਆਦਿ ਧਰਮ' ਦੀ ਨੀਂਹ ਰੱਖੀ ਗਈ। ਸਾਰੀਆਂ ਅਛੂਤ ਜਾਤੀਆਂ ਨੂੰ ਪ੍ਰੇਰਿਤ ਕੀਤਾ ਗਿਆ ਕਿ ਉਹ ਆਪਣੇ ਹੋਰ ਧਰਮ ਭੁਲਾ ਕੇ ਇਸ ਇਕੋ ਧਰਮ ਨੂੰ ਅਪਣਾਉਣ ਅਤੇ ਆਪਸ ਵਿਚ ਭਰਾਤਰੀ ਪ੍ਰੇਮ ਭਾਵ ਪੈਦਾ ਕਰਨ। ਹਿੰਦੂ ਧਰਮ ਵੱਲੋਂ ਫੈਲਾਏ ਅੰਧ ਵਿਸ਼ਵਾਸ, ਫਜ਼ੂਲ ਦੇ ਰਸਮੋ-ਰਿਵਾਜ਼ ਅਤੇ ਵਹਿਮਾਂ-ਭਰਮਾਂ ਨੂੰ ਤਿਲਾਂਜਲੀ ਦੇ ਕੇ ਸਾਦਾ ਤੇ ਸਹੀ ਸੋਚ ਵਾਲਾ ਜੀਵਨ ਬਤੀਤ ਕੀਤਾ ਜਾਵੇ। ਉਸ ਵਿਚ ਪਾਸ ਕੀਤੇ ਕੁੱਲ 25 ਮਤਿਆਂ ਦਾ ਨਚੋੜ ਇਸ ਤਰ੍ਹਾਂ ਸੀ,



ਆਦਿ ਧਰਮ ਮੰਡਲ ਦੀ ਸਥਾਪਨਾ ਹੋ ਚੁੱਕੀ ਹੈ, ਜਿਸਦਾ ਗ੍ਰੰਥ 'ਆਦਿ ਪ੍ਰਕਾਸ਼', ਪਵਿੱਤਰ ਸ਼ਬਦ 'ਸੋਹੰ' ਹੈ। ਹੁਣ ਸਭਨੇ ਆਪਸ ਵਿਚ ਮਿਲਣ ਉਤੇ 'ਜੈ ਗੁਰਦੇਵ' ਹੀ ਕਹਿਣਾ ਹੈ। ਇਸਦਾ ਮੁੱਖ ਦਫਤਰ ਜਲੰਧਰ ਵਿਚ ਹੋਵੇਗਾ। ਇਸਦੇ ਬਾਨੀ ਵਾਲਮੀਕ ਜੀ, ਰਵਿਦਾਸ ਜੀ, ਕਬੀਰ ਜੀ, ਨਾਮਦੇਵ ਜੀ ਹਨ। ਆਦਿ-ਧਰਮ ਵਿਚ ਸਭ ਇਕਮੁੱਠ ਹੋ ਕੇ ਭੀੜ ਪੈਣ ਤੇ ਇਕ-ਦੂਜੇ ਦੀ ਰੱਖਿਆ ਕਰਨਗੇ। ਜੋ ਗ੍ਰੰਥ ਅਤੇ ਸ਼ਾਸਤਰ ਅਛੂਤਾਂ ਨੂੰ ਗੁਲਾਮ ਦੱਸਦੇ ਹਨ ਉਹਨਾਂ ਦਾ ਬਾਈਕਾਟ ਕੀਤਾ ਜਾਵੇਗਾ। ਅਛੂਤ ਬੱਚੇ ਘੱਟੋ-ਘੱਟ ਪ੍ਰਾਇਮਰੀ ਵਿੱਦਿਆ ਜ਼ਰੂਰ ਗ੍ਰਹਿਣ ਕਰਨਗੇ। ਗਰੀਬੀ ਕਾਰਨ ਕਿਉਂਕਿ ਮਾਪੇ ਪੜ੍ਹਾਉਣ ਦੇ ਸਮਰੱਥ ਨਹੀਂ ਹਨ, ਇਸ ਲਈ ਸਿੱਖਿਆ ਮੰਤਰੀ ਲਾਹੌਰ ਨੂੰ ਵਜ਼ੀਫਿਆਂ ਅਤੇ ਗਰਾਂਟਾਂ ਆਦਿ ਦਾ ਪ੍ਰਬੰਧ ਕਰਨ ਲਈ ਆਖਿਆ ਜਾਵੇਗਾ। ਇਸੇ ਤਰ੍ਹਾਂ ਸਰਕਾਰ ਨੂੰ ਕਿਹਾ ਜਾਵੇਗਾ ਕਿ ਖਾਲੀ ਜ਼ਮੀਨਾਂ ਅਛੂਤਾਂ ਵਿਚ ਵੰਡਣ ਅਤੇ ਰਈਅਤਨਾਮਾ (ਜਿਸਦੇ ਅਧੀਨ ਅਛੂਤ ਦੇ ਮਕਾਨ ਦੀ ਜ਼ਮੀਨ 'ਤੇ ਉਸਦੀ ਮਲਕੀਅਤ ਨਹੀਂ ਸੀ ਹੁੰਦੀ), ਖਤਮ ਕਰਕੇ ਅਛੂਤਾਂ ਨੂੰ ਆਪਣੇ ਮਕਾਨਾਂ ਦੇ ਮਾਲਕ ਬਣਾਇਆ ਜਾਵੇ। ਜਨਗਣਨਾ ਵਿਚ 'ਆਦਿ ਧਰਮ' ਨੂੰ ਵੱਖ ਧਰਮ ਲਿਖਿਆ ਜਾਵੇ। ਨੌਕਰੀਆਂ, ਵਿਧਾਨ ਸਭਾਵਾਂ, ਪੁਲਿਸ ਅਤੇ ਫੌਜ ਵਿਚ ਬਣਦੀ ਨੁਮਾਇੰਦਗੀ ਦਿੱਤੀ ਜਾਵੇ। ਅਛੂਤਾਂ ਨੂੰ ਦੂਜਿਆਂ ਦੇ ਬਰਾਬਰ ਲਿਆਉਣ ਤੱਕ ਦੇਸ਼ ਨੂੰ ਸਵਰਾਜ ਨਾ ਦਿੱਤਾ ਜਾਵੇ। 'ਦਇਆ ਨੰਦ ਦਲਿਤ ਉਧਾਰ ਮੰਡਲ', 'ਪਤਿਤ ਉਧਾਰ ਮੰਡਲ', 'ਅੰਤਜ ਉਧਾਰ ਮੰਡਲ', 'ਅਛੂਤ ਉਧਾਰ ਮੰਡਲ' ਆਦਿ ਅਸਲ ਵਿਚ ਅਛੂਤਾਂ ਦੇ ਉਧਾਰ ਲਈ ਨਹੀਂ ਹਨ ਸਗੋਂ ਉਹਨਾਂ ਨਾਲ ਧੋਖਾ ਹੈ, ਇਸ ਲਈ ਇਹਨਾਂ ਨੂੰ ਸਰਕਾਰ ਸਾਡੇ ਨੁਮਾਇੰਦੇ ਨਾ ਸਮਝੇ। ਉੱਚ ਜਾਤੀਆਂ ਵੱਲੋਂ ਅਛੂਤਾਂ ਦੇ ਲਾਲ ਰੰਗ ਪਹਿਨਣ ਉਤੇ ਲੱਗੀ ਪਾਬੰਦੀ ਉਠਾਈ ਜਾਵੇ। ਮਨੂੰ ਸਿਮਰਤੀ ਵਰਗੇ ਅਛੂਤਾਂ ਨੂੰ ਗੁਲਾਮ ਮੰਨਦੇ ਗ੍ਰੰਥਾਂ ਉਤੇ ਪਾਬੰਦੀ ਲਗਾਈ ਜਾਵੇ। ਬੇਗਾਰ ਬੰਦ ਕੀਤੀ ਜਾਵੇ। ਅਜਿਹਾ ਕਰਨ ਵਾਲੀ ਸਰਕਾਰ ਦੇ ਹੀ ਅਛੂਤ ਸ਼ੁਭਚਿੰਤਕ ਰਹਿਣਗੇ।

ਇੰਝ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਦੀ ਅਗਵਾਈ ਵਿਚ 11-12 ਜੂਨ 1926 ਨੂੰ ਇਹ ਇਕ ਇਨਕਲਾਬੀ ਕਦਮ ਚੁੱਕਿਆ, ਜਿਸ ਕਰਕੇ ਆਦਿ ਧਰਮ ਇਕ ਧਰਮ ਨਾ ਹੋ ਕੇ ਜ਼ਬਰਦਸਤ ਅੰਦੋਲਨ ਦੀ ਸ਼ੁਰੂਆਤ ਹੋ ਨਿਬੜਿਆ। ਅਛੂਤਾਂ ਵਿਚ ਇਕ ਨਵਾਂ ਜੋਸ਼, ਨਵੀਂ ਉਮੰਗ ਠਾਠਾਂ ਮਾਰਨ ਲੱਗੀ। ਜਿੱਥੇ ਵੀ ਜਾਂਦੇ ਜਾਂ ਮੋਰਚਾ ਲਾਉਂਦੇ ਲਾਲ ਪੱਗਾਂ ਦਾ ਹੜ੍ਹ ਜਿਹਾ ਆ ਜਾਂਦਾ।ਵਿਰੋਧੀ ਬੁਰੀ ਤਰ੍ਹਾਂ ਘਬਰਾ ਗਏ। ਅੰਦੋਲਨ ਦੇ ਪ੍ਰਚਾਰ ਪ੍ਰਸਾਰ ਲਈ ਇਕ ਪੰਜਾਬੀ ਅਤੇ ਉਰਦੂ ਵਿਚ ਹਫਤਾਵਾਰੀ ਅਖਬਾਰ 'ਆਦਿ ਡੰਕਾ' ਸ਼ੁਰੂ ਕੀਤਾ, ਜਿਸਨੇ ਅਛੂਤਾਂ ਵਿਚ ਇਕ ਨਵੀਂ ਹੀ ਸੋਚ ਭਰ ਦਿੱਤੀ। ਅਛੂਤਾਂ ਦੀ ਬੇਗਾਰ ਵਿਰੁੱਧ ਧਰਮਸ਼ਾਲਾ (ਹਿਮਾਚਲ) ਵਿਚ ਮੋਰਚਾ ਲਾਇਆ ਗਿਆ, ਜਿਸਦੇ ਫਲਸਰੂਪ ਬੇਗਾਰ ਬੰਦ ਹੋਈ ਅਤੇ ਮਜ਼ਦੂਰੀ ਇਕ ਆਨੇ ਤੋਂ ਡੇਢ ਰੁਪਿਆ ਕਰਵਾ ਦਿੱਤੀ ਗਈ।

ਬਾਬੂ ਮੰਗੂ ਰਾਮ ਨੇ ਅਛੂਤਾਂ ਨਾਲ ਸਬੰਧਤ ਸਥਾਨਕ ਅਤੇ ਕੌਮੀ ਮੁੱਦਿਆਂ ਉਤੇ ਮੋਰਚੇ ਅਤੇ ਕਾਨਫਰੰਸਾਂ ਨਾਲ ਹਮਲਾ ਬੋਲ ਦਿੱਤਾ। 1928 ਵਿਚ ਸਾਈਮਨ ਕਮਿਸ਼ਨ ਅੱਗੇ ਡੈਪੂਟੇਸ਼ਨ ਲੈ ਕੇ ਪੇਸ਼ ਹੋਏ ਅਤੇ ਅਛੂਤਾਂ ਦੀਆਂ ਤਕਲੀਫਾਂ ਸਾਹਮਣੇ ਰੱਖੀਆਂ। ਉਹਨਾਂ ਨੇ ਕਮਿਸ਼ਨ ਨੂੰ ਅਹਿਸਾਸ ਕਰਵਾਇਆ ਕਿ ਅਛੂਤਾਂ ਨੂੰ ਕੋਈ ਹੱਕ ਨਹੀਂ ਦਿੱਤਾ ਗਿਆ, ਉਹਨਾਂ ਨੂੰ ਕੁੱਤੇ ਬਿੱਲਿਆਂ ਤੋਂ ਵੀ ਭੈੜਾ ਗਿਣਿਆ ਜਾਂਦਾ ਹੈ। ਅਛੂਤ ਵੱਖਰੇ ਧਰਮ ਦੇ ਅਨੁਆਈ ਹਨ, ਉਹਨਾਂ ਨੂੰ ਹਿੰਦੂ, ਮੁਸਲਿਮ ਜਾਂ ਇਸਾਈ ਨਾ ਸਮਝਿਆ ਜਾਵੇ ਅਤੇ ਵੱਖਰਿਆਂ ਰੱਖ ਕੇ ਹੀ ਬਰਾਬਰ ਦੇ ਅਧਿਕਾਰ ਦਿੱਤੇ ਜਾਣ। ਫਿਰ 1929 ਵਿਚ ਬਾਬੂ ਜੀ ਗਵਰਨਰ ਪੰਜਾਬ ਨੂੰ 300 ਦਾ ਜਥਾ ਲੈ ਕੇ ਉਹਨਾਂ ਨੂੰ ਜਲੰਧਰ ਆਉਣ 'ਤੇ ਮਿਲੇ ਅਤੇ ਅਛੂਤਾਂ ਨੂੰ ਦਰਪੇਸ਼ ਔਕੜਾਂ ਸਬੰਧੀ ਇਕ ਯਾਦਪੱਤਰ ਦਿੱਤਾ। 1931 ਦੀ ਮਰਦਮਸ਼ੁਮਾਰੀ ਵਿਚ ਬਾਬੂ ਜੀ ਦੇ ਅੰਦੋਲਨ ਕਰਕੇ ਵੱਖਰਾ ਧਰਮ 'ਆਦਿ ਧਰਮ' ਲਿਖਵਾਉਣ ਸਦਕਾ ਦੇਸ਼ ਦੇ 7 ਕਰੋੜ ਅਛੂਤ ਜਿਹਨਾਂ ਨੂੰ ਹਿੰਦੂ ਅਤੇ ਮੁਸਲਮਾਨਾਂ ਵਿਚ ਵੰਡਣ ਦੀ ਸਾਜਿਸ਼ ਰਚੀ ਗਈ ਸੀ, ਉਹ ਸਾਜਿਸ਼ ਫੇਲ੍ਹ ਹੋ ਗਈ।

ਬਾਬੂ ਮੰਗੂ ਰਾਮ ਨੇ ਹੁਣ ਉਹ ਮੁਕਾਮ ਹਾਸਲ ਕਰ ਲਿਆ ਸੀ ਕਿ ਪੰਜਾਬ ਦੇ ਅਛੂਤ ਉਹਨਾਂ 'ਤੇ ਅਥਾਹ ਵਿਸ਼ਵਾਸ ਕਰਨ ਲੱਗ ਪਏ, ਜਿਸ ਕਰਕੇ ਉਹ ਜਿੱਧਰ ਵੀ ਮੂੰਹ ਕਰਦੇ ਸਫਲਤਾ ਹੀ ਸਫਲਤਾ ਮਿਲਣ ਲੱਗੀ। ਉਹਨਾਂ ਦੀ ਇਕ ਬਹੁਤ ਵੱਡੀ ਪ੍ਰਾਪਤੀ ਇਹ ਵੀ ਸੀ ਕਿ ਉਹਨਾਂ ਨੇ ਡਾ. ਅੰਬੇਡਕਰ ਦੇ ਦੇ ਅੰਦੋਲਨ ਨੂੰ ਸਹੀ ਅਰਥਾਂ ਵਿਚ ਸਮਝ ਕੇ ਉਹਨਾਂ ਦਾ ਭਰਵਾਂ ਸਾਥ ਦਿੱਤਾ। ਅੰਗਰੇਜ਼ੀ ਸਰਕਾਰ ਵੱਲੋਂ ਭਾਰਤ ਦੇ ਹਕੂਮਤੀ ਢਾਂਚੇ ਵਿਚ ਕੁਝ ਵੱਡੀਆਂ ਤਬਦੀਲੀਆਂ ਕਰਨ ਦੇ ਇਰਾਦੇ ਨਾਲ ਲਾਰਡ ਲੋਥੀਅਨ ਦੀ ਪ੍ਰਧਾਨਗੀ ਹੇਠ ਫਰੈਂਚਾਈਜ਼ ਕਮੇਟੀ ਬਣਾਈ ਗਈ ਸੀ, ਜਿਸਨੇ ਹਿੰਦੂ, ਸਿੱਖ, ਇਸਾਈ, ਅਛੂਤ ਅਤੇ ਮੁਸਲਮਾਨਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਕੇ ਕੁਝ ਨਿਰਣੇ ਕਰਨੇ ਸਨ। ਅਛੂਤਾਂ ਵੱਲੋਂ ਡਾ. ਅੰਬੇਡਕਰ ਨੂੰ ਨੁਮਾਇੰਦਾ ਲਿਆ ਗਿਆ ਸੀ। ਜਦੋਂ ਇਹ ਕਮੇਟੀ ਪੰਜਾਬ ਆਈ ਤਾਂ ਅਛੂਤਾਂ ਦੀ ਨਿਘਰੀ ਹੋਈ ਭਿਆਨਕ ਹਾਲਤ ਬਿਆਨ ਕਰਨ ਲਈ 'ਆਦਿ ਧਰਮ ਮੰਡਲ' ਵੱਲੋਂ ਬਾਬੂ ਮੰਗੂ ਰਾਮ ਪ੍ਰਧਾਨ, ਉਪ ਪ੍ਰਧਾਨ ਬਾਬੂ ਹੰਸ ਰਾਜ ਤੇ ਜਨਰਲ ਸਕੱਤਰ ਹਜ਼ਾਰਾ ਰਾਮ ਦੀ ਰਹਿਨੁਮਾਈ ਵਿਚ ਮੁਲਾਕਾਤ ਲਈ ਗਏ। ਨਾਲ 10 ਮੈਂਬਰੀ ਕਮੇਟੀ ਵੀ ਸੀ। ਇਹਨਾਂ ਵੱਲੋਂ ਫਰੈਂਚਾਈਜ਼ ਕਮੇਟੀ ਦੇ ਸੁਆਲਾਂ ਦੇ ਬੜੀ ਦ੍ਰਿੜ੍ਹਤਾ ਨਾਲ ਵਿਸਥਾਰ ਵਿਚ ਢੁਕਵੇਂ ਜਵਾਬ ਦਿੱਤੇ ਗਏ ਅਤੇ ਕਮੇਟੀ ਨੂੰ ਇਹ ਮੰਨਣ ਲਈ ਮਜਬੂਰ ਕਰ ਦਿੱਤਾ ਕਿ ਅਛੂਤ ਅਸਲ ਵਿਚ ਹੀ ਹਿੰਦੂ ਧਰਮ ਦਾ ਅੰਗ ਨਹੀਂ ਹਨ। ਸਗੋਂ ਇਹ ਤਾਂ ਉਹ ਲੋਕ ਹਨ ਜੋ ਹਿੰਦੂਆਂ ਹੱਥੋਂ ਹੀ ਅਣਮਨੁੱਖੀ ਵਰਤਾਓ ਕਾਰਨ ਲਗਾਤਾਰ ਅੱਨਿਆ ਤੇ ਅੱਤਿਆਚਾਰ ਸਹਿੰਦੇ ਆ ਰਹੇ ਹਨ।

ਉਹਨਾਂ ਨੇ ਆਦਿ ਧਰਮ ਮੰਡਲ ਦੀ ਵੀ ਵੱਖਰੇ ਰੀਤੀ ਰਿਵਾਜ਼, ਵੱਖਰਾ ਧਾਰਮਿਕ ਗ੍ਰੰਥ, ਵੱਖਰੇ ਰਹਿਬਰ ਦਰਸਾ ਕੇ ਉਸਦੀ ਵੱਖਰੀ ਪਛਾਣ ਸਾਬਤ ਕਰ ਦਿੱਤੀ। ਉਹਨਾਂ ਨੇ ਅਸੈਂਬੀ ਦੀ ਚੋਣ ਲਈ ਵੋਟਰ ਦੀਆਂ ਅਛੂਤਾਂ ਦੇ ਪ੍ਰਤੀਕੂਲ ਮੁਸ਼ਕਿਲ ਸ਼ਰਤਾਂ ਬਦਲ ਕੇ ਅਛੂਤਾਂ ਦੇ ਅਨੁਕੂਲ ਬਣਾਉਣ ਲਈ ਨਵੀਆਂ ਸ਼ਰਤਾਂ ਪੇਸ਼ ਕੀਤੀਆਂ। ਪਹਿਲੀਆਂ ਸ਼ਰਤਾਂ ਅਨੁਸਾਰ ਜ਼ੈਲਦਾਰ, ਸਫੈਦਪੋਸ਼ ਜਾਂ ਘੱਟੋ ਘੱਟ ਦਸ ਏਕੜ ਦਾ ਮਾਲਕ ਜ਼ਿੰਮੀਦਾਰ ਜਾਂ ਦਸਵੀਂ ਪਾਸ ਜਾਂ ਤਿੰਨ ਹਜ਼ਾਰ ਰਿਹਾਇਸ਼ੀ ਮਕਾਨ ਦੀ ਮਲਕੀਅਤੀ ਵਾਲਾ ਜਾਂ ਟੈਕਸ ਭਰਨ ਵਾਲਾ ਹੀ ਵੋਟਰ ਬਣ ਸਕਦਾ ਸੀ। ਇਹਨਾਂ ਵਿਚੋਂ ਅਛੂਤ ਕੋਈ ਵੀ ਸ਼ਰਤ ਪੂਰੀ ਨਹੀਂ ਸੀ ਕਰਦਾ, ਜਿਸ ਕਰਕੇ ਉਸਨੂੰ ਵੋਟ ਪਾਉਣ ਦਾ ਅਧਿਕਾਰ ਹੀ ਨਹੀਂ ਸੀ।

ਨਵੀਆਂ ਸ਼ਰਤਾਂ ਵਿਚ ਪੇਸ਼ ਕੀਤਾ ਗਿਆ ਕਿ ਜਿਸਦੇ ਮਕਾਨ ਦਾ ਮਲਬਾ ਘੱਟੋ ਘੱਟ ਪੰਜਾਹ ਰੁਪਏ ਦਾ ਹੋਵੇ ਜਾਂ ਜੋ ਆਪਣੇ ਦਸਤਖਤ ਕਰ ਸਕਦਾ ਹੋਵੇ ਜਾਂ ਜੋ ਹੈਸੀਅਤ ਟੈਕਸ ਦਿੰਦਾ ਹੋਵੇ, ਉਹ ਵੋਟਰ ਬਣ ਸਕਦਾ ਹੈ।

ਬਾਬੂ ਮੰਗੂ ਰਾਮ ਜੀ ਦੀ ਇਹ ਗੱਲ ਹਮੇਸ਼ਾ ਯਾਦ ਰੱਖਣ ਯੋਗ ਹੋਵੇਗੀ ਕਿ ਜਦੋਂ 1931 ਵਿਚ ਅਛੂਤਾਂ ਨੂੰ ਹੱਕ ਦਿੱਤੇ ਜਾਣ ਲਈ ਲੰਡਨ ਵਿਚ ਦੂਜੀ ਗੋਲਮੇਜ਼ ਕਾਨਫਰੰਸ ਹੋਣ ਵਾਲੀ ਸੀ ਤਾਂ ਅਛੂਤਾਂ ਦੇ ਨੁਮਾਇੰਦੇ ਦੇ ਸਵਾਲ ਤੇ ਹੋਏ ਬਵਾਲ ਵਿਚ ਬਾਬੂ ਜੀ ਨੇ ਡਾ. ਅੰਬੇਡਕਰ ਦਾ ਡੱਟ ਕੇ ਸਾਥ ਦਿੱਤਾ। ਕਾਂਗਰਸ ਵੱਲੋਂ ਮਹਾਤਮਾ ਗਾਂਧੀ ਨੂੰ ਅਛੂਤਾਂ ਦਾ ਨੁਮਾਇੰਦਾ ਬਣਾ ਕੇ ਭੇਜਿਆ ਗਿਆ ਸੀ, ਜਦੋਂ ਕਿ ਡਾ. ਅੰਬੇਡਕਰ ਪਹਿਲੀ ਕਾਨ-ਫਰੰਸ ਵਿਚ ਅਛੂਤਾਂ ਦੀ ਵਧੀਆ ਨੁਮਾਇੰਦਗੀ ਕਰ ਚੁੱਕੇ ਸਨ ਤੇ ਹੁਣ ਫਿਰ ਅਛੂਤਾਂ ਦੇ ਨੁਮਾਇੰਦੇ ਵਜੋਂ ਪੇਸ਼ ਹੋ ਰਹੇ ਸਨ। ਝਗੜੇ ਕਾਰਨ ਫੈਸਲਾ ਵੋਟਾਂ ਤੇ ਰੱਖਿਆ ਗਿਆ। ਬਾਬੂ ਜੀ ਵੱਲੋਂ ਤੁਰੰਤ ਕਾਰਵਾਈ ਕਰਕੇ 'ਆਦਿ ਧਰਮ ਮੰਡਲ' ਵੱਲੋਂ ਥਾਂ-ਥਾਂ ਤੋਂ ਡਾ. ਅੰਬੇਡਕਰ ਹੀ ਹੈ। ਨਤੀਜੇ ਵਜੋਂ ਹੋਰ ਵੋਟਾਂ ਦੇ ਨਾਲ ਨਾਲ 'ਆਦਿ ਧਰਮ' ਦੀਆਂ ਵੋਟਾਂ ਵੀ ਪੈਣ ਕਰਕੇ ਡਾ. ਅੰਬੇਡਕਰ ਜਿੱਤ ਗਏ ਅਤੇ ਉਹਨਾਂ ਨੇ ਹੀ ਕਾਨਫਰੰਸ ਵਿਚ ਸ਼ਮੂਲੀਅਤ ਕੀਤੀ। ਗਾਂਧੀ ਅੱਗ ਬਬੂਲਾ ਹੋ ਕੇ ਭਾਰਤ ਵਾਪਸ ਪਰਤ ਆਏ। ਇਹਨਾਂ ਕਾਨਫਰੰਸਾਂ ਵਿਚ ਹੀ ਡਾ. ਅੰਬੇਡਕਰ ਨੇ ਅੰਗਰੇਜ਼ਾਂ ਨੂੰ ਆ-ਪਣੀਆਂ ਅਕੱਟ ਦਲੀਲਾਂ ਨਾਲ ਮੰਨਵਾ ਕੇ ਅਛੂਤਾਂ ਲਈ ਕਮਿਊਨਲ ਐਵਾਰਡ ਪ੍ਰਾਪਤ ਕੀਤਾ। ਇਸ ਸੰਘਰਸ਼ ਵਿਚ ਬਾਬੂ ਜੀ ਦੇ ਇਸ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਕਮਿਊਨਲ ਐਵਾਰਡ ਦੇ ਵਿਰੁੱਧ ਗਾਂਧੀ ਨੇ ਮਰਨ ਵਰਤ ਰੱਖ ਦਿੱਤਾ ਕਿ ਉਹ ਅਛੂਤਾਂ ਨੂੰ ਵੱਖਰੇ ਅਧਿਕਾਰ ਨਹੀਂ ਲੈਣ ਦੇਣਗੇ ਕਿਉਂਕਿ ਉਹ ਹਿੰਦੂ ਸਮਾਜ ਦਾ ਹੀ ਇਕ ਅੰਗ ਹਨ। ਪਰ ਡਾ. ਅੰਬੇਡਕਰ ਨੇ ਅੰਗਰੇਜ਼ਾਂ ਤੋਂ ਇਹ ਗੱਲ ਮੰਨਵਾ ਲਈ ਸੀ ਕਿ ਅਛੂਤ ਹਿੰਦੂ ਨਹੀਂ ਹਨ, ਇਹਨਾਂ ਨੂੰ ਵੱਖਰੇ ਅਧਿਕਾਰ ਦਿੱਤੇ ਜਾਣ ਕਿਉਂਕਿ ਇਹ ਇਕ ਲੰਮੇ ਸਮੇਂ ਤੋਂ ਹਿੰਦੂਆਂ ਦੇ ਹੱਥੋਂ ਹੀ ਅੱਤਿਆਚਾਰਾਂ ਦੇ ਸ਼ਿਕਾਰ ਹੁੰਦੇ ਆ ਰਹੇ ਹਨ। ਗਾਂਧੀ ਦੇ ਮਰਨ ਵਰਤ ਦੇ ਐਲਾਨ ਦੇ ਵਿਰੋਧ ਵਿਚ ਬਾਬੂ ਮੰਗੂ ਰਾਮ ਨੇ ਵੀ ਮਰਨ ਵਰਤ ਦੀ ਧਮਕੀ ਦੇ ਦਿੱਤੀ। ਬਹੁਤ ਦੇਰ ਦੀ ਜੱਦੋ ਜਹਿਦ ਤੋਂ ਬਾਅਦ ਉਪਜੇ ਅਣਸੁਖਾਵੇਂ ਹਾਲਾਤ ਕਾਰਨ ਡਾ. ਅੰਬੇਡਕਰ ਨੂੰ ਕੁਝ ਮਜ਼ਬੂਰੀਆਂ ਕਾਰਨ ਗਾਂਧੀ ਨਾਲ 'ਪੂਨਾ ਪੈਕਟ' ਕਰਨਾ ਪਿਆ।ਇਸਦੇ ਅਧੀਨ ਪੰਜਾਬ ਦੇ ਹਿੱਸੇ 'ਚ ਰਾਖਵੀਆਂ ਸੀਟਾਂ ਆਈਆਂ ਜੋ ਸਾਰੀਆਂ 'ਆਦਿ ਧਰਮ' ਵੱਲੋਂ ਜਿੱਤ ਲਈਆਂ ਗਈਆਂ।

ਬਾਬੂ ਮੰਗੂ ਰਾਮ ਜੀ ਦੀਆਂ ਘਾਲਣਾਵਾਂ ਦਾ ਜ਼ਿਕਰ ਕਰਦਿਆਂ ਬਹੁਜਨ ਨੇਤਾ ਕਾਂਸ਼ੀ ਰਾਮ ਨੇ ਵੀ ਇਕ ਵਾਰ ਆਖਿਆ ਸੀ ਕਿ ''ਬਾਬੂ ਜੀ ਵੱਲੋਂ ਚਲਾਈ ਆਦਿ ਙਰਮ ਲਹਿਰ ਦੀ ਸਮਾਜ ਨੂੰ ਦੇਣ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਮੈਨੂੰ ਉਹਨਾਂ ਬਰੇ ਬਹੁਤੀ ਜਾਣਕਾਰ ਨਹੀਂ ਸੀ ਪਰ ਬਾਅਦ ਵਿਚ ਪਤਾ ਚੱਲਿਆ ਕਿ ਉਹਨਾਂ ਨੇ ਜੰਗਲਾਂ, ਸਮੁੰਦਰਾਂ ਵਿਚ ਭੁੱਖੇ ਪਿਆਸੇ ਰਹਿ ਕੇ ਤਰ੍ਹਾਂ ਤਰ੍ਹਾਂ ਦੀਆਂ ਔਕੜਾਂ ਨਾਲ ਸਾਹਮਣਾ ਕੀਤਾ। ਜਦੋਂ ਬਾਬਾ ਸਾਹਿਬ ਡਾ. ਅੰਬੇਡਕਰ ਗੋਲਮੇਜ਼ ਕਾਨਫਰੰਸਾਂ ਵਿਚ ਸਾਡੇ ਹੱਕਾਂ ਦੀ ਲੜਾਈ ਲੜ ਰਹੇ ਸਨ ਤਾਂ ਬਾਬੂ ਮੰਗੂ ਰਾਮ ਜੀ ਪੰਜਾਬ ਤੋਂ ਇਸ ਸੰਘਰਸ਼ ਵਿਚ ਆਪਣੀ ਲਹਿਰ ਰਾਹੀਂ ਪੂਰਾ ਯੋਗਦਾਨ ਪਾ ਰਹੇ ਸਨ।'

ਕਾਂਸ਼ੀ ਰਾਮ ਜੀ ਨੇ ਇਕ ਮੌਕੇ ਤੇ ਗੱਲ ਕਰਦਿਆਂ 'ਕੌਮੀ ਉਡਾਰੀਆਂ' ਦੇ ਸੰਪਾਦਕ ਸ੍ਰੀ ਸੀ. ਐਲ. ਚੁੰਬਰ ਅਤੇ 'ਦੇਸ਼ ਦੁਆਬਾ' ਦੇ ਹੁਣ ਦੇ ਸੰਪਾਦਕ ਸ੍ਰੀ ਪੀ. ਕੇ. ਚੁੰਬਰ ਨੂੰ ਇਹ ਵੀ ਦੱਸਿਆ ਸੀ ਕਿ ''ਜੇ ਮੈਨੂੰ ਬਾਬੂ ਮੰਗੂ ਰਾਮ ਜੀ ਬਾਰੇ ਜ਼ਿਆਦਾ ਜਾਣਕਾਰੀ ਪਹਿਲਾਂ ਹੀ ਹੁੰਦੀ ਤਾਂ ਮੈਂ ਉਹਨਾਂ ਦਾ ਜ਼ਿਕਰ ਬੜੇ ਆਦਰ ਸਹਿਤ ਆਪਣੀ ਪੁਸਤਕ 'ਚਮਚਾ ਯੁੱਗ' ਵਿਚ ਜ਼ਰੂਰ ਕਰਨਾ ਸੀ।''
(ਹਵਾਲਾ ਪੰਮੀ ਲਾਲੋ ਮਜਾਰਾ ਦੀ ਪੁਸਤਕ 'ਮੈਂ ਕਾਂਸ਼ੀ ਰਾਮ ਬੋਲਦਾ ਹਾਂ- ਸਫਾ 182

ਇਸ ਤਰ੍ਹਾਂ ਬਾਬੂ ਮੰਗੂ ਰਾਮ ਜੀ ਸਾਰੀ ਉਮਰ ਸੰਘਰਸ਼ ਕਰਦਿਆਂ, ਆਪਣੇ ਸਮਾਜ ਨੂੰ ਜਾਗ੍ਰਿਤ ਕਰਦਿਆਂ, ਇਕ ਸਦੀਵੀ ਸੇਧ ਦਿੰਦਿਆਂ 94 ਸਾਲ ਦੀ ਉਮਰ ਵਿਚ 22 ਅਪ੍ਰੈਲ 1980 ਨੂੰ ਸਦੀਵੀ ਵਿਛੋੜਾ ਦੇ ਗਏ। ਪਰ ਉਹਨਾਂ ਵੱਲੋਂ ਪਾਈਆਂ ਗਈਆਂ ਪੈੜਾਂ ਮਿਟਾਈਆਂ ਨਹੀਂ ਜਾ ਸਕਣਗੀਆਂ ਜੋ ਆਉਣ ਵਾਲੇ ਪਾਂਧੀ ਨੂੰ ਹਮੇਸ਼ਾ ਦਿਸ਼ਾ ਨਿਰਦੇਸ਼ ਦਿੰਦੀਆਂ ਰਹਿਣਗੀਆਂ।

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਆਪਣੇ ਸੰਘਰਸ਼ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਦੇ ਵੱਡੇ ਅੰਦੋਲਨ ਨਾਲ ਮੇਲ ਕੇ ਪੰਜਾਬ ਦੇ ਅਛੂਤਾਂ ਵਿਚ ਜੋ ਇਕ ਨਵਾਂ ਉਤਸ਼ਾਹ ਭਰਨ ਦਾ ਸ਼ਲਾਘਾਯੋਗ ਕੰਮ ਕੀਤਾ, ਉਸਨੂੰ ਕਦੇ ਭੁਲਾਇਆ ਨਹੀਂ ਜਾ ਸਕੇਗਾ। ਉਹਨਾਂ ਦੇ ਇਸ ਸੰਘਰਸ਼ ਸਦਕਾ ਹੀ ਅਜੋਕੇ ਪੰਜਾਬ ਦੇ ਦੁਆਬਾ ਖੇਤਰ ਵਿਚ ਆਦਿ ਧਰਮੀ/ਅਛੂਤਾਂ ਵਿਚ ਜੋ ਸਮਾਜਿਕ, ਧਾਰਮਿਕ, ਆਰਥਿਕ, ਵਿਦਿਅਕ ਤੇ ਨੌਕਰਸ਼ਾਹੀ ਵਿਚ ਜਾਗਰਤੀ ਨਜ਼ਰ ਆ ਰਹੀ ਹੈ ਉਸਦੇ ਪਿੱਛੋਂ ਡਾ. ਅੰ-ਬੇਡਕਰ ਦੇ ਨਾਲ ਨਾਲ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਦੇਣ ਵੀ ਖਲੋਤੀ ਨਜ਼ਰ ਆਉਂਦੀ ਹੈ।

ਬਾਬੂ ਜੀ ਦੀ ਤਿਆਰ ਕੀਤੀ ਜ਼ਮੀਨ ਵਿਚ ਜਿਵੇਂ ਡਾ. ਅੰਬੇਡਕਰ ਦਾ ਅੰਦੋਲਨ ਬੜੀ ਤੇਜ਼ੀ ਨਾਲ ਅੱਗੇ ਵਧਿਆ, ਉਵੇਂ ਹੀ ਇਸ ਜ਼ਮੀਨ ਵਿਚ ਰਿਪਬਲਿਕਨ ਪਾਰਟੀ ਆਫ ਇੰਡੀਆ ਅਤੇ ਫਿਰ ਕਾਂਸ਼ੀ ਰਾਮ ਜੀ ਦੀ 'ਬਹੁਜਨ ਲਹਿਰ' ਵੀ ਠਾਠਾਂ ਮਾਰ ਕੇ ਵਧੀਆਂ ਸਨ। ਸਲਾਮ ਹੈ ਬਾਬੂ ਜੀ ਦੇ ਉਸ ਇਨਕਲਾਬੀ ਕਦਮ ਨੂੰ ਜੋ ਉਹਨਾਂ ਨੇ 11-12 ਜੂਨ 1926 ਨੂੰ ਪੁੱਟਿਆ ਸੀ। ਅੱਜ ਵੀ ਲੋੜ ਹੈ ਉਸਤੋਂ ਸੇਧ ਲੈ ਕੇ ਅੱਗੇ ਵਧਿਆ ਜਾਵੇ।

# ਅਰਪਨ ਸੋਸਾਇਟੀ ਅਤੇ ਕਾਮਨਹੈਲਥ ਨੇ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ



ਅਰਪਨ ਸੋਸਾਇਟੀ ਅਤੇ ਕਾਮਨਹੈਲਥ ਨੇ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਸਬੰਧੀ ਵੱਖ ਵੱਖ ਇਲਾਕਿਆਂ ਕਥੇੜਾ, ਨੰਗਲ, ਮੰਗਲੂਰ ਆਦਿ ਵਿੱਚ ਕਰਵਾਏ ਗਏ ਪ੍ਰੋਗਰਾਮ ਵਿੱਚ ਮਹਿਲਾਵਾਂ, ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲੇ ਹੇਠਲੇ ਪੱਧਰ ਦੇ ਵਰਕਰਾਂ ਏ ਐਨ ਐਮ, ਆਂਗਣਵਾੜੀ ਵਰਕਰਾਂ, ਆਸਾ ਵਰਕਰਾਂ, ਪੰਚਾਇਤ ਮੈਂਬਰਾਂ, ਮਹਿਲਾ ਮੰਡਲ ਦੇ ਆਗੂਆਂ, ਨਰੇਗਾ ਵਰਕਰਾਂ ਆਦਿ ਨੂੰ ਮਹਿਲਾਵਾਂ ਦੀ ਰਪ੍ਰੋਡਕਟਿਵ ਸਿਹਤ ਸਬੰਧੀ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਮੈਡਮ ਰੀਤਿਕਾ ਸਿਹਤ ਵਰਕਰ ਨੇ ਮਹਿਲਾਵਾਂ ਦੀਆਂ ਰੀਪ੍ਰੋਡਕਟਿਵ ਸਿਹਤ ਸਮੱਸਿਆਵਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਨੇ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਗਰਭਪਾਤ ਦਾ ਨਾਮ ਸੁਣਦਿਆਂ ਹੀ ਬਹੁਤੇ ਲੋਕਾਂ ਦੇ ਦਿਮਾਗ ਵਿੱਚ ਮਾੜੀ ਸੋਚ ਵਾਲੇ ਖਿਆਲ ਆਂਦੇ ਹਨ। ਜਦੋਂ ਵੀ ਕਿਸੇ ਨੂੰ ਕਿਸੇ ਮਹਿਲਾ ਵਲੋਂ ਗਰਭਪਾਤ ਕਰਵਾਉਣ ਬਾਰੇ ਪਤਾ ਲੱਗਦਾ ਹੈ ਤਾਂ ਕਈ ਵਾਰ ਤਾਂ ਸਮਾਜਿਕ ਤੌਰ ਤੇ ਅਪਰਾਧਣ ਅਤੇ ਪਾਪਣ ਤੱਕ ਵੀ ਕਿਹਾ ਜਾਂਦਾ ਹੈ। ਸਮਾਜ ਵਿੱਚ ਲੜਕਿਆਂ ਦੇ ਮੁਕਾਬਲੇ ਘੱਟ ਰਹੀ ਲੜਕੀਆਂ ਦੀ ਗਿਣਤੀ ਦਾ ਕਾਰਨ ਵੀ ਗਰਭਪਾਤ ਨੂੰ ਹੀ ਮੰਨਿਆਂ ਜਾਂਦਾ ਹੈ। ਪੀ ਸੀ ਪੀਐਨ ਡੀ ਟੀ ਐਕਟ ਲਾਗੂ ਹੋਣ ਤੋਂ ਬਾਦ ਤਾਂ ਐਮਟੀਪੀ ਐਕਟ ਅਨੁਸਾਰ ਕਨੂੰਨੀ ਤੌਰ ਤੇ ਮੰਨਜੂਰਸ਼ੁਦਾ ਗਰਭਪਾਤ ਦੀਆਂ ਸੇਵਾਵਾਂ ਅਤੇ ਸਹੂਲਤਾਂ ਲੈਣ ਲਈ ਵੀ ਕਈ ਮਹਿਲਾਵਾਂ ਨੂੰ ਦਰ ਦਰ ਦੀਆਂ ਠੋਕਰਾਂ ਖਾਣੀਆਂ ਪੈਂਦੀਆਂ ਹਨ ਅਤੇ ਬਹੁਤੀਆਂ ਮਹਿਲਾਵਾਂ ਨੂੰ ਮਜਬੂਰਨ ਅਸੁਰੱਖਿਅਤ ਗਰਭਪਾਤ ਹੀ ਕਰਵ-ਾਉਣਾਂ ਪੈਂਦਾ ਹੈ ਜਿਸ ਲਈ ਆਰਥਿਕ ਨੁਕਸਾਨ ਤਾਂ ਹੁੰਦਾ ਹੀ ਹੈ ਅਤੇ ਕਈ ਮਹਿਲਾਵਾਂ ਦੀ ਮੌਤ ਵੀ ਹੋ ਜਾਂਦੀ ਹੈ। ਅਰਪਨ ਸੰਸਥਾ ਦੇ ਡਾਇਰੈਕਟਰ ਅਤੇ ਕਾਮਨਹੈਲਥ ਮੈਂਬਰ ਕੁਲਦੀਪ ਚੰਦ ਨੇ ਐਮ ਟੀ ਪੀ ਐਕਟ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਵਿਸ਼ਵ ਪੱਧਰ ਤੇ ਹਰ ਸਾਲ ਲੱਗਭੱਗ 5.6 ਕਰੋੜ ਗਰਭਪਾਤ ਹੁੰਦੇ ਹਨ।

ਭਾਰਤ ਵਿੱਚ ਹਰ ਸਾਲ ਲੱਗਭੱਗ 1.56 ਕਰੋੜ ਗਰਭਪਾਤ ਹੁੰਦੇ ਹਨ ਜਿਨ੍ਹਾਂ ਵਿੱਚੋਂ 56 ਫਿਸਦੀ ਗਰਭਪਾਤ ਅਸੁਰੱਖਿਅਤ ਹੁੰਦੇ ਹਨ, ਮਾਵਾਂ ਦੀਆਂ ਹੋਣ ਵਾਲੀਆਂ ਕੁੱਲ ਮੌਤਾਂ ਵਿੱਚੋਂ 8.5 ਫਿਸਦੀ ਮੌਤਾਂ ਅਸੁਰੱਖਿਅਤ ਗਰਭਪਾਤ ਕਾਰਨ ਹੀ ਹੁੰਦੀਆਂ ਹਨ ਅਤੇ ਹਰ ਰੋਜ ਅਸੁਰੱਖਿਅਤ ਗਰਭਪਾਤ ਕਾਰਨ ਲੱਗਭੱਗ 10 ਮਹਿਲਾਵਾਂ ਦੀ ਮੌਤ ਹੁੰਦੀ ਹੈ। ਮੈਡਮ ਪੂਜਾ ਨੇ ਪਿੰਡਾ ਵਿੱਚ ਰਹਿਣ ਵਾਲੀਆਂ ਮਹਿਲਾਵਾਂ ਵਿਸੇਸ਼ ਤੋਰ ਤੇ ਲੜਕੀਆਂ ਨੂੰ ਐਮ ਟੀ ਪੀ ਅਧੀਨ ਬਣਦੀਆਂ ਸੇਵਾਵਾਂ ਲੈਣ ਵਿੱਚ ਆ ਰਹੀਆਂ ਸੱਮਸਿਆਵਾਂ ਬਾਰੇ ਦੱਸਿਆ। ਉਨ੍ਹਾਂ ਨੇ ਦੱਸਿਆ ਕਿ ਕਈ ਵਾਰ ਮਹਿਲਾਵਾਂ ਨੂੰ ਐਮਟੀਪੀ ਐਕਟ ਜਿਸ ਅਨੁਸਾਰ 20 ਹਫਤਿਆਂ ਤੱਕ ਗਰਭਪਾਤ ਕਰਵਾਇਆ ਜਾ ਸਕਦਾ ਹੈ ਲਈ ਵੀ ਮਾਣਯੋਗ ਅਦਾਲਤਾਂ ਦਾ ਸਹਾਰਾ ਲੈਣਾ ਪਿਆ ਹੈ ਅਤੇ ਕਈ ਵਾਰ ਮਾਣਯੋਗ ਅਦਾਲਤਾਂ ਨੇ ਵੀ ਸਰਕਾਰਾਂ ਨੂੰ ਨਿਰਦੇਸ ਦਿਤੇ ਹਨ। ਉਨ੍ਹਾਂ ਦੱਸਿਆ ਕਿ ਦਸੰਬਰ 2017 ਵਿੱਚ ਇੱਕ 13 ਸਾਲ ਦੀ ਬਲਾਤਕਾਰ ਪੀੜ੍ਹਿਤਾ ਲੜਕੀ ਜੋਕਿ ਗਰਭਵਤੀ ਹੋ ਗਈ ਸੀ ਦੇ ਪਿਤਾ ਦੀ ਅਪੀਲ ਤੇ ਮੁੰਬਈ ਦੀ ਮਾਣਯੋਗ ਅਦਾਲਤ ਨੇ ਮੈਡੀਕਲ ਰਿਪੋਰਟਾਂ ਦੇ ਅਧਾਰ ਤੇ 26 ਹਫਤਿਆਂ ਦੇ ਗਰਭ ਦੇ ਗਰਭਪਾਤ ਦੀ ਮੰਨਜੂਰੀ ਦਿਤੀ ਹੈ, ਅਕਤੂਬਰ 2017 ਵਿੱਚ ਮਾਣਯੋਗ ਸੁਪਰੀਮ ਕੌਰਟ ਨੇ ਵੀ ਦੋ ਮਹਿਲਾਵਾਂ ਦੇ 29 ਅਤੇ 30 ਹਫਤਿਆਂ ਦੇ ਗਰਭ ਨੂੰ ਵੀ ਮੈਡੀਕਲ ਰਿਪੌਰਟਾਂ ਦੇ ਅਧਾਰ ਤੇ ਗਰਭਪਾਤ ਕਰਵਾਉਣ ਦੀ ਇਜਾਜਤ ਦਿਤੀ ਹੈ। ਹਿਮਾਚਲ ਦੀ ਮਾਣਯੋਗ ਹਾਈ ਕੌਰਟ ਨੇ ਇੱਕ 19 ਸਾਲ ਦੀ ਲੜਕੀ ਜੋ ਕਿ ਦਿਮਾਗੀ ਤੌਰ ਤੇ ਠੀਕ ਨਹੀਂ ਸੀ ਦੀ ਮਾਂ ਦੀ ਅਪੀਲ ਤੇ ਲੜਕੀ ਦੇ 32 ਹਫਤਿਆਂ ਦੇ ਗਰਭ ਨੂੰ ਵੀ ਮੈਡੀਕਲ ਰਿਪੌਰਟਾਂ ਦੇ ਅਧਾਰ ਤੇ ਗਰਭਪਾਤ ਕਰਵ-ਾਉਣ ਦੀ ਇਜਾਜਤ ਦਿਤੀ ਹੈ। ਏਸੀਆ ਸੇਫ ਆਬਰਸਨ ਪਾਰਟਨਰਸਿਪ ਸੰਸਥਾ ਵਲੋਂ ਜਾਰੀ ਰਿਪੋਰਟ ਅਨੁਸਾਰ ਦੇਸ ਵਿੱਚ 80 ਫਿਸਦੀ ਮਹਿਲਾਵਾਂ ਨੂੰ ਐਮ ਟੀ ਪੀ ਐਕਟ ਬਾਰੇ ਕੋਈ ਵੀ ਜਾਣਕਾਰੀ ਨਹੀਂ ਹੈ। ਮਾਣਯੋਗ ਮਦਰਾਸ ਹਾਈ ਕੌਰਟ ਨੇ ਵੀ ਇੱਕ ਕੇਸ ਵਿੱਚ ਕਿਹਾ ਹੈ ਕਿ ਦੇਸ ਵਿੱਚ ਹਰ ਸਾਲ ਲੱਗਭੱਗ 17 ਲੱਖ ਬੱਚੇ ਕਿਸੇ ਤਰਾਂ ਦੇ ਸ਼ਰੀਰਕ ਵਿਕਾਰ ਵਾਲੇ ਜਨਮ ਲੈ ਰਹੇ ਹਨ ਇਸ ਲਈ ਆਬਰਸਨ ਦੀ ਸਹੂਲਤ ਦਾ ਸਮਾਂ ਵਧਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਕੋਵਿਡ- 19 ਕਾਰਨ ਜਰੂਰਤਮੰਦ ਮਹਿਲਾਵਾਂ ਨੂੰ ਗਰਭਪਾਤ ਦੀ ਸਹੂਲਤ ਲੈਣ ਵਿੱਚ ਭਾਰੀ ਸਮੱਸਿਆ ਪੇਸ ਆਈ ਹੈ। ਸਿਹਤ ਵਿਭਾਗ ਭਾਰਤ ਸਰਕਾਰ ਨਾਲ ਮਿਲਕੇ ਆਈ ਪਾਸ ਡਿਵੈਲਪਮੈਂਟ ਫਾਂਉਡੇਸਨ ਵਲੋਂ ਕੀਤੀ ਗਈ ਸਟਡੀ ਰਿਪੋਰਟ ਅਨੁਸਾਰ ਲਾਕ ਡਾਊਨ ਦੌਰਾਨ ਦੇਸ ਦੇ 12 ਰਾਜਾਂ ਵਿੱਚ ਲੱਗਭੱਗ 18.5 ਲੱਖ ਜਰੂਰਤਮੰਦ ਲੜਕੀਆਂ ਅਤੇ ਮਹਿਲਾਵਾਂ ਨੂੰ ਆਬਰਸਨ ਦੀ ਸਹੂਲਤ ਨਹੀਂ ਮਿਲ ਸਕੀ ਹੈ। ਫੈਮਿਲੀ ਪਲੈਨਿੰਗ ਐਸੋਸਿਏਸਨ ਆਫ ਇੰਡੀਆਂ ਸੰਸਥਾ ਜੋਕਿ ਕਈ ਰਾਜਾਂ ਵਿੱਚ ਸੁਰੱਖਿਅੱਤ ਗਰਭਪਾਤ ਕਲੀਨਿਕ ਚਲਾ ਰਹੀ ਹੈ ਅਨੁਸਾਰ ਇਸ ਲਾਕ ਡਾਊਨ ਕਾਰਨ ਆਣ ਜਾਣ ਵਿੱਚ ਮੁਸਕਿਲ ਹੋਣ ਕਾਰਨ ਕਈ ਜਰੂਰਤਮੰਦ ਮਹਿਲਾਵਾਂ ਨੂੰ ਇਹ ਸਹੂਲਤ ਨਹੀਂ ਮਿਲੀ ਹੈ ਜਿਸ ਕਾਰਨ ਕਈਆਂ ਨੂੰ ਅਸੁੱਰਖਿਅਤ ਗਰਭਪਾਤ ਕਰਵਾਉਣਾ ਪਿਆ ਹੈ ਅਤੇ ਕਈਆਂ ਨੂੰ ਦੇਰੀ ਹੋਣ ਕਾਰਨ ਅਣਚਾਹੇ ਗਰਭ ਨੂੰ ਰੱਖਣਾ ਪਿਆ ਹੈ। ਉਨ੍ਹਾਂ ਨੇ ਐਮ ਟੀ ਪੀ ਐਕਟ ਅਧੀਨ ਮਿਲਣ ਵਾਲੀਆਂ ਸਹੂਲਤਾਂ ਅਤੇ ਪੀਸੀਪੀਐਨਡੀਟੀ ਐਕਟ ਬਾਰੇ ਵਿਸਥਾਰ ਵਿੱਚ ਦੱਸਿਆ।

ਇਸ ਮੌਕੇ ਸੋਸ਼ਲ ਵਰਕਰ ਪਵਨ ਕੁਮਾਰ, ਨੀਰਜ ਬਾਲਾ, ਹੈਲਥ ਵਰਕਰ ਬਲਜੀਤ ਕੌਰ, ਪੂਨਮ, ਸਰਪੰਚ ਪੁਸ਼ਵਿੰਦਰ ਕੌਰ ਆਦਿ ਨੇ ਵੀ ਅਪਣੇ ਵਿਚਾਰ ਸਾਂਝੇ ਕੀਤੇ। ਇਸ ਪ੍ਰੋਗਰਾਮ ਵਿੱਚ ਨੀਰਜ ਬਾਲਾ, ਬਲਜੀਤ ਕੌਰ, ਪੂਨਮ, ਰਿੰਪੀ, ਰਾਜ ਰਾਣੀ, ਬਲਜਿੰਦਰ ਕੌਰ, ਰਾਜ ਕੁਮਾਰੀ, ਪੂਜਾ, ਬੰਦਨਾ, ਮੋਨਿਕਾ, ਬਬਲੀ, ਅੰਜਨਾ ਦੇਵੀ, ਨੀਲਮ ਦੇਵੀ, ਬਿਮਲਾ ਦੇਵੀ, ਸਰੋਜ ਦੇਵੀ, ਸੀਲਾ ਦੇਵੀ, ਬੱਗੋ ਦੇਵੀ, ਲਕਸਮੀ, ਆਸਾ ਰਾਣੀ, ਰਾਮ ਪਿਆਰੀ, ਕੌਸਲਿਆ, ਰਾਣੀ, ਮਨਦੀਪ ਕੌਰ, ਨਰਿੰਦਰ ਕੌਰ, ਵਿੰਦਰ, ਸੰਗੀਤਾ, ਅਰਸਸ਼ਦੀਪ, ਦੀਪਿਕਾ, ਪ੍ਰੀਯਾ, ਭਾਵਨਾ, ਕੰਚਨ, ਜਸਪ੍ਰੀਤ, ਪੂਨਮ ਰਾਣੀ, ਸੁਨੀਤਾ ਦੇਵੀ ਆਦਿ ਹਾਜਰ ਸਨ।

**-ਕੁਲਦੀਪ ਚੰਦ 91-94175-63054**

# 'ਚਾਕਲੇਟ' ਲੈ ਕੇ ਆਈ ਸੰਦੀਪ ਕੌਰ




'ਚਾਕਲੇਟ' ਜਿਹੀ ਪਿਆਰੀ ਸੰਦੀਪ ਕੌਰ ਤੇ ਦੀਪ ਬੋਪਾਰਾਏ ਨੇ ਉਸਨੂੰ ਦੇਖ ਲਿਖਿਆ ਜਿਹੜਾ ਗੀਤ ਉਸਦਾ ਟਾਈਟਲ ਹਰਪ੍ਰੀਤ ਘੱਗ ਨੇ ਰੀਆ ਕੇ ਘੱਗ ਨਾਲ ਸਲਾਹ ਕਰ ਕਿ ਰੱਖਿਆ 'ਚਾਕਲੇਟ' ਤੇ ਸੰਦੀਪ ਕੌਰ ਦਾ ਇਹ ਪਿਆਰਾ 'ਚਾਕਲੇਟ' ਸੰਸਾਰ ਭਰ ਵਿੱਚ ਸਰੋਤਿਆਂ ਦੇ ਰੂ-ਬੂ-ਰੂ ਹੋ ਗਿਆ ਹੈ। ਕੇ-ਟੂ.ਰਿਕਾਰਡਜ ਯੂ.ਕੇ. ਚੋਂ ਆਏ ਸੰਦੀਪ ਦੇ ਪੰਜਾਬੀ ਸਿੰਗਲ ਟਰੈਕ 'ਚਾਕਲੇਟ' ਨੂੰ ਐਮਾਜੋਨ ਤੋਂ ਲੇ ਕੇ ਪ੍ਰਸਿੱਧ ਸੰਗੀਤ ਸਾਈਟਸ ਤੇ ਸੁਣਿਆ-ਦੇਖਿਆ ਜਾ ਸਕਦਾ ਹੈ । ਸੰਦੀਪ ਨੇ ਕਿਹਾ ਕਿ 'ਚਾਕਲੇਟ' ਦਾ ਮਿੱਠਾ ਸੰਗੀਤ ਜੈ ਮੀਤ ਨੇ ਤਿਆਰ ਕੀਤਾ ਹੈ ਤੇ ਵਧੀਆ ਇਹ ਰਿਹਾ ਹੈ ਕਿ ਸਾਹਿਲ ਸ਼ਰਮਾ ਦਾ ਵੀਡਿਉ ਵੀ 'ਚਾਕਲੇਟ' ਦੀ ਤਰਾਂ ਪਿਆਰ ਤੇ ਦਿਲਕਸ਼ ਹੈ। ਮਾਲਵੇ ਦੀ ਧੀ ਸੰਦੀਪ ਕੌਰ ਨੇ ਯੂ-ਟਿਊਬ ਤੇ 'ਚਾਕਲੇਟ' ਨੂੰ ਮਿਲ ਰਹੀ ਪਿਆਰੀ ਸ਼ੁਰੂਆਤ ਨੂੰ ਦੇਖ ਕਿ ਕਿਹਾ ਕਿ ਉਸ ਪੰਜਾਬ ਦੀਆਂ ਨਾਮਵਰ ਗਾਇਕਾਵਾਂ ਸੁਨੰਦ ਸ਼ਰਮਾ, ਨਿਮਰਤ ਖਹਿਰਾ ਤੇ ਕੌਰ.ਬੀ. ਨੂੰ ਆਦਰਸ਼ ਮੰਨ ਉਹਨਾਂ ਦੀ ਤਰਾਂ ਨਾਂਅ ਬਣਾਏਗੀ ਤੇ ਇਸ ਸਬੰਧੀ ਕੇ2 ਰਿਕਾਰਡਜ਼ ਤੇ ਰੀਆ ਘੱਗ ਦਾ ਸਹਿਯੋਗ ਲਫਜਾਂ 'ਚ ਬਿਆਨ ਨਹੀਂ ਕਰ ਉਹ ਕਰ ਸਕਦੀ ਪਰ ਇਹ ਕਹਿ ਸਕਦੀ ਹੈ ਕਿ 'ਚਾਕਲੇਟ' ਨੌਜਵਾਨਾਂ ਦੇ ਦਿਲੀ ਅਰਮਾਨਾਂ ਨੂੰ ਪੂਰਾ ਕਰਦਾ ਗੀਤ ਹੈ ਤੇ ਇਹ 'ਚਾਕਲੇਟ' ਉਸਦੀ ਜਿੰਦਗੀ ਬਣਾਏਗਾ।







# ਸਾਹਿਬ ਕਾਂਸ਼ੀ ਰਾਮ ਦੀ ਜ਼ਿੰਦਗੀ 'ਚ ਇਤਿਹਾਸਿਕ ਬਦਲਾਅ ਲਿਆਉਣ ਵਾਲੀ ਘਟਨਾ ਦੇ ਮੁੱਖ ਗਵਾਹ ਰਹੇ ਦੀਨਾ ਭਾਨਾ

## ਬਾਬਾ ਸਾਹਿਬ ਅੰਬੇਡਕਰ ਨੇ ਸਾਡੇ ਅੱਗੇ ਵਧਣ ਲਈ ਰਸਤਾ ਬਣਾ ਦਿੱਤਾ: ਕਾਂਸ਼ੀ ਰਾਮ

ਭਾਰਤ ਵਿੱਚ ਜਦੋਂ ਬ੍ਰਾਹਮਣਵਾਦ ਆਪਣੀ ਚਰਮ ਸੀਮਾ ਤੇ ਸੀ।ਉਸ ਸਮੇਂ ਪੂਨਾ ਨਗਰੀ 'ਚ ਜੋਤੀਬਾ ਫੂਲੇ ਜੋ ਅੱਗੇ ਜਾ ਕੇ 'ਮਹਾਤਮਾ' ਦੀ ਉਪਾਧੀ ਨਾਲ ਜਾਣੇ ਗਏ।ਆਪਣੀ ਜਵਾਨੀ 'ਚ ਜੋਤੀਬਾ ਰਾਓ ਫੂਲੇ ਨੇ ਬ੍ਰਾਹਮਣਵਾਦੀ ਵਿਵਸਥਾ ਦੇ ਖਿਲਾਫ ਸੰਘਰਸ਼ ਆਰੰਭ ਕਰ ਦਿੱਤਾ ਅਤੇ ਆਪਣੇ ਜੀਵਨ ਦੇ ਅੰਤਮ ਸਮੇਂ ਤੱਕ ਸੰਘਰਸ਼ ਕਰਦੇ ਰਹੇ। ਉਨ੍ਹਾਂ ਤੋਂ ਬਾਅਦ ਮਹਾਂਰਾਸ਼ਟਰ ਦੇ ਕੋਹਲਾਪੁਰ ਜ਼ਿਲ੍ਹੇ ਵਿੱਚ ਪੈਦਾ ਹੋਏ ਰਾਜਾ ਰਾਜ ਸ਼੍ਰੀ ਸ਼ਾਹੂ ਜੀ ਨੇ ਬ੍ਰਾਹਮਣਵਾਦ ਉਪਰ ਦੂਸਰਾ ਹਮਲਾ ਕੀਤਾ। ਉਨ੍ਹਾਂ ਦੇ ਜਾਣ ਉਪਰੰਤ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਅੰਬੇਡਕਰ ਨੇ ਮਹਾਤਮਾ ਜੋਤੀਬਾ ਫੂਲੇ ਦੇ ਅੰਦੋਲਨ ਨੂੰ ਅੱਗੇ ਵਧਾਇਆ। ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਅਣਥੱਕ ਯਤਨਾਂ ਅਤੇ ਜੀਵਨ ਸੰਘਰਸ਼ ਨੇ ਸ਼ੂਦਰ ਅਤੇ ਅਤਿ ਸ਼ੂਦਰਾਂ 'ਚ ਇੱਕ ਨਵੀਂ ਚੇਤਨਾ ਪੈਦਾ ਕੀਤੀ। ਮਨੂੰ ਦੇ ਸੰਵਿਧਾਨ (ਬ੍ਰਾਹਮਣਵਾਦ)ਨੂੰ ਬਾਬਾ ਸਾਹਿਬ ਡਾ.ਅੰਬੇਡਕਰ ਜੀ ਨੇ ਆਜ਼ਾਦ ਭਾਰਤ ਨੂੰ ਨਵਾਂ ਸੰਵਿਧਾਨ ਦੇ ਕੇ ਖਤਮ ਕਰ ਦਿੱਤਾ। ਪਰ ਉਸ ਨਾਲ ਵੀ ਭਾਰਤ ਦੇ ਬ੍ਰਾਹਮਣਵਾਦੀ ਲੋਕਾਂ ਦੀ ਨੀਅਤ ਵਿੱਚ ਕੋਈ ਪ੍ਰੀਵਰਤਨ ਨਹੀਂਆਇਆ।

ਸਾਹਿਬ ਕਾਂਸ਼ੀ ਰਾਮ ਕੇਂਦਰ ਸਰਕਾਰ ਦੁਆਰਾ ਸੰਚਾਲਿਤ ਕੇਂਦਰੀ ਇੰਸਟੀਚਿਉਟ ਆਫ ਮਿਲਟਰੀ-ਪੂਨਾ 'ਚ ਕੰਮ ਕਰ ਰਹੇ ਸਨ। ਉਸ ਸੰਸਥਾ ਵਿੱਚ ਸਾਰੇ ਦੇਸ਼ ਦੇ ਵੱਖ-ਵੱਖ ਸੂਬਿਆ ਤੋਂ ਆਏ ਹੋਏ ਕਰਮਚਾਰੀ ਕੰਮ ਕਰ ਰਹੇ ਸਨ। ਇਹ 1994 ਦੀ ਗੱਲ ਹੈ, ਇਸ ਸੰਸਥਾ ਵਿੱਚ ੧੯੬੫ ਦੇ ਲਈ ਛੁੱਟੀਆਂ ਦਾ ਫੈਸਲਾ ਲਿਆ ਗਿਆ।



**ਸਮਾਂ ਥੋੜਾ ਕੰਮ ਬਹੁਤਾ**

ਸਦੀਆਂ ਤੋਂ ਆਪਣੇ ਤੇ ਰਾਜ ਕਰਵਾਉਣ ਵਾਲਿਓ, ਲਾਈਨ ਵਿੱਚ ਸਭ ਤੋਂ ਪਿੱਛੇ ਬੈਠਣ ਵਾਲਿਓ ਅਓ ਆਪਾ ਖੁਦ ਰਾਜ ਕਰੀਏ!

ਪ੍ਰੰਤੂ ਉਹਨਾਂ ਛੁੱਟੀਆਂ 'ਚ, ਜਿਨ੍ਹਾਂ ਨੂੰ ਭਾਰਤ ਦੇ ਕਰੋੜਾਂ ਦਲਿਤ ਸੋਸ਼ਿਤ ਸਮਾਜ ਦੇ ਲੋਕ ਆਪਣਾ ਮਾਰਗਦਾਤਾ ਮੰਨਦੇ ਹਨ ਅਤੇ ਜਿਨ੍ਹਾਂ ਦਾ ਜਨਮ ਦਿਨ ਸਾਰੇ ਦੇਸ਼ 'ਚ ਆਪਣੇ ਦਿਨ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਉਸ ਡਾ. ਅੰਬੇਡਕਰ ਜੀ ਅਤੇ ਸਾਰੇ ਵਿਸ਼ਵ ਨੂੰ ਸ਼ਾਂਤੀ ਦਾ ਸੰਦੇਸ਼ ਦੇਣ ਵਾਲੇ ਤਥਾਗਤ ਬੁੱਧ ਜੀ ਦੀ ਜੈਅੰਤੀ ਦੀ ਛੁੱਟੀ ਸ਼ਾਮਿਲ ਨਹੀਂ ਸੀ।ਇਸ ਗੱਲ 'ਤੇ ਉਸ ਸੰਸਥਾਂ 'ਚ ਕੰਮ ਕਰਨ ਵਾਲੇ ਅਨੁਸੂਚਿਤ ਜਾਤੀ ਦੇ ਕਰਮਚਾਰੀਆਂ ਨੇ ਰੋਸ ਪ੍ਰਗਟਾਇਆ ਤਾਂ ਬ੍ਰਾਹਮਣਵਾਦੀ ਲੋਕ ਇਸ ਰੋਸ ਵਿਰੁਧ ਭੜਕ ਉੱਠੇ ਤਾਂ ਉਹਨਾਂ ਨੇ ਡਾ: ਅੰਬੇਡਕਰ ਜੀ ਦੇ ਸਮਰਥਕਾਂ ਨੂੰ ਸਬਕ ਸਿਖਾਉਣ ਦਾ ਫੈਸਲਾ ਕੀਤਾ।ਉਨ੍ਹਾਂ ਨੇ ਡਾ: ਅੰਬੇਡਕਰ ਜੀ ਦੇ ਸਮਰਥਕਾਂ ਸਾਹਮਣੇ ਦੋ ਪ੍ਰਸਤਾਵ ਰੱਖੇ ਉਹ ਸਨ ਨੌਕਰੀ ਜਾਂ ਛੁੱਟੀ "ਉਸ ਸਮੇਂ ਡਾ:ਅੰਬੇਡਕਰ ਜੀ ਨੂੰ ਮੰਨਣ ਵਾਲੇ ਮਹਾਰਾਂ ਨੇ ਨੌਕਰੀ ਨੂੰ ਚੁਣਿਆਂ ਅਤੇ ਆਪਣਾ ਸਵੈਮਾਣ ਅਤੇ ਆਤਮ ਸਨਮਾਨ ਗੁਆ ਲਿਆ।

ਉਸ ਸਮੇਂ ਰਾਜਸਥਾਨ 'ਚ ਪੈਦਾ ਹੋਇਆ ਵਾਲਮੀਕ ਭਾਈਚਾਰੇ ਦੇ, ਜਿਸਦਾ ਨਾਮ ਸੀ 'ਦੀਨਾ' ਅਤੇ ਉਸਦੇ ਪਿਤਾ ਜੀ ਦਾ ਨਾਮ ਭਾਨਾ, ਲੇਕਿਨ ਉਸਨੂੰ ਦੀਨਾ ਭਾਨਾ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਦੀਨਾ ਭਾਨਾ ਸੀਨਾ ਠੋਕ ਅੱਗੇ ਸਾਹਿਬ ਕਾਂਸ਼ੀ ਰਾਮ ਨੇ ਹਰ ਸਫ਼ਲ ਕਦਮ ਉਠਾਇਆ- ਦੀਨਾ ਭਾਨਾ ਆਇਆ। ਉਸਨੇ ਕਿਹਾ ਕਿ ਮੈਨੂੰ ਤਾਂ ਭਗਵਾਨ ਬੁੱਧ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜਨਮ ਦਿਨ ਦੀ ਛੁੱਟੀ ਵੀ ਚਾਹੀਦੀ ਹੈ ਅਤੇ ਨੌਕਰੀ ਵੀ। ਦੀਨਾ ਭਾਨਾ ਦੀ ਇਸ ਲਲਕਾਰ ਨੂੰ ਆਪਣਾ ਅਪਮਾਨ ਮੰਨ ਕੇ ਬ੍ਰਾਹਮਣਵਾਦੀ ਲੋਕਾਂ ਨੇ ਦੀਨਾ ਭਾਨਾ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ।

ਦੀਨਾ ਭਾਨਾ ਦੀ ਮੁਅੱਤਲੀ ਦੀ ਜਿਸ ਸਮੇਂ ਬ੍ਰਾਹ-ਮਵਾਦੀ ਖੁਸ਼ੀ ਮਨਾ ਰਹੇ ਹਨ। ਉਸ ਸਮੇਂ ਪੰਜਾਬ ਤੋਂ ਨੌਕਰੀ ਕਰਨ ਆਏ ਕਾਂਸ਼ੀ ਰਾਮ ਨੇ ਬ੍ਰਾਹਮਣਵਾਦੀਆਂ ਨੂੰ ਲਲਕਾਰਿਆ ਅਤੇ ਦੀਨਾ ਭਾਨਾ ਨੂੰ ਕਿਹਾ "ਦੀਨਾ ਭਾਨਾ ਜੀ ਇਹ ਲੜਾਈ ਹੁਣ ਤੁਹਾਡੇ ਇਕੱਲਿਆਂ ਦੀ ਨਹੀਂ,ਇਹ ਲੜਾਈ ਹੁਣ ਸਾਡੀ ਸਭ ਦੀ ਹੈ।

### ਬਹੁਜਨਾਂ ਦੇ 'ਸਾਹਿਬ' ਬਾਰੇ ਕੁਝ ਸ਼ਬਦ



ਸੰਤੋਖ ਸਿੰਘ ਜੱਸੀ
91-70876-19800

20ਵੀਂ 21ਵੀਂ ਸਦੀ ਦੇ ਦਲਿਤ, ਬਹੁਜਨਾਂ ਦੇ ਜਨਰੈਲ ਸਾਹਿਬ ਕਾਂਸ਼ੀ ਰਾਮ ਭਾਰਤ ਦੀ ਰਾਜਨੀਤੀ 'ਚ ਕਿਸੇ ਜਾਣ-ਪਹਿਚਾਣ ਦੇ ਮੁਹਤਾਜ਼ ਨਹੀਂ ਰਹੇ। ਉਹ ਹਜ਼ਾਰਾਂ ਸਾਲਾਂ ਤੋਂ ਭਾਰਤੀ ਸਮਾਜ ਵਿਚ ਹਾਸ਼ੀਏ ਤੇ ਕੀਤੇ ਸਮਾਜ ਨੂੰ ਮੁੜ ਦੇਸ਼ ਦਾ ਸ਼ਾਸਕ ਵਰਗ ਬਣਾਉਣਾ ਚਾਹੁੰਦੇ ਸਨ। ਅੱਜ ਭਾਰਤ ਹੀ ਨਹੀਂ, ਸਗੋਂ ਦੁਨੀਆਂ ਭਰ 'ਚ ਮਨੁੱਖੀ ਹੱਕਾਂ ਲਈ ਸੰਘਰਸ਼ਾਂ ਦੇ ਅਲੰਬਰਦਾਰ, ਰਣਨੀਤੀਕਾਰ, ਰਾਜਨੀਤਿਕ ਸਿਧਾਂਤਾਂ ਦੇ ਖੋਜੀ, ਕਰੋੜਾਂ ਬਹੁਜਨਾਂ ਅੰਦਰ ਆਤਮ-ਸਨਮਾਨ ਦਾ ਜਜ਼ਬਾ ਪੈਦਾ ਕਰਨ ਵਾਲੇ, ਸਾਹਿਬ ਕਾਂਸ਼ੀ ਰਾਮ ਜੀ ਦੀ ਸਮੁੱਚੀ ਜ਼ਿੰਦਗੀ ਵਿਚ ਇਤਿਹਾਸਕ ਬਦਲਾਅ ਲਿਆਉਣ ਵਾਲੇ, ਨੌਕਰੀ ਦੌਰਾਨ ਮੁਲਾਜ਼ਮ ਸਾਥੀ ਰਹੇ ਦੀਨਾਂ ਭਾਨਾ ਨਾਲ 'ਬਹੁਜਨ ਸਮਾਜ ਦਿਵਸ' ਨੂੰ ਸਮਰਪਿਤ ਕੀਤਾ ਗਿਆ ਸੀ। 'ਬਹੁਜਨ ਨਾਇਕ' ਨਾਂ ਦੇ ਇਕ ਮਹੀਨਾ ਵਾਰ ਮੈਗਜ਼ੀਨ (ਮਹਾਂਰਾਸ਼ਟਰ) ਤੋਂ ਪੰਜਾਬੀ ਅਨੁਵਾਦ ਸਾਡੇ ਪੱਤਰਕਾਰ ਕਾਲਮ ਨਵੀਸ ਸੰਤੋਖ ਸਿੰਘ ਜੱਸੀ ਦੁਆਰਾ ਪੰਜਾਬੀ ਪਾਠਕਾਂ ਲਈ ਧੰਨਵਾਦ ਸਹਿਤ ਪੇਸ਼ ਹੈ। ਅਜਿਹੇ ਅਨੇਕਾਂ ਤੱਥਾਂ ਭਰਪੂਰ ਲੇਖ, ਖੁਦ ਸਾਹਿਬ ਦੀਆਂ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿਚ ਕੀਤੀਆਂ ਮੁਲਾਕਾਤਾਂ, ਸਾਹਿਬ ਦੁਆਰਾ ਲਿਖੇ ਗਏ ਅਨੇਕਾਂ ਲਿਖ ਅਤੇ ਕਾਨਫਰੰਸਾਂ ਦੇ ਭਾਸ਼ਣਾਂ ਦਾ ਨਿਚੋੜ, ਟੀ. ਵੀ. ਚੈਨਲਾਂ, ਪਾਰਲੀਮੈਂਟ ਵਿਚ ਦਿੱਤੇ ਗਏ ਭਾਸ਼ਣ ਅਤੇ ਵਿਦੇਸ਼ਾਂ ਵਿਚ ਕੀਤੇ ਸਮਾਗਮਾਂ ਦੀਆਂ ਰਿਪੋਰਟਾਂ ਨੂੰ ਪੇਸ਼ ਕਰਦੀ ਹੋਈ ਆ ਰਹੀ ਪੁਸਤਕ 'ਇਕ ਸਨ ਸਾਹਿਬ ਕਾਂਸ਼ੀ ਰਾਮ' ਵਿਚੋਂ।)

ਕਿਉਂਕਿ ਤੂੰ ਵਾਲਮੀਕ ਹੈਂ ਤੇ ਮੈਂ ਚਮਾਰ ਹਾਂ, ਅਸੀਂ ਭਰਾ-ਭਰਾ ਹਾਂ। ਕਾਂਸ਼ੀ ਰਾਮ ਜੀ ਦੇ ਸੰਘਰਸ਼ ਨੇ ਦੀਨਾ ਭਾਨਾ ਦੀ ਨੌਕਰੀ ਵਾਪਸ ਦੁਆ ਦਿੱਤੀ।ਉਸ ਸਮੇਂ ਉਨ੍ਹਾਂ ਕਸਮ ਖਾਧੀ ਕਿ ਬ੍ਰਾਹਮਣਵਾਦੀ ਸਮਾਜ ਨੂੰ ਜੜ੍ਹ ਤੋਂ ਉਖਾੜ ਦਿਆਂਗੇ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਅਧੂਰੇ ਮਿਸ਼ਨ ਨੂੰ ਕਾਮਯਾਬ ਕਰਾਂਗੇ। ਉਸ ਦਿਨ ਤੋਂ ਹੀ ਕਾਂਸ਼ੀ ਰਾਮ ਨੇ, ਆਪਣੇ ਸਾਰੇ ਸੁੱਖ ਤਿਆਗ ਕੇ, ਆਪਣੇ ਰਸਤੇ ਤੇ ਚੱਲ ਪਏ, ਸਮਾਂ ਬੀਤਦਾ ਗਿਆ ਤੇ ਕਾਫਲਾ ਵਧਦਾ ਗਿਆ।

## ਬਹੁਜਨ ਸਮਾਜ ਪਾਰਟੀ ਦੇ ਕੇਂਦਰੀ ਦਫ਼ਤਰ ਨਵੀਂ ਦਿੱਲੀ ਵਿਖੇ ਦੀਨਾ ਭਾਨਾ ਜੀ ਨਾਲ ਇਸ ਸਬੰਧ ਵਿੱਚ ਹੋਈ ਗੱਲਬਾਤ ਦੇ ਮੁੱਖ ਅੰਸ਼:

**ਸਵਾਲ: ਦੀਨਾ ਭਾਨਾ ਜੀ ਤੁਸੀਂ ਪੂਨਾ ਵਿਖੇ ਕੀ ਕਰਨ ਆਏ?**

ਦੀਨਾ ਭਾਨਾ- ਮੇਰਾ ਪਿੰਡ ਬਾਗਾਸ ਹੈ। ਜੋ ਰਾਜਸਥਾਨ 'ਚ ਜ਼ਿਲ੍ਹਾਂ ਜੈਸਲਪੁਰ 'ਚ ਆਉਂਦਾ ਹੈ, ਪਿਤਾ ਜੀ ਦੀ ਮੌਤ ਤੋਂ ਬਾਅਦ ਦਿੱਲੀ ਆਇਆ ਅਤੇ ਆਪਣੇ ਵੱਡੇ ਭਰਾ ਦੇ ਨਾਲ ਰਹਿਣ ਲੱਗ ਪਿਆ। ਇੱਕ ਵਾਰ ਭਰਾ ਦੇ ਨਾਲ ਅਣਬਣ ਹੋ ਗਈ ਤੇ ਮੈਂ ਦਿੱਲੀ 'ਚੋਂ ਆਪਣੇ ਭਰਾ ਦੇ ਘਰ ਨੂੰ ਛੱਡ ਕੇ ਪੂਨਾ ਆ ਗਿਆ।

**ਸਵਾਲ: ਤੁਹਾਨੂੰ ਕੇਦਰੀਂ ਇੰਸਟੀਚਿਊਟ ਆਫ ਮਿਲ-ਟਰੀ ਪੂਨਾ 'ਚ ਨੌਕਰੀ ਕਦੋਂ ਮਿਲੀ?**

ਦੀਨਾ ਭਾਨਾ- ਸੀ.ਏ.ਐਮ.ਈ 'ਚ ਮੈਨੂੰ 27-2-1947 ਨੂੰ ਕੰਮ ਮਿਲਿਆ। ਉਸ ਸਮੇਂ ਦਸ ਆਨਾ ਮਜ਼ਦੂਰੀ ਮਿਲਦੀ ਸੀ।

**ਸਵਾਲ: ਤੁਹਾਨੂੰ ਡਾ.ਅੰਬੇਡਕਰ ਜੀ ਦੇ ਜੀਵਨ ਅਤੇ ਮਿਸ਼ਨ ਦੀ ਜਾਣਕਾਰੀ ਕਿਥੋਂ ਮਿਲੀ ?**

ਦੀਨਾ ਭਾਨਾ- ਜਦੋਂ ਮੈਂ ਕੁਛ ਸਮੇਂ ਦਿੱਲੀ 'ਚ ਰਿਹਾ। ਉਸ ਸਮੇਂ ਦੌਰਾਨ ਮੈਨੂੰ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਸਬੰਧ 'ਚ ਜਾਣਕਾਰੀ ਮਿਲੀ ਤੇ ਪੂਨਾ 'ਚ ਆ ਕੇ ਜਾਣਕਾਰੀ 'ਚ ਹੋਰ ਵਾਧਾ ਹੋਇਆ।

**ਸਵਾਲ: ਕਾਂਸ਼ੀ ਰਾਮ ਜੀ ਸੀ.ਆਈ.ਐਮ.ਈ 'ਚ ਕਦੋਂ ਆਏ?**

ਦੀਨਾ ਭਾਨਾ- ਕਾਂਸ਼ੀ ਰਾਮ ਜੀ ਸੰਨ ੧੯੫੬ ਵਿੱਚ ਆਏ।

**ਸਵਾਲ: ਤੁਹਾਡੇ ਅਤੇ ਕਾਂਸ਼ੀ ਰਾਮ ਜੀ ਦਾ ਸੰਪਰਕ ਕਿਵੇਂ ਹੋਇਆ?**


ਦੀਨਾ ਭਾਨਾ-1960 'ਚ ਮੇਰੀ ਤਰੱਕੀ ਹੋਈ ਤਾਂ ਮੈਨੂੰ ਕਾਂਸ਼ੀ ਰਾਮ ਜੀ, ਜਿਸ ਪ੍ਰਯੋਗਸ਼ਾਲਾ ਵਿੱਚ ਕੰਮ ਕਰ ਰਹੇ ਸਨ ਉੱਥੇ ਭੇਜ ਦਿੱਤਾ ਗਿਆ।ਇਸ ਤਰ੍ਹਾਂ ਮੈਂ ਕਾਂਸ਼ੀ ਰਾਮ ਜੀ ਦੇ ਸੰਪਰਕ 'ਚ ਆਇਆ।

**ਸਵਾਲ: ਕਾਂਸ਼ੀ ਰਾਮ ਜੀ ਅਨੁਸੂਚਿਤ ਜਾਤੀ ਨਾਲ ਸਬੰਧਿਤ ਸਨ ਇਹ ਤੁਹਾਨੂੰ ਕਦੋਂ ਪਤਾ ਲੱਗਾ?**

ਦੀਨਾ ਭਾਨਾ- ਪਹਿਲਾਂ-ਪਹਿਲਾਂ ਤਾਂ ਮੈਂ ਸੋਚਦਾ ਹੁੰਦਾ ਸੀ ਕਿ ਕਾਂਸ਼ੀ ਰਾਮ ਜੀ ਪੰਜਾਬ ਤੋਂ ਜੱਟ ਸਮਾਜ ਨਾਲ ਸਬੰਧਿਤ ਹਨ। ਕਿਉਂਕਿ ਉਹਨਾਂ ਦੀ ਸਿਹਤ ਬਹੁਤ ਤਕੜੀ ਸੀ, ਦੇਖਣ ਨੂੰ ਬਹੁਤ ਹੀ ਸੁਨੱਖੇ ਸਨ। ਮੈਨੂੰ ਨਹੀਂ ਲੱਗਦਾ ਸੀ ਕਿ ਕਾਂਸ਼ੀ ਰਾਮ ਜੀ ਅਨੁਸੂਚਿਤ ਜਾਤੀ ਨਾਲ ਸਬੰਧਤ ਹੋਣਗੇ। ਇੱਕ ਵਾਰ ਪੰਜਾਬ ਤੋਂ ਕਾਂਸ਼ੀ ਰਾਮ ਜੀ ਨੂੰ ਇੱਕ ਪੱਤਰ ਆਇਆ ਉਸ ਉੱਪਰ ਲਿਖਿਆ ਸੀ ਕਿ "ਸ਼੍ਰੀ ਕਾਂਸ਼ੀ ਰਾਮ ਰਾਮਦਾਸੀਆ" ਉਸ ਵੇਲੇ ਮੈਨੂੰ ਪਤਾ ਲੱਗਾ ਕਿ ਕਾਂਸ਼ੀ ਰਾਮ ਅਨੁਸੂਚਿਤ ਜਾਤੀ ਨਾਲ ਸਬੰਧਿਤ ਹਨ।

**ਸਵਾਲ: ਉਹ ਕਿਹੜੀ ਘਟਨਾ ਹੈ ਜਿਸਨੇ ਕਾਂਸ਼ੀ ਰਾਮ ਜੀ ਦੀ ਜ਼ਿੰਦਗੀ ਵਿੱਚ ਨਵਾਂ ਮੋੜ ਦਿੱਤਾ।**

ਦੀਨਾ ਭਾਨਾ- ਮੈਨੂੰ ਬਹੁਤ ਜ਼ਿਆਦਾ ਬੋਲਣ ਦੀ ਆਦਤ ਸੀ, ਇਸ ਆਦਤ ਦੇ ਕਾਰਨ ਮੈਂ ਜ਼ਿਆਦਾ ਲੋਕਾਂ ਦੇ ਸੰਪਰਕ ਵਿੱਚ ਰਹਿੰਦਾ ਸੀ, ਉਨ੍ਹਾਂ ਦੀ ਹਰ ਛੋਟੀ-ਮੋਟੀ ਸਮੱਸਿਆ ਵੱਲ ਧਿਆਨ ਦਿੰਦਾ ਸੀ। ਅਧਿਕਾਰੀਆਂ ਨੂੰ ਇਹ ਗੱਲ ਚੰਗੀ ਨਹੀਂ ਸੀ ਲੱਗਦੀ, ਇਸ ਕਾਰਣ ਮੈਨੂੰ ਚਾਰਜਸ਼ੀਟ ਵੀ ਕੀਤਾ ਗਿਆ ਸੀ । ਮੈਂ ਛੋਟੇ ਕਰਮਚਾਰੀਆਂ ਦੀਆ ਸ਼ਿਕਾਇਤਾਂ ਵੱਲ ਧਿਆਨ ਵੀ ਦਿੰਦਾ ਸੀ। ਇਸ ਲਈ ਮੈਨੂੰ ਭਲਾਈ ਕਰਮਚਾਰੀ ਸੰਮਤੀ ਦੇ ਪ੍ਰਤੀਨਿਧੀ ਦੇ ਰੂਪ ਵਿੱਚ ਚੁਣਿਆ ਗਿਆ। ਮੈਂ ਕਰਮਚਾਰੀਆਂ ਦਾ ਪ੍ਰਤੀਨਿਧ ਹੋਣ ਕਾਰਣ "ਵਰਕਰਜ਼ ਕਮੇਟੀ" ਦੀਆਂ ਬੈਠਕਾਂ 'ਚ ਬੈਠਦਾ ਸੀ। ਦਸੰਬਰ 1965 ਦੇ ਲਈ 16 ਛੁੱਟੀਆਂ ਤੈਅ ਕੀਤੀਆਂ ਗਈਆਂ। ਇਹਨਾਂ ਛੁੱਟੀਆਂ 'ਚ ਹੋਲੀ, ਦੁਸਿਹਰਾ, ਦੀਵਾਲੀ, ਰਾਮਨੌਵੀ, ਇਸ ਤਰ੍ਹਾਂ ਦੀਆਂ ਛੁੱਟੀਆਂ ਸਨ। ਮੈਨੂੰ ਵੀ ਸਹਿਮਤੀ ਪੱਤਰ ਤੇ ਦਸਤਖ਼ਤ ਕਰਨ ਲਈ ਕਿਹਾ ਗਿਆ। ਪਰ ਮੈਂ ਸਹਿਮਤੀ ਪੱਤਰ ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ।




**ਭਾਰਤ ਦੇ ਰਾਜਨੀਤਿਕਾਂ ਲਈ ਸੰਦੇਸ਼ !**
**ਦੀਨਾ ਭਾਨਾ**

ਦੀਨਾ ਭਾਨਾ ਉਹ ਸਖਸ਼ ਹੈ ਜਿਸ ਲਈ ਸਾਹਿਬ ਕਾਂਸ਼ੀ ਰਾਮ ਨੇ ਲੜਾਈ ਲੜੀ, ਨੌਕਰੀ ਬਹਾਲ ਕਰਵਾਈ। ਪਰ ਦੇਸ਼ ਦੇ ਸਮੁੱਚੇ ਬਹੁਜਨਾਂ ਦੀਆਂ ਸਮੱਸਿਆਂ ਦਾ ਪੱਕਾ ਹੱਲ ਕੱਢਣ ਲਈ ਆਪਣੀ ਸਮੁੱਚੀ ਜ਼ਿੰਦਗੀ ਬਹੁਜਨ ਸਮਾਜ ਦੇ ਸਮਾਜਿਕ ਪਰਿਵਰਨ ਅਤੇ ਆਰਥਿਕ ਮੁਕਤੀ ਲਈ ਸੱਤਾ ਪ੍ਰਾਪਤੀ ਲਈ ਜ਼ਿੰਦਗੀ ਭਰ ਸੰਘਰਸ਼ ਕੀਤਾ।

**ਸਵਾਲ: ਤੁਸੀਂ ਸਹਿਮਤੀ ਪੱਤਰ ਤੇ ਦਸਤਖ਼ਤ ਕਰਨ ਤੋਂ ਕਿਉਂ ਇਨਕਾਰ ਕੀਤਾ?**

ਦੀਨਾ ਭਾਨਾ- ਕਿਉਂਕਿ ਸਾਡੇ ਨਾਲ ਸਾਰੇ ਭਾਈਚਾਰੇ ਅਤੇ ਧਰਮਾਂ ਦੇ ਲੋਕ ਕੰਮ ਕਰਦੇ ਸਨ। ਮਹਾਰ, ਮਰਾਠਾ, ਮੁਸਲਮਾਨ, ਈਸਾਈ, ਬੋਧੀ ਆਦਿ ਪਰ ਇਸ ਸੂਚੀ ਵਿੱਚ ਡਾ: ਅੰਬੇਡਕਰ ਜੈਅੰਤੀ, ਸ਼ਿਵਾਜੀ ਜੈਅੰਤੀ, ਬੁੱਧ ਜੈਅੰਤੀ ਇਨ੍ਹਾਂ ਦੀ ਕੋਈ ਛੁੱਟੀ ਨਹੀਂ ਸੀ। ਇਸ ਲਈ ਮੈਂ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ।

**ਸਵਾਲ: ਤੁਸੀਂ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ, ਉਸ ਤੋਂ ਬਾਅਦ ਫਿਰ ਕੀ ਹੋਇਆ?**

ਦੀਨਾ ਭਾਨਾ- ਸਾਡੇ ਵਰਕਰ ਕਮੇਟੀ ਦੇ ਚੈਅਰਮੇਨ ਰਾਮ ਚੰਦਰਨ ਸੀ, ਉਨ੍ਹਾਂ ਨੇ ਮੈਨੂੰ ਕਿਹਾ ਸੀ ਕਿ ਦੀਨਾ ਭਾਨਾ ਜੀ ਤੁਸੀਂ ਤਾਂ ਰਾਜਸਥਾਨ ਦੇ ਰਹਿਣ ਵਾਲੇ ਹੋ।ਤੁਹਾਨੂੰ ਇਹਨਾਂ ਗੱਲਾਂ 'ਤੋਂ ਕੀ ਲੈਣਾ ਦੇਣਾ? ਤਾਂ ਮੈਂ ਕਿਹਾ ਕਿ ਸਾਹਿਬ ਮੈਂ ਹੁਣ ਰਾਜਸਥਾਨ ਵਿੱਚ ਨਹੀਂ ਰਹਿੰਦਾ ਹਾਂ। ਮੈਂ ਹੁਣ ਮਹਾਰਾਸ਼ਟਰ 'ਚ ਰਹਿੰਦਾ ਹਾਂ। ਮੈਨੂੰ ਮਹਾਂਰਾਸ਼ਟਰ ਦੀ ਗੱਲ ਕਰਨੀ ਚਾਹੀਦੀ ਹੈ। ਮੈਨੂੰ ਰਾਜਸਥਾਨ ਨਾਲ ਕੀ ਮਤਲਬ? ਉਨ੍ਹਾਂ ਨੇ ਗੁੱਸੇ 'ਚ ਕਿਹਾ ਕਿ ਤੁਸੀਂ ਜ਼ਿਆਦਾ ਗੱਲਾਂ ਨਾ ਕਰੋ ਇੱਥੇ ਦਸਤਖ਼ਤ ਕਰੋ। ਮੈਂ ਦਸਤਖ਼ਤ ਕਰਨ ਤੋਂ ਮਨ੍ਹਾਂ ਕਰ ਦਿੱਤਾ। ਚੇਅਰਮੈਨ ਨੇ ਮੈਨੂੰ ਕਿਹਾ ਕਿ 'ਦੀਨਾ ਭਾਨਾ, ਅੱਜ ਕੱਲ ਤੂੰ ਜ਼ਿਆਦਾ ਬੋਲਣਾ ਸ਼ੁਰੂ ਕਰ ਦਿੱਤਾ ਹੈ,ਤੂੰ ਮੈਨੂੰ ਕਾਇਦੇ ਕਾਨੂੰਨ ਸਿਖਾ ਰਿਹਾ ਹੈ।ਇਨਾਂ ਕਹਿ ਕੇ ਬਾਹਰ ਚਲਾ ਗਿਆ।

**ਸਵਾਲ: ਚੇਅਰਮੈਨ ਜਦੋਂ ਉਠ ਕੇ ਬਾਹਰ ਚਲਾ ਗਿਆ ਤਾਂ ਫਿਰ ਤੁਸੀਂ ਕੀ ਕੀਤਾ?**

ਦੀਨਾ ਭਾਨਾ- ਮੈਂ ਵੀ ਬਾਹਰ ਆ ਗਿਆ।ਜਦ ਮੈਂ ਬਾਹਰ ਆ ਗਿਆ ਤਾਂ ਸਾਰੇ ਕਰਮਚਾਰੀ ਕਹਿਣ ਲੱਗੇ ਕਿ ਤੁਸੀ ਅਜ ਉੱਚੀ ਅਵਾਜ਼ ਵਿੱਚ ਬੋਲ ਰਹੇ ਸੀ, ਗੱਲ ਕੀ ਹੈ? ਮੈਂ ਕਿਹਾ ਸੀ ਕਿ ਬ੍ਰਾਹਮਣ ਲੋਕਾਂ ਨੂੰ ਦੂਜਿਆਂ ਦੀਆਂ ਖੁਸ਼ੀਆਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ, ਮੈਂ ਅਜਿਹਾ ਬੋਲ ਹੀ ਰਿਹਾ ਸੀ ਤਾਂ ਚਪੜਾਸੀ ਆਇਆ ਤੇ ਮੈਨੂੰ ਕਹਿਣ ਲੱਗਾ ਕਿ ਸ਼੍ਰੀ ਰਾਮਚੰਦਰਨ ਸਰ ਨੇ ਤੁਹਾਡੀ ਸ਼ਿਕਾਇਤ ਮੁੱਖ ਇੰਸਪੈਕਟਰ ਨੂੰ ਕਰ ਦਿੱਤੀ।ਉਨ੍ਹਾਂ ਨੇ ਕਿਹਾ ਤੁਸੀਂ ਉਨ੍ਹਾਂ ਦੀ ਗੱਲ ਨਹੀਂ ਸੁਣਦੇ। ਇਸ ਤਰ੍ਹਾਂ ਦੀ ਗੱਲਬਾਤ ਹੋ ਰਹੀ ਸੀ ਕਿ ਉਸ ਸਮੇਂ ਕਾਂਸ਼ੀ ਰਾਮ ਸਾਹਿਬ ਅਤੇ ਉਨ੍ਹਾਂ ਦੇ ਸਹਿਯੋਗੀ ਜੋਸ਼ੀ ਉੱਥੇ ਕਿਸੇ ਕੰਮ ਲਈ ਆ ਗਏ।ਜੋਸ਼ੀ ਸਾਹਿਬ ਕਾਂਸ਼ੀ ਰਾਮ ਸਾਹਿਬ ਨੂੰ ਜੀ ਕਹਿਣ ਲੱਗੇ, ਸਾਹਿਬ ਇਹ ਦੀਨਾ ਭਾਨਾ ਕਰਮਚਾਰੀਆਂ ਦੇ ਲਈ ਬਹੁਤ ਲੜਦਾ ਹੈ ਪਰ ਕਰਮਚਾਰੀ ਲੋਕ ਇਸਦੀ ਗੱਲ ਨਹੀਂ ਮੰਨਦੇ। ਇਸ ਲਈ ਕਾਂਸ਼ੀ ਰਾਮ ਨੇ ਕਿਹਾ ਅਸੀਂ ਕੀ ਕਰ ਸਕਦੇ ਹਾਂ? ਅਤੇ ਦੀਨਾ ਭਾਨਾ ਇੱਕ ਦਿਨ ਪ੍ਰਬੰਧਕਾ ਦੇ ਪੈਰ੍ਹਾਂ ਵਿੱਚ ਨਾ ਪੈ ਜਾਵੇ।

**ਸਵਾਲ: ਇਸ ਗੱਲ ਤੇ ਤੁਸੀਂ ਕਾਂਸ਼ੀ ਰਾਮ ਜੀ ਨੂੰ ਕੀ ਕਿਹਾ?**

ਦੀਨਾ ਭਾਨਾ- ਮੈਂ ਕਿਹਾ ਸਾਹਿਬ ਤੁਸੀਂ ਪੜ੍ਹੇ ਲਿਖੇ ਹੋ, ਤੁਹਾਨੂੰ ਇਸ ਤਰ੍ਹਾਂ ਗੱਲ ਨਹੀਂ ਕਰਨੀ ਚਾਹੀਦੀ ਮੈਂ ਤਾਂ ਅਨਪੜ੍ਹ ਹਾਂ। ਤੁਸੀਂ ਤਾਂ ਪੜ੍ਹ-ਲਿਖ ਕੇ ਵੀ ਬਹੁਤ ਪਿੱਛੇ ਹੋ। ਮੈਂ ਗੁੱਸੇ 'ਚ ਸੀ, ਮੈਂ ਅੱਗੇ ਕਿਹਾ ਤੁਹਾਡੇ ਵਰਗੇ ਪੜ੍ਹੇ ਲਿਖੇ ਲੋਕ ਸਾਡਾ ਸਾਥ ਦੇਣ ਤਾਂ ਸਾਡਾ ਹੌਸਲਾ ਵਧੇਗਾ। ਪਰ ਤੁਸੀਂ ਤਾਂ ਮੇਰਾ ਹੌਸਲਾ ਵਧਾਉਣ ਦੀ ਬਜਾਏ ਮੇਰਾ ਹੌਸਲਾਂ ਗਿਰਾਇਆ ਹੈ। ਤੁਹਾਡੇ ਪੜ੍ਹੇ ਲਿਖੇ ਹੋਣ ਦਾ ਕੀ ਫਾਇਦਾ?

**ਸਵਾਲ: ਕਾਂਸ਼ੀ ਰਾਮ ਜੀ ਇਸ ਤੇ ਕੀ ਬੋਲੇ?**

ਦੀਨਾ ਭਾਨਾ- ਕਾਂਸ਼ੀ ਰਾਮ ਸਾਹਿਬ ਕਹਿਣ ਲੱਗੇ, ਕੀ ਹੌਸਲਾ ਵਧੇਗਾ? ਕੁਝ ਦਿਨ ਲੜੇਗਾ ਤੇ ਬਾਅਦ ਵਿੱਚ ਜਿਨ੍ਹਾਂ ਦੇ ਖਿਲਾਫ਼ ਲੜ ਰਿਹਾ ਹੈ ਉਨ੍ਹਾ ਦੇ ਪੈਰਾਂ ਵਿੱਚ ਡਿੱਗ ਜਾਵੇਂਗਾ। ਉਹਨਾਂ ਦੀ ਗੱਲ ਕੱਟਦਿਆ ਜੋਸ਼ੀ ਨੇ ਕਿਹਾ ਕਿ " ਨਹੀਂ, ਸਾਹਿਬ ਦੀਨਾ ਭਾਨਾ ਐਸਾ ਇਨਸਾਨ ਨਹੀਂ ਹੈ, ਜਦੋਂ ਇਹ ਵਰਕਰ ਕਮੇਟੀ ਨੇ ਚੁਣ ਲਿਆ, ਉਦੋਂ ਤੋਂ ਕਰਮਚਾਰੀਆਂ ਲਈ ਲੜ ਰਿਹਾ ਹੈ ।ਤਾਂ ਕਾਂਸ਼ੀ ਰਾਮ ਸਾਹਿਬ ਨੇ ਕਿਹਾ ਕਿ "ਅਸੀਂ ਫਿਰ ਕੀ ਕਰ ਸਕਦੇ ਹਾਂ" ਇਸ ਤੇ ਜੋਸ਼ੀ ਨੇ ਕਿਹਾ ਕਿ ਸਾਨੂੰ ਇਸਦੀ ਮੱਦਦ ਕਰਨੀ ਚਾਹੀਦੀ ਹੈ।ਇਸ ਤੇ ਮੈਂ ਕਿਹਾ ਕਿ ਮੈਨੂੰ ਚੀਫ ਇੰਸਪੈਕਟਰ ਨੇ ਬੁਲਾਇਆ ਹੈ। ਮੈਂ ਜਾ ਰਿਹਾ ਹਾਂ। ਇਹ ਕਹਿ ਕਿ ਮੈਂ ਚਲਾ ਗਿਆ।

**ਸਵਾਲ: ਚੀਫ ਇੰਸਪੈਕਟਰ ਦੇ ਕੋਲ ਜਾਣ ਤੋਂ ਬਾਅਦ ਕੀ ਹੋਇਆ?**

ਦੀਨਾ ਭਾਨਾ- ਚੀਫ ਇੰਸਪੈਕਟਰ ਨੇ ਮੈਨੂੰ ਅਪਮਾਨਜਨਕ ਗੱਲਾਂ ਕਹੀਆ । ਮੈਨੂੰ ਬਰਖਾਸਤ ਕਰਨ ਦੀ ਧਮਕੀ ਦਿੱਤੀ। ਕਿਉਂਕਿ ਉਹ ਵੀ ਆਂਧਰਾ ਪ੍ਰਦੇਸ਼ ਦਾ ਬ੍ਰਾਹਮਣ ਸੀ। ਉਸਦਾ ਨਾਮ ਕੇ.ਕੇ.ਐੱਸ ਵਰਦਾਚਾਰੀ ਸੀ ।ਉਸਨੇ ਮੈਨੂੰ ਵਰਕਰ ਕਮੇਟੀ ਵਿੱ-ਚੋਂ ਕੱਢ ਦਿੱਤਾ।

**ਸਵਾਲ: ਜਦੋਂ ਤੁਹਾਨੂੰ ਵਰਕਰ ਕਮੇਟੀ 'ਚੋਂ ਕੱਢ ਦਿੱਤਾ ਗਿਆ ਤਾਂ ਫਿਰ ਤੁਸੀਂ ਕੀ ਕੀਤਾ?**

ਦੀਨਾ ਭਾਨਾ- ਜਦੋਂ ਮੈਂ ਚੀਫ ਇੰਸਪੈਕਟਰ ਦੇ ਕੈਬਿਨ 'ਚੋਂ ਬਾਹਰ ਆਇਆ ਤਾਂ ਕਾਂਸ਼ੀ ਰਾਮ ਸਾਹਿਬ ਬੋਲਣ ਲੱਗੇ ਦੀਨਾ ਭਾਨਾ ਤੂੰ ਅੱਜ ਬੜੀ ਉੱਚੀ-ਉੱਚੀ ਬੋਲ ਰਿਹਾ ਸੀ। ਤੂੰ ਡਰਿਆ ਨਹੀ। ਮੈਂ ਕਿਹਾ, ਕਿਉਂ ਡਰਾ? ਕੀ ਉਹ ਸ਼ੇਰ ਆ ਖਾ ਲੈਂਦਾ? ਜੋਸ਼ੀ ਨੇ ਕਿਹਾ, ਚਲੋ ਆਪਾ ਚਾਹ ਪੀਦੇ ਹਾਂ। ਮੈਂ ਚਾਹ ਪੀਂਦੇ-ਪੀਂਦੇ ਕਿਹਾ ਕਿ, ਕਿ ਮੈਂ ਚੁਣਿਆ ਹੋਇਆ ਪ੍ਰਤੀਨਿਧ ਹਾਂ । ਮੈਨੂੰ ਇਸ ਤਰ੍ਹਾਂ ਕੱਢਿਆ ਨਹੀਂ ਜਾ ਸਕਦਾ। ਇਸ ਤੇ ਕਾਂਸ਼ੀ ਰਾਮ ਜੀ ਨੇ ਕਿਹਾ ਤੂੰ ਕੋਰਟ ਜਾਵੇਂਗਾ? ਮੈ ਕਿਹਾ ਜਰੂਰ ਜਾਵਾਂਗਾ।

**ਸਵਾਲ : ਤੁਹਾਡੇ ਕਹਿਣ ਤੇ ਕਾਂਸ਼ੀ ਰਾਮ ਨੇ ਕੀ ਕਿਹਾ?**

ਦੀਨਾ ਭਾਨਾ- ਕਾਂਸ਼ੀ ਰਾਮ ਸਾਹਿਬ ਕਹਿਣ ਲੱਗੇ ਕਿ ਜੇ ਅਜਿਹੀ ਇਹ ਗੱਲ ਹੈ ਤਾਂ ਮੈਂ ਵੀ ਤੇਰੇ ਨਾਲ ਜਾਉਗਾ। ਇਸ ਤੇ ਜੋਸ਼ੀ ਨੇ ਕਿਹਾ ਕਿ ਮੇਰਾ ਦੋਸਤ ਵਕੀਲ਼ ਹੈ ਉਸ ਕੋਲ਼ ਚੱਲਾਂਗੇ।ਕਾਂਸ਼ੀ ਰਾਮ ਜੀ ਬੋਲੇ ਉਸਨੂੰ ਕਿੰਨਾ ਪੈਸਾ ਦੇਣਾ ਪਵੇਗਾ। ਜੋਸ਼ੀ ਜੀ ਨੇ ਕਿਹਾ ਉਸਨੂੰ ਦਸ-ਦਸ ਰੁਪਏ ਹਰ ਮਹੀਨੇ ਦਿੰਦੇ ਰਹਿਣਾ।ਇਸ ਗੱਲ ਤੇ ਮੈਂ ਅਤੇ ਕਾਂਸ਼ੀ ਰਾਮ ਸਾਹਿਬ ਜ਼ੋਰ-ਜ਼ੋਰ ਨਾਲ ਹੱਸਣ ਲੱਗੇ। ਅਸੀਂ ਵਕੀਲ ਕੋਲ ਪਹੁੰਚੇ ਵਕੀਲ਼ ਨੇ ਕੇਸ ਦੇਖਿਆ, ਵਕੀਲ ਨੇ ਕਿਹਾ, ਕੇਸ ਬਹੁਤ ਮਜ਼ਬੂਤ ਹੈ, ਮੈਂ ਜਿੱਤ ਜਾਵਾਂਗਾ। ਮੈ ਵਕੀਲ ਦੀ ਫੀਸ ਪੁੱਛੀ, ਵਕੀਲ ਨੇ ਕਿਹਾ ਇੱਕ ਹਜ਼ਾਰ ਰੁਪਏ।ਇਸ ਤੇ ਮੈਂ ਕਿਹਾ ਕਿ ਮੈਂ ਤਾਂ ਪੈਸੇ ਲਿਆਇਆ ਹੀ ਨਹੀਂ।ਕਾਂਸ਼ੀ ਰਾਮ ਸਾਹਿਬ ਨੇ ਆਪਣਾ ਪਰਸ ਖੋਲ ਕੇ ਪੰਜ ਸੌ ਰੁਪਏ ਵਕੀਲ ਨੂੰ ਦੇ ਦਿੱਤੇ।

(ਬਾਕੀ ਅਗਲੇ ਸਫੇ 'ਤੇ)

# ਬਾਬਾ ਸਾਹਿਬ ਡਾ.ਅੰਬੇਡਕਰ ਲੋਕਾਂ ਦੀ ਪਹਿਲੀ ਪਸੰਦ ਕਿਵੇਂ ਬਣੇ?

## ਸਾਹਿਬ ਕਾਂਸ਼ੀ ਰਾਮ, ਬਾਬਾ ਸਾਹਿਬ ਦੇ ਸੱਚੇ ਲੈਫਟੀਨੈਂਟ ਕਿਵੇਂ ਬਣੇ?

ਅੱਜ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਭਾਰਤੀਆਂ ਦੀ ਪਹਿਲੀ ਪਸੰਦ ਬਣ ਚੁੱਕੇ ਹਨ। ਜਿਸ ਅੰਬੇਡਕਰ ਨੂੰ ਸਮੇ ਦੇ ਆਗੂ ਨਾ ਪਸੰਦ ਕਰਦੇ ਰਹੇ, ਦੁਰਕਾਰਦੇ ਰਹੇ, ਅੰਗਰੇਜਾਂ ਦਾ ਪਿੱਠੂ, ਚਾਪਲੂਸ ਤੇ ਗੱਦਾਰ ਤੱਕ ਕਹਿੰਦੇ ਰਹੇ ਅੱਜ ਉਹ ਭਾਰਤ ਰਤਨ ਹੈ। ਇਸ ਇਨਸਾਨ ਨੂੰ ਸੰਵਿਧਾਨ ਦੀ ਖਰੜਾ ਕਮੇਟੀ ਦੇ ਮੈਂਬਰ ਬਣਨ ਲਈ ਚੁਣੇ ਜਾਣ ਦੇ ਸਾਰੇ ਰਾਹ ਰਸਤੇ ਬੰਦ ਕਰਨ ਦੇ ਯਤਨ ਹੁੰਦੇ ਰਹੇ ਉਹ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਣੇ। ਅੱਜ ਉਸ ਮਨੁੱਖ ਨੂੰ ਮਹਾਂਨਾਇੱਕ ਵਜੋਂ ਯਾਦ ਕੀਤਾ ਜਾ ਰਿਹਾ ਹੈ।

ਆਓ ਜਾਣੀਏ ਕਿਸ ਤਰ੍ਹਾਂ ਸਮਾਜ ਦੀ ਸੋਚ ਵਿੱਚ ਅਜਿਹੀ ਵੱਡੀ ਤਬਦੀਲੀ ਆਈ। ਕਿਉਂ ਸਦੀਆਂ ਤੋਂ ਮਨੁੱਖੀ ਹੱਕਾਂ ਤੋਂ ਵਾਂਝੇ ਕਰੋੜਾਂ ਲੋਕ ਪੰਚ-ਸਰਪੰਚ ਤੋਂ ਲੈ ਕੇ ਦੇਸ਼ ਦੇ ਸਭ ਤੋਂ ਵੱਡੇ ਸੰਵਿਧਾਨਿਕ ਅਹੁਦਿਆਂ ਤੱਕ, ਹੁਣ ਮਨੁੱਖੀ ਹੱਕਾਂ ਦੇ ਰਖਵਾਲੇ ਬਣ ਰਹੇ ਹਨ। ਇਹ ਤਬਦੀਲੀ ਬਾਬਾ ਸਾਹਿਬ ਦੀ ਦਿੱਤੀ ਵੋਟ ਦੀ ਸ਼ਕਤੀ ਨਾਲ ਆਈ ਹੈ। ਇਹ ਬਿਨਾਂ ਹਿੰਸਾ ਤੋਂ ਇਨਕਲਾਬ ਹੈ। ਸਮੇਂ ਦੇ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਿਕ ਖੇਤਰ ਵਿੱਚ ਹੋਇਆ ਬਦਲਾਓ ਬਾਬਾ ਸਾਹਿਬ ਦੀ ਅਗਵਾਈ ਵਿੱਚ ਤਿਆਰ ਕੀਤੇ ਸੰਵਿਧਾਨ ਕਰਕੇ ਹੈ। ਜਿਸ ਲਈ ਹਰ ਇੱਕ ਦੇ ਹੱਕ ਦੀ ਬਰਾਬਰ ਸੁਰੱਖਿਅਤ ਹਨ ਤੇ ਸੰਵਿਧਾਨ ਦੀ ਇਹ ਪਵਿੱਤਰ ਮਰਿਆਦਾ ਹੈ, ਆਪ ਜੀਓ ਤੇ ਦੂਜਿਆਂ ਨੂੰ ਜਿਉਣ ਦਿਓ।

ਗੱਲ ਵੀਹਵੀਂ ਸਦੀ ਦੇ 1962-63 ਦੀ ਹੈ ਜਦੋਂ ਪੂੰਨੇ ਦੀ ਇੱਕ ਖੋਜ ਸੰਸਥਾਂ ਵਿੱਚ ਪ੍ਰਬੰਧਕਾਂ ਵਲੋਂ ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਬੁੱਧ ਜੈਅੰਤੀ ਦੀ ਛੁੱਟੀ ਰੱਦ ਕਰਕੇ ਦੀਵਾਲੀ ਤੇ ਗੰਗਾਧਰ ਤਿਲਕ ਦੀ ਛੁੱਟੀ ਕਰ ਦਿੱਤੀ। ਜਿਸ ਦਾ ਵਿਰੋਧ ਸੰਸਥਾਂ ਵਿੱਚ ਦੀਨਾ ਭਾਨਾ ਨਾਂ ਦੇ ਚੌਥੇ ਦਰਜੇ ਦੇ ਵਰਕਰ ਯੂਨੀਅਨ ਦੇ ਪ੍ਰਧਾਨ ਨੇ ਕੀਤਾ। ਜਿਸ ਕਾਰਨ ਪ੍ਰਬੰਧਕਾਂ ਵਲੋਂ ਦੀਨਾ ਭਾਨਾ ਨੂੰ ਨੌਕਰੀ ਤੋਂ ਕੱਢ ਦਿੱਤਾ। ਜਿਸਦਾ ਸਾਥ ਖੋਜ ਸਹਾਇਕ ਵਿਗਿਆਨੀ ਕਾਂਸ਼ੀ ਰਾਮ ਨੇ ਦਿੱਤਾ। ਕਾਂਸ਼ੀ ਰਾਮ ਨੇ ਅਦਾਲਤ ਰਾਹੀਂ ਦੀਨਾ ਭਾਨਾ ਦੀ ਨੌਕਰੀ ਬਹਾਲ ਕਰਵਾਈ। ਇਸ ਦੌਰਾਨ ਬਾਬਾ ਸਾਹਿਬ ਦੇ ਜੀਵਨ ਫਲਸਫੇ ਤੋਂ ਅਨਜਾਣ ਕਾਂਸ਼ੀ ਰਾਮ ਨੂੰ ਬਾਬਾ ਸਾਹਿਬ ਦੀ ਕਿਤਾਬ ਉਜਾਤਪਾਤ ਦਾ ਬੀਜ ਨਾਸ਼'' ਪੜ੍ਹਨ ਦਾ ਮੌਕਾ ਮਿਲਿਆ। ਕਾਂਸ਼ੀ ਰਾਮ ਨੇ ਭਾਰਤੀ ਜਾਤੀ ਪਾਤੀ ਵਿਵਸਥਾ ਨੂੰ ਗੰਭੀਰਤਾ ਨਾਲ ਸਮਝਣ ਦਾ ਯਤਨ ਕੀਤਾ। ਆਖਰ ਸਮਝ ਲਿਆ ਕਿ ਬਾਬਾ ਸਹਿਬ ਦਾ ਅਧੂਰਾ ਰਹਿ ਗਿਆ ਸੁਪਨਾ ਪੂਰਾ ਕਰਨ ਲਈ ਖੁਦ ਹੀ ਯਤਨ ਕਰਨੇ ਪੈਣਗੇ। ਉਹਨਾਂ ਦੇ ਗੰਭੀਰ ਮੰਥਨ ਨੇ, ਉਹਨਾਂ ਵਿਚਾਰਾਂ ਨੇ ਅਗਵਾਈ ਕੀਤੀ ਜੋ ਬਾਬਾ ਸਾਹਿਬ ਆਖਰੀ ਸਮੇਂ ਕਹਿੰਦੇ ਸਨ ਕਿ ਮੈਨੂੰ ਪੜ੍ਹੇ-ਲਿਖੇ ਲੋਕਾਂ ਨੇ ਧੋਖਾ ਦਿਤਾ। ਕਾਂਸ਼ੀ ਰਾਮ ਨੇ ਸਭ ਤੋਂ ਪਹਿਲਾਂ ਪੜ੍ਹੇ-ਲਿਖੇ ਲੋਕਾਂ ਅੰਦਰ ਇਹ ਗੱਲ ਕਹੀ ਕਿ ਬਾਬਾ ਸਹਿਬ ਨਾਲ ਜੋ ਜਿਉਂਦੇ ਜੀ ਧੋਖਾ ਹੋਇਆ, ਹੁਣ ਧੋਖਾ ਦੇਣਾ ਛੱਡ ਕੇ ਮੁੜ ਪੜ੍ਹੇ-ਲਿਖੇ ਲੋਕ ਆਪਣੇ ਸਮਾਜ ਨਾਲ ਖੜ੍ਹਨ। ਉਹਨਾਂ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੋਣ ਅਤੇ ਉਹਨਾਂ ਦੀ ਮਿਸ਼ਨਰੀ ਸਮਾਜੀ ਭਾਵਨਾ ਨਾਲ ਅਗਵਾਈ ਕਰਨ। ਆਖਰ ਉਹਨਾਂ ਉੱਤਰੀ ਭਾਰਤ ਵਿੱਚ ਪੜ੍ਹੇ-ਲਿਖੇ ਲੋਕਾਂ ਨੂੰ ਜਾਗਰੂਕ ਕਰਕੇ 6 ਦਸੰਬਰ 1978 ਨੂੰ ਬਾਮਸੇਫ ਨਾਂ ਦੀ ਜਥੇਬੰਦੀ ਦਾ ਮੁੱਢ ਬੰਨਿਆਂ। ਜਿਸ ਨੇ ਸਮਾਜ ਦੀ ਬਹੁਤਰਫਾ ਲੜਾਈ ਲੜੀ। ਜੋ ਭਾਰਤ ਦੇ ਇਤਿਹਾਸ ਵਿੱਚ ਇੱਕ ਵੱਡੀ ਯੂਨੀਵਰਸਿਟੀ ਸਾਬਿਤ ਹੋਈ। ਜਿਸ ਨੇ ਲੱਖਾਂ ਲੋਕਾਂ ਵਿੱਚ ਡਾ. ਅੰਬੇਡਕਰ ਦੇ ਮਹਾਨ ਤਿਆਗ ਤੇ ਬਲੀਦਾਨ ਨੂੰ ਉਹਨਾਂ ਦੇ ਦਿਲ-ਦਿਮਾਗ ਵਿੱਚ ਵਸਾ ਦਿੱਤਾ। 6 ਦਸੰਬਰ 1981 ਨੂੰ ਸਮਾਜਿਕ ਜਥੇਬੰਦੀ ਡੀ.ਐਸ.ਫੋਰ. ਰਾਹੀਂ ਆਮ ਸੰਘਰਸ਼ਸ਼ੀਲ ਲੋਕਾਂ ਦੀ ਜਥੇਬੰਦੀ ਬਣਾ ਕੇ ਆਮ ਲੋਕਾਂ ਵਿੱਚ ਸੰਘਰਸ਼ ਦਾ ਝੰਡਾ ਬੁਲੰਦ ਕਰ ਦਿੱਤਾ। ਅਖੀਰ ਵਿੱਚ ਦੇਸ਼ ਦੀ ਰਾਜਸੱਤਾ ਪ੍ਰਾਪਤ ਕਰਨ ਲਈ 14 ਅਪ੍ਰੈਲ 1984 ਨੂੰ ਬਹੁਜਨ ਸਮਾਜ ਪਾਰਟੀ ਦਾ ਆਗਾਜ਼ ਕੀਤਾ। ਫਿਰ ਸਮਾਜ ਵਿੱਚ, ਬੁੱਧੀਜੀਵੀ ਵਰਗਾਂ, ਆਮ ਲੋਕਾਂ ਤੇ ਸਿਆਸੀ ਫਿਜ਼ਾ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਦਾ ਨਾਮ ਹਰ ਗਲੀ, ਹਰ ਮੁਹੱਲੇ, ਹਰ ਪਿੰਡ, ਹਰ ਸ਼ਹਿਰ ਵਿੱਚ ਗੂੰਜਣ ਲੱਗਾ। ਲੋਕਾਂ ਅੰਦਰ ਬਾਬਾ ਸਾਹਿਬ ਡਾ. ਭੀਮ ਰਾਓ ਦੀ ਜੈ ਦੇ ਨਾਅਰੇ ਉਜੈ ਭੀਮ-ਜੈ ਭਾਰਤ'' ਹੋਣ ਲੱਗੀ।



ਛੋਟੀਆਂ-ਵੱਡੀਆਂ ਜਨ ਸਭਾਵਾਂ ਤੋਂ ਵੱਡੇ ਸਮਾਗਮ ਤੇ ਕਾਨਫਰੰਸਾਂ ਦਾ ਰੂਪ ਧਾਰਨ ਹੋਣ ਲੱਗਾ। ਹਰ ਪਾਸੇ ਕਾਂਸ਼ੀ ਰਾਮ, ਕਾਂਸ਼ੀ ਰਾਮ ਹੋਣ ਲੱਗੀ। ਬਹੁਗਿਣਤੀ ਦਲਿਤਾਂ ਨੇ ਕਾਂਸ਼ੀ ਰਾਮ ਨੂੰ ਆਗੂ ਮੰਨ ਲਿਆ। ਇਸ ਤਰ੍ਹਾਂ ਕਾਂਸ਼ੀ ਰਾਮ ਨੇ ਬਾਬਾ ਸਾਹਿਬ ਦੇ ਅਧੂਰੇ ਮਿਸ਼ਨ ਦੀ ਪੂਰਤੀ ਲਈ ਆਪਣੀ ਰਣਨੀਤੀ ਤਹਿਤ ਇਤਿਹਾਸਿਕ ਕਦਮ ਉਠਾਏ। ਲੋਕਾਂ ਦਾ ਕਾਫਲਾ ਲੱਖਾਂ ਤੋਂ ਵੱਧ ਕੇ ਕਰੋੜਾਂ ਤੱਕ ਹੋ ਗਿਆ। ਦੂਜੀਆਂ ਪਾਰਟੀਆਂ ਦੇ ਆਗੂਆਂ ਨੇ ਆਖਰ ਕਾਂਸ਼ੀ ਰਾਮ ਦੀ ਲਹਿਰ ਦੇ ਪ੍ਰਭਾਵ ਨੂੰ ਕਬੂਲ ਕਰ ਲਿਆ।

ਪਹਿਲੀ-ਦੂਜੀ ਕਤਾਰ ਦੇ ਲੀਡਰ ਕਾਂਸ਼ੀ ਰਾਮ ਨਾਲ ਮੁਲਾਕਾਤ ਲਈ ਸੁਨੇਹੇ ਭੇਜਣ ਲੱਗੇ। ਕਾਂਸ਼ੀ ਰਾਮ ਨੇ ਅੱਗੇ ਕਿਹਾ ਕਿ ਜਿਸ ਨੂੰ ਲੋੜ ਹੈ ਉਹ ਮੇਰੇ ਕੋਲ ਆਵੇ। ਇਸ ਤਰਾਂ ਕਹਿ ਕੇ ਕਾਂਸ਼ੀ ਰਾਮ ਨੇ ਸਦੀਆਂ ਤੋ ਦਬਾਏ ਸਤਾਏ ਹੋਏ ਤੇ ਜਾਨਵਰਾਂ ਤੋਂ ਭੈੜੀ ਦਸ਼ਾ ਜੋ ਸਮਾਜ ਸਹਿ ਰਿਹਾ ਸੀ ਦਾ ਇਤਿਹਾਸਕ ਜਵਾਬ ਦਿਤਾ। ਇਸ ਤਰਾਂ ਰਾਜਨੀਤਿਕ ਗਲਿਆਰਿਆਂ ਵਿੱਚ ਚਰਚਾ ਤੇ ਅਫਵਾਹਾਂ ਦੀਆਂ ਸੁਰਖੀਆਂ ਕਾਂਸ਼ੀ ਰਾਮ ਦੇ ਨਾਮ ਦੀਆਂ ਬਣਨ ਲੱਗੀਆ। ਸਮੁੱਚੇ ਦੇਸ਼ ਖਾਸ ਕਰਕੇ ਉੱਤਰੀ ਭਾਰਤ ਦੇ ਹਰ ਸੂਬੇ ਵਿੱਚ ਬਾਬਾ ਸਾਹਿਬ ਬਾਰੇ ਲੋਕ ਜਾਣਨ ਲੱਗੇ, ਪੜ੍ਹਨ ਲੱਗੇ। ਬਾਬਾ ਸਾਹਿਬ ਦੇ ਬੁੱਤ ਲੱਗਣ ਲੱਗੇ। ਦੁਨੀਆਂ ਵਿੱਚ ਬਾਬਾ ਸਾਹਿਬ ਦੇ ਵਿਚਾਰਾਂ ਦੀ ਚਰਚਾ ਹੋਣ ਲੱਗੀ। ਅਨੇਕਾਂ ਵਿਰੋਧਾਂ ਦੇ ਬਾਵਜੂਦ ਹਰ ਵਰਗ ਤੇ ਹਰ ਸਿਆਸੀ ਪਾਰਟੀ ਬਾਬਾ ਸਾਹਿਬ ਨੂੰ ਕਬੂਲਣ ਲੱਗੀ।

ਆਖਰ ਸਾਹਿਬ ਕਾਂਸ਼ੀ ਰਾਮ ਦੀ ਕੋਸ਼ਿਸ਼, ਮੂਵਮੈਂਟ ਅਤੇ ਦਬਾਓ ਕਾਰਨ 1990 ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਦੇਸ਼ ਦੇ ਸਭ ਤੋਂ ਵੱਡੇ ਸਨਮਾਨ 'ਭਾਰਤ ਰਤਨ'' ਨਾਲ ਸਨਮਾਨਿਤ ਕੀਤਾ ਗਿਆ। ਦੇਸ਼ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਬਾਬਾ ਸਾਹਿਬ ਬਾਰੇ ਹੋਰ ਜਾਨਣ ਦੀ ਉਤਸੁਕਤਾ ਵਧਣ ਲੱਗੀ। ਸਾਹਿਬ ਕਾਂਸ਼ੀ ਰਾਮ ਨੇ ਇੰਗਲੈਂਡ, ਮਲੇਸ਼ੀਆ, ਜਾਪਾਨ, ਅਮਰੀਕਾ ਵਰਗੇ ਦੇਸ਼ਾਂ ਵਿੱਚ ਬਾਬਾ ਸਾਹਿਬ ਦੀ ਵਿਚਾਰਧਾਰਾ ਤੇ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਉਆਓ ਦੂਜਿਆਂ ਤੋਂ ਰਾਜ ਕਰਵਾਉਣ ਦੀ ਬਜਾਏ ਆਪਾਂ ਖੁਦ ਰਾਜ ਕਰੀਏ''। ਅਜਿਹੇ ਸਲੋਗਨਾਂ ਦੇ ਵਿਦੇਸ਼ਾਂ ਵਿੱਚ ਵੱਸਦੇ ਪੜ੍ਹੇ-ਲਿਖੇ ਖੁਸ਼ਹਾਲ ਜ਼ਿੰਦਗੀ ਜੀਅ ਰਹੇ ਦਲਿਤ ਸ਼ੋਸ਼ਿਤ ਸਮਾਜ ਦੇ ਆਦਮੀਆਂ ਤੇ ਵੱਡੇ ਪੱਧਰ 'ਤੇ ਅਸਰ ਹੋਇਆ। ਜਿਸ ਕਾਰਨ ਡਾ. ਅੰਬੇਡਕਰ ਸਾਹਿਬ ਦੀਆਂ ਪੁਸਤਕਾਂ ਅਤੇ ਮਿਸ਼ਨ ਹਿੱਤ ਵੱਡੇ ਪੱਧਰ 'ਤੇ ਸਹਿਯੋਗ ਹੋਣ ਲੱਗਾ। ਮਹਾਂਰਾਸ਼ਟਰ ਦੀ ਸਰਕਾਰ ਨੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜੀਵਨ ਮਿਸ਼ਨ ਨਾਲ ਸੰਬੰਧਿਤ ਰਾਈਟਿੰਗਸ ਐਂਡ ਸਪੀਚਸ ਦੇ 21 ਵੌਲੀਅਮ ਛਪਵਾਏ । ਉਹਨਾਂ ਦੇ ਨਾਮ 'ਤੇ ਅਨੇਕਾਂ ਯੋਜਨਾਵਾਂ ਦਾ ਆਯੋਜਨ ਕੀਤਾ। ਦੇਸ਼ ਦੀ ਕੇਂਦਰੀ ਸਰਕਾਰ ਵਲੋਂ ਕਿਤਾਬਾਂ ਦੇ ਨਾਲ-ਨਾਲ ਫਿਲਮ, ਨਾਟਕ, ਡਾਕੂਮੈਂਟਰੀਆਂ ਤਿਆਰ ਕਰਵਾਈਆਂ। ਅੱਜ ਦੇਸ਼ ਵਿੱਚ ਹੀ ਨਹੀਂ, ਸਗੋਂ ਦੁਨੀਆਂ ਭਰ ਵਿੱਚ ਸਭ ਤੋਂ ਵੱਧ ਬੁੱਤ ਜੇ ਕਿਸੇ ਸ਼ਖਸੀਅਤ ਦੇ ਹਨ ਤਾਂ ਉਹ ਬਾਬਾ ਸਾਹਿਬ ਡਾ. ਅੰਬੇਡਕਰ ਦੇ ਹਨ। ਅੱਜ ਬਾਬਾ ਸਾਹਿਬ ਦੀਆਂ ਤਸਵੀਰਾਂ ਤੁਹਾਨੂੰ ਦੁਕਾਨਾਂ 'ਤੇ ਮਿਲਦੀਆਂ ਹਨ।

ਇੰਗਲੈਂਡ ਵਿੱਚ ਅੱਧੀ ਦੁਨੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਲ ਮਾਰਕਸ ਦੇ ਨਾਲ ਸਿਰਫ ਇੱਕ ਭਾਰਤੀ ਦੀ ਤਸਵੀਰ ਲਗਾਈ ਗਈ ਹੈ ਤਾਂ ਉਹ ਹਨ ਬਾਬਾ ਸਾਹਿਬ ਅੰਬੇਡਕਰ। ਅਮਰੀਕਾ ਦੀ ਪ੍ਰਸਿੱਧ ਕੋਲੰਬੀਆ ਯੂਨੀਵਰਸਿਟੀ ਵਿੱਚ ਪਿਛਲੇ 250 ਸਾਲਾਂ ਵਿੱਚ ਸਭ ਤੋਂ ਕਾਬਲ ਵਿਦਿਆਰਥੀ ਰਹੇ ਸਾਡੇ ਬਾਬਾ ਸਾਹਿਬ। ਭਾਰਤ ਦੇ ਕਈ ਪ੍ਰਸਿੱਧ ਚੈਨਲਾਂ ਦੇ ਸਰਵੇ ਵਿੱਚ ਲੋਕਾਂ ਨੇ ਸਭ ਤੋਂ ਹਰਮਨ ਪਿਆਰਾ ਆਗੂ ਡਾ. ਅੰਬੇਡਕਰ ਨੂੰ ਮੰਨਿਆ। ਦੁਨੀਆਂ ਦੀ ਸਭ ਤੋਂ ਵੱਡੀ ਸਰਕਾਰੀ ਸੰਸਥਾ ਯੂ.ਐਨ.ਓ. ਨੇ ਵੀ 2016 ਵਿੱਚ ਬਾਬਾ ਸਾਹਿਬ ਦਾ ਜਨਮ ਦਿਨ ਮਨਾਇਆ। ਦੇਸ਼ ਹੀ ਨਹੀਂ ਸ਼ਾਇਦ ਦੁਨੀਆਂ ਦੇ ਇਤਿਹਾਸ ਵਿੱਚ ਸਿਰਫ ਬਾਬਾ ਸਾਹਿਬ ਹੀ ਹਨ, ਜਿਨ੍ਹਾਂ ਦਾ ਜਨਮ ਦਿਨ 14 ਅਪ੍ਰੈਲ ਤੇ ਪ੍ਰੀਨਿਰਵਾਣ ਦਿਵਸ 6 ਦਸੰਬਰ ਇੱਕ ਦਿਨ ਨਹੀਂ, ਬਲਕਿ ਕਈ-ਕਈ ਮਹੀਨੇ ਵੱਖ-ਵੱਖ ਸਨਮਾਨ ਦੇ ਕੇ ਮਨਾਇਆ ਜਾਂਦਾ ਹੈ। ਅੱਜ ਉਹਨਾਂ ਦੇ ਜਨਮ ਦਿਨ ਦੀ ਛੁੱਟੀ ਕਰਕੇ ਸਰਕਾਰਾਂ ਮਾਣ ਮਹਿਸੂਸ ਕਰਨ ਲੱਗੀਆਂ ਹਨ। ਅੱਜ ਮਨੁੱਖ ਜਿੱਥੇ ਵਿਸ਼ਵ ਨਾਗਰਿਕ, ਦੁਨੀਆਂ ਇੱਕ ਗਲੋਬਲ ਪਿੰਡ ਬਣ ਚੁੱਕੀ ਹੈ। ਜਿਵੇਂ ਦੁਨੀਆਂ ਵਿੱਚ ਬ੍ਰਹਿਮੰਡ ਸਭ ਤੋਂ ਵੱਡਾ ਸ਼ਬਦ ਹੈ। ਜਿਸ ਨੰਨ੍ਹੂੰਨਣ ਘੋਖਣ/ਸਮਝਣ ਲਈ ਦੁਨੀਆਂ ਭਰ ਦੇ ਸਾਇੰਸਦਾਨ ਮਿਹਨਤ ਕਰ ਰਹੇ ਹਨ। ਦੂਜੇ ਪਾਸੇ ਹਜ਼ਾਰਾਂ ਸਾਲਾਂ ਤੋਂ ਅਪਮਾਨਿਤ ਕੀਤੇ ਜਾਂਦੇ, ਅਛੂਤ ਵਰਗ ਵਿੱਚ ਜਨਮੇਂ ਇਸ ਮਸੀਹਾ ਬਾਰੇ ਜਾਨਣ ਵਿੱਚ ਦੁਨੀਆਂ ਉੱਤਸੁਕਤਾ ਰੱਖਦੀ ਹੈ। ਅਨੇਕਾਂ ਅੰਗਰੇਜ਼ਾਂ ਨੇ ਬਾਬਾ ਸਾਹਿਬ 'ਤੇ ਕਿਤਾਬਾਂ ਲਿਖੀਆਂ। ਅਨੇਕਾਂ ਦੇਸ਼ਾਂ ਦੀਆਂ ਸੰਸਦਾਂ ਵਿੱਚ ਬਾਬਾ ਸਾਹਿਬ ਨੂੰ ਸਰਕਾਰਾਂ ਯਾਦ ਕਰਨ ਲੱਗੀਆਂ ਹਨ। ਬਾਬਾ ਸਾਹਿਬ ਦੇ ਪੈਰੋਕਾਰ ਅੱਜ ਪਿੰਡ-ਪਿੰਡ, ਸ਼ਹਿਰ-ਸ਼ਹਿਰ 'ਤੇ ਦੁਨੀਆਂ ਦੇ ਹਰ ਕੋਨੇ ਵਿੱਚ ਨਹੀਂ, ਸਗੋਂ ਸਮੁੱਚੇ ਬ੍ਰਹਿਮੰਡ ਦੇ ਇਰਦ-ਗਿਰਦ ਵਸੇ ਹੋਏ ਹਨ।

ਬਾਬਾ ਸਾਹਿਬ ਦਾ ਸਮੁੱਚਾ ਜੀਵਨ ਫਲਸਫਾ ਮਨੁੱਖਤਾ ਦਾ ਫਲਸਫਾ ਹੈ। ਜਿਸ ਨੇ ਲਤਾੜੇ ਹੋਏ ਲੋਕਾਂ ਲਈ ਜ਼ਿੰਦਗੀ ਭਰ ਸੰਘਰਸ਼ ਕੀਤਾ ਤੇ ਦੱਸਿਆ ਕਿ ਤੁਹਾਡੀ ਦੁੱਖਾਂ ਦੀ ਮੁਕਤੀ ਦੇਸ਼ ਦੀ ਸੰਸਦ ਅੰਦਰ, ਸੰਸਦ ਮੈਂਬਰ ਭੇਜਣ ਨਾਲ ਹੈ, ਜੋ ਤੁਹਾਡੇ ਦੁੱਖਾਂ ਦਾ ਅੰਤ ਪੇਸ਼ ਬਿੱਲਾਂ ਰਾਹੀਂ ਕਾਨੂੰਨ ਬਣਾ ਕੇ ਤੁਹਾਡੇ ਲਈ ਬਰਾਬਰ ਦੇ ਰਸਤੇ ਖੁੱਲ੍ਹਣਗੇ।

ਅੱਜ ਬਾਬਾ ਸਾਹਿਬ ਦੀਆਂ 42 ਜਿਲਦਾਂ ਪੜ੍ਹਨ ਨੂੰ ਮਿਲਦੀਆਂ ਹਨ। ਕਿਤਾਬਾਂ ਦੇ ਸਿਲੇਬਸ ਵਿੱਚ ਉਹਨਾਂ ਦੀਆਂ ਘਾਲਨਾਵਾਂ ਨੂੰ ਦਰਸਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਸ ਵਿੱਚ ਬਾਬਾ ਸਾਹਿਬ ਦੇ ਸੱਚੇ ਸਾਬਿਤ ਹੋਏ ਲੈਫਟੀਨੈਂਟ ਦਾ ਵੱਡਾ ਯੋਗਦਾਨ ਹੈ। ਜਿਸ ਨੂੰ ਝੁਠਲਾਇਆ ਨਹੀਂ ਜਾ ਸਕਦਾ। ਕਾਂਸ਼ੀ ਰਾਮ ਦੀ ਮਿਹਨਤ ਸਦਕਾ ਅੱਜ ਕਰੀਬ 2 ਕਰੋੜ ਲੋਕ ਬਾਬਾ ਸਾਹਿਬ ਦੇ ਸੁਪਨਿਆਂ ਵਾਲੇ, ਆਜ਼ਾਦੀ, ਬਰਾਬਰੀ, ਭਾਈਚਾਰਕ ਅਤੇ ਮਾਨਵੀ ਸੋਚ ਵਾਲੇ ਰਾਜ ਦੇ ਮੁੱਦਈ ਹਨ। ਭੂਤਕਾਲ, ਵਰਤਮਾਨ ਅਤੇ ਭਵਿੱਖ ਵਿੱਚ ਜੇਕਰ ਅਸੀਂ ਆਪਣੇ ਫਰਜ ਸਮੂਹਿਕ ਤੌਰ 'ਤੇ ਪਹਿਚਾਣ ਲਈਏ, ਸਮਾਜ/ਦੇਸ਼ ਗਲਤੀਆਂ ਤੋਂ ਸਬਕ ਸਿੱਖ ਲਏ ਤਾਂ ਬਾਬਾ ਸਾਹਿਬ ਦਾ ਅਧੂਰਾ ਮਿਸ਼ਨ ਪੂਰਾ ਹੋਣਾ ਸੰਭਵ ਹੈ। ਜੇਰ੍ਹਾ ਕਰਕੇ ਕਦਮ ਪੁੱਟ ਲੈਣ ਵਾਲਾ ਮਨੁੱਖ ਆਖਰ ਮੰਜ਼ਿਲ 'ਤੇ ਪੁੱਜ ਜਾਂਦਾ ਹੈ। ਜੇਕਰ ਇਸ ਅਧੂਰੇ ਕਾਰਵਾਂ ਨੂੰ ਮੰਜ਼ਿਲ ਤੱਕ ਪਹੁੰਚਾਉਣ ਦੇ ਸੁਪਨੇ ਦੇਖੇ ਜਾ ਰਹੇ ਹਨ ਤਾਂ ਉਹ ਸਿਰਫ ਤੇ ਸਿਰਫ ਬਾਬਾ ਸਾਹਿਬ ਦੇ ਸੱਚੇ ਲੈਫਟੀਨੈਂਟ ਸਾਹਿਬ ਕਾਂਸ਼ੀ ਰਾਮ ਦੀ ਮਿਹਨਤ ਕਰਕੇ ਹੈ। ਜਿਨ੍ਹਾਂ ਦੀ ਬਦੌਲਤ ਬਾਬਾ ਸਾਹਿਬ ਡਾ. ਅੰਬੇਡਕਰ ਲੋਕਾਂ ਦੀ ਪਹਿਲੀ ਪਸੰਦ ਬਣ ਗਏ। ਬਾਬਾ ਸਾਹਿਬ ਦੇ ਮਿਸ਼ਨ ਵਿੱਚ ਸਿਪਾਹੀ ਤਾਂ ਬਹੁਤ ਆਏ ਹੋਣਗੇ, ਪਰ ਸਾਹਿਬ ਕਾਂਸ਼ੀ ਰਾਮ ਹੀ ਉਹਨਾਂ ਦੇ ਸੱਚੇ ਲੈਫਟੀਨੈਂਟ ਸਾਬਿਤ ਹੋਈ। ਪ੍ਰਸਿੱਧ ਮਿਸ਼ਨਰੀ ਗੀਤਕਾਰ, ਗਾਇਕ ਹਰਨਾਮ ਦਾਸ ਬਹਿਬਲਪੁਰੀ ਦੇ ਡਿਉਡ ਗੀਤ ਦੀਆਂ ਲਾਇਨਾਂ:

ਬਾਬਾ ਸਾਹਿਬ ਦਾ ਮਿਸ਼ਨ ਫੈਲਾਵਾਂ,<br>
ਕਾਂਸ਼ੀ ਰਾਮ ਬਾਰੇ ਸਮਝਾਵਾਂ,<br>
ਦੱਸਾਂ ਆਪਣੇ ਵਿਚਾਰ ਮੈਂ।।

**-ਸੰਤੋਖ ਸਿੰਘ ਜੱਸੀ**

# ਬਹੁਜਨ ਸਮਾਜ ਪਾਰਟੀ ਦੇ ਕੇਂਦਰੀ ਦਫ਼ਤਰ ਨਵੀਂ ਦਿੱਲੀ ਵਿਖੇ ਦੀਨਾ ਭਾਨਾ ਜੀ ਨਾਲ ਇਸ ਸਬੰਧ ਵਿੱਚ ਹੋਈ ਗੱਲਬਾਤ ਦੇ ਮੁੱਖ ਅੰਸ਼:

(ਸਫਾ 19 ਦੀ ਬਾਕੀ)

**ਸਵਾਲ: ਤੁਸੀਂ ਕਾਂਸ਼ੀ ਰਾਮ ਜੀ ਨੂੰ ਪੈਸੇ ਦੇਣ ਤੋਂ ਮਨ੍ਹਾ ਨਹੀਂ ਕੀਤਾ?**

ਦੀਨਾ ਭਾਨਾ- ਮੈਂ ਕਿਹਾ ਸੀ ਸਾਹਿਬ ਤੁਸੀ ਰਹਿਣ ਦਿਓ,ਤਾਂ ਕਾਂਸ਼ੀ ਰਾਮ ਸਾਹਿਬ ਨੇ ਕਿਹਾ ਕਿ ਦੀਨਾ ਹੁਣ ਇਹ ਲੜਾਈ ਤੇਰੇ ਕੱਲੇ ਦੀ ਨਹੀਂ ਇਹ ਸਾਡੀ ਸਾਂਝੀ ਲੜਾਈ ਹੈ।

**ਸਵਾਲ: ਕੀ ਤੁਸੀਂ ਕੇਸ ਜਿੱਤ ਲਿਆ?**

ਦੀਨਾ ਭਾਨਾ- ਮੈਂ ਸਰਕਾਰੀ ਕਰਮਚਾਰੀ ਹੋਣ ਕਾਰਣ ਮੈਂਨੂੰ ਦਫ਼ਤਰ ਤੋਂ ਆਗਿਆ ਲੈ ਕੇ ਕੋਰਟ ਜਾਣਾ ਸੀ ਪਰ ਮੈਂ ਬਿਨਾਂ ਆਗਿਆ ਕੋਰਟ 'ਚ ਚਲਾ ਗਿਆ ਇਸ ਲਈ ਮੈਨੂੰ ਮੁਅੱਤਲ ਕਰ ਦਿੱਤਾ ਗਿਆ। ਗੱਲ ਅੱਗੇ ਹੋਰ ਵਧੱ ਗਈ।

**ਸਵਾਲ: ਕਾਂਸ਼ੀ ਰਾਮ ਜੀ ਨੇ ਫਿਰ ਕੀ ਕਿਹਾ?**

ਦੀਨਾ ਭਾਨਾ - ਕਾਂਸ਼ੀ ਰਾਮ ਸਾਹਿਬ ਨੇ ਕਿਹਾ ਤੂੰ ਹੁਣ ਫਿਕਰ ਨਾ ਕਰ, ਹੁਣ ਇਹ ਮੇਰੀ ਜ਼ਿੰਮੇਵਾਰੀ ਹੈ, ਕਾਂਸ਼ੀ ਰਾਮ ਸਾਹਿਬ ਸਾਰੀ-ਸਾਰੀ ਰਾਤ ਲਿਖਦੇ ਰਹਿੰਦੇ ਸਨ।ਕਦੇ ਰਾਏ ਕਮਿਸ਼ਨਰ ਨੂੰ ਲਿਖਣਾ, ਕਦੇ ਮੰਤਰੀ ਨੂੰ ਲਿਖਣਾ, ਸਾਹਿਬ ਕਹਿੰਦੇ ਇਸ ਤਰ੍ਹਾ ਕੰਮ ਨਹੀਂ ਚਲੇਗਾ, ਹੁਣ ਸਾਨੂੰ ਮੋਰਚਾ ਲਾਉਣਾ ਚਾਹੀਦਾ ਹੈ । ਇਨ੍ਹਾ ਸਬੰਧ ਵਿੱਚ ਉਨ੍ਹਾ ਨੇ ਕੁੱਝ ਪੇਪਰ 'ਚ ਵੀ ਦਿੱਤਾ।

**ਸਵਾਲ: ਕੀ ਅਨੂਸੂਚਿਤ ਜਾਤੀ ਦੇ ਲੋਕਾਂ ਨੇ ਤੁਹਾਡੀ ਮੱਦਦ ਨਹੀਂ ਕੀਤੀ?**

ਦੀਨਾ ਭਾਨਾ- ਮਹਾਂਰਾਸ਼ਟਰ ਦੇ ਮਹਾਰ ਬਾਬਾ ਸਾਹਿਬ ਨੂੰ ਮੰਨਦੇ ਹਨ।ਪਰ ਮੇਰੇ ਨਾਲ ਜਿਹੜੇ ਮਹਾਰ ਸਨ। ਉਹ ਸਾਰੇ ਵਰਕਰ ਸਨ।ਉਹ ਕੁਝ ਵੀ ਨਹੀਂ ਕਰ ਸਕੇ। ਬਲਕਿ ਡਰਦੇ ਸਨ ਕਿ ਸਾਡੀ ਵੀ ਸਥਿਤੀ ਕਿਤੇ ਦੀਨਾ ਭਾਨੇ ਵਰਗਾ ਨਾ ਹੋ ਜਾਵੇ। ਪਰ ਉਹਨਾਂ ਨੇ ਜਨਤਾ ਨੂੰ ਲਿਆਉਣ ਲਈ ਸਾਡਾ ਸਹਿਯੋਗ ਦਿੱਤਾ।ਜਦੋਂ ਕਿਤੇ ਹਜ਼ਾਰ ਦੋ ਹਜ਼ਾਰ ਲੋਕਾਂ ਨੂੰ ਲਿਆਉਣ ਦੀ ਲੋੜ ਪੈਂਦੀ ਤਾਂ ਲੈ ਆਉਂਦੇ ਸੀ। ਬਾਅਦ ਵਿੱਚ ਉਹਨਾਂ ਨੂੰ ਥੋੜਾ-ਥੋੜਾ ਅਹਿਸਾਸ ਹੋਣ ਲੱਗਾ ਕਿ ਇੱਕ ਆਦਮੀ ਬਾਬਾ ਸਾਹਿਬ ਦੀ ਜੈਅੰਤੀ ਦੀ ਛੁੱਟੀ ਲਈ ਇਨ੍ਹਾਂ ਲੜ ਰਿਹਾ ਹੈ ਅਤੇ ਉਸ ਨੂੰ ਮੁਸੀਬਤ ਵਿੱਚ ਪਾਇਆ ਹੋਇਆ ਹੈ। ਇਸ ਗੱਲ ਤੇ ਨਵੇਂ ਬਣੇ ਬੋਧੀ (ਮਹਾਰਾ) ਨੇ ਸਾਥ ਦਿੱਤਾ।

**ਸਵਾਲ: ਤੁਹਾਨੂੰ ਜਦੋਂ ਮੁਅੱਤਲ ਕੀਤਾ ਗਿਆ ਤਾਂ ਤੁਹਾਨੂੰ ਦੁਬਾਰਾ ਕੰਮ ਤੇ ਕਿਸ ਤਰ੍ਹਾਂ ਰੱਖਿਆਂ ਗਿਆ?**

ਦੀਨਾ ਭਾਨਾ- ਕਾਂਸ਼ੀ ਰਾਮ ਸਾਹਿਬ ਸਾਰੇ ਸਬੰਧਿਤ ਅਧਿਕਾਰੀਆ ਸੀ ਉਨ੍ਹਾਂ ਨਾਲ ਪੱਤਰ-ਵਿਵਹਾਰ ਕਰਦੇ ਰਹੇ। ਕਾਂਸ਼ੀ ਰਾਮ ਸਾਹਿਬ ਮੇਰਾ ਕੇਸ ਕੈਬਨਿਟ ਤੱਕ ਲੈ ਕੇ ਗਏ ਅਤੇ ਕੈਬਨਿਟ ਤੋਂ ਮੇਰਾ ਕੇਸ ਸਫ਼ਲ ਹੋ ਗਿਆ।ਉਸ ਸਮੇਂ ਰੱਖਿਆ ਮੰਤਰੀ ਵਾਈ.ਵੀ ਚਵਾਨ ਸੀ।ਸਾਹਿਬ ਉਸ ਨੂੰ ਮਿਲੇ ਅਤੇ ਮੈਂਨੂੰ ਮੁੜ ਦੁਬਾਰਾ ਨੌਕਰੀ ਤੇ ਰੱਖ ਲਿਆ ਗਿਆ।

**ਸਵਾਲ: ਤੁਹਾਨੂੰ ਮੁੜ ਨੌਕਰੀ ਤੇ ਰੱਖ ਗਿਆ ਤਾਂ ਫਿਰ ਕਾਂਸ਼ੀ ਰਾਮ ਕਿਉਂ ਇਸ ਕੰਮ ਤੇ ਲੱਗ ਗਏ?**

ਦੀਨਾ ਭਾਨਾ- ਪਹਿਲਾ-ਪਹਿਲਾ ਕਾਸ਼ੀ ਰਾਮ ਸਾਹਿਬ ਪਰਦੇ ਦੇ ਪਿੱਛੇ ਕੰਮ ਕਰਦੇ ਸੀ।ਪੱਤਰ-ਵਿਵਹਾਰ ਤੱਕ ਉਨ੍ਹਾਂ ਦਾ ਕੰਮ ਸੀਮਿਤ ਸੀ।ਬਾਅਦ ਵਿੱਚ ਉਹ ਖੁੱਲ੍ਹ ਕੇ ਸਾਹਮਣੇ ਆ ਗਏ। ਦਫ਼ਤਰ ਵਿੱਚ ਸਾਰੇ ਪਤਾ ਚੱਲ ਗਿਆ ਕਿ ਕਾਂਸ਼ੀ ਰਾਮ ਸਾਹਿਬ ਦੀਨਾ ਭਾਨਾ ਦੀ ਮੱਦਦ ਕਰਦਾ ਹੈ। ਇੱਕ ਦਿਨ ਇਹਨਾਂ ਬ੍ਰਾਮਹਣਵਾਦੀ ਲੋਕਾਂ ਨੇ ਕਾਂਸ਼ੀ ਰਾਮ ਸਾਹਿਬ ਨੂੰ ਬੁਲਾ ਕਿ ਕਿਹਾ ਕਿ ਕਾਂਸ਼ੀ ਰਾਮ ਤੁਸੀਂ ਤਾਂ ਅਫ਼ਸਰ ਹੋ ਅਤੇ ਦੀਨਾ ਭਾਨਾ ਇੱਕ ਮਾਮੂਲੀ ਚੌਥੇ ਦਰਜੇ ਦਾ ਕਰਮਚਾਰੀ ਹੈ। ਤੁਹਾਨੂੰ ਇਸ ਮਾਮਲੇ ਵਿੱਚ ਨਹੀਂ ਪੈਣਾ ਚਾਹੀਦਾ। ਇਸ ਗੱਲ ਤੇ ਕਾਂਸ਼ੀ ਰਾਮ ਸਾਹਿਬ ਨੇ ਕਿਹਾ ਕਿ 'ਦੀਨਾ ਭਾਨਾ ਅਤੇ ਨਾਲ ਮੇਰਾ ਮੇਲ-ਜੋਲ ਹੈ ਕਿਉਂਕਿ ਉਹ ਚੂੜਾ (ਭੰਗੀ ਹੈ) ਤੇ ਮੈਂ ਚਮਾਰ ਹਾਂ।ਸਾਡੀ ਰਾਸ਼ੀ ਇੱਕ ਹੈ, ਅਸੀਂ ਤਾਂ ਭਰਾ-ਭਰਾ ਹਾਂ'। ਇਹਦੇ ਬਾਰੇ ਵਿੱਚ ਕੋਈ ਗੱਲ ਨਹੀਂ ਕਰਨੀ। ਜੇਕਰ ਕੋਈ ਉਸਦੇ ਵੱਲ ਉਂਗਲੀ ਚੁਕੇਗਾ ਤਾਂ ਮੈਂ ਉਂਗਲੀ ਚੁੱਕਣ ਵਾਲੇ ਦਾ ਹੱਥ ਤੋੜ ਦਵਾਗਾ।ਤਾਂ ਉਹ ਲੋਕ ਘਬਰਾ ਗਏ। ਮੈਂਨੂੰ ਤਾਂ ਨੌਕਰੀ ਮਿਲ ਗਈ ਸੀ ਪਰ ਕਾਂਸ਼ੀ ਰਾਮ ਸਾਹਿਬ ਬੋਲੇ, ਇਨ੍ਹਾਂ ਲੋਕਾਂ ਨੇ ਸਾਨੂੰ ਬਹੁਤ ਤਕਲੀਫ਼ ਦਿੱਤੀ ਹੈ।ਹੁਣ ਮੈਂ ਇਨ੍ਹਾਂ ਲੋਕਾਂ ਨੂੰ ਨਹੀਂ ਛੱਡੇਗਾ।ਇਸ ਤਰ੍ਹਾਂ ਸਾਹਿਬ ਅੱਗੇ ਹੀ ਵਧਦੇ ਗਏ। ਉਹ ਇਸ ਕੰਮ ਵਿੱਚ ਰੁੱਝਦੇ ਹੀ ਗਏ।ਇਸ ਸਮੇਂ ਦੌਰਾਨ ਇੱਕ ਸਾਡਾ ਸਾਥੀ ਡੀ.ਡੀ ਕੇ ਖਾਪੜਕੇ, ਅਤੇ ਉਹਨਾਂ ਕਾਂਸ਼ੀ ਰਾਮ ਸਾਹਿਬ ਨੂੰ ਬਾਬਾ ਸਾਹਿਬ ਅੰਬੇਡਕਰ ਦੀ ਲਿਖੀ ਹੋਈ ਕਿਤਾਬ ਲਿਆ ਕੇ ਦਿੱਤੀ। ਉਸ ਕਿਤਾਬ ਨੂੰ ਪੜ੍ਹ ਕੇ ਕਾਂਸ਼ੀ ਰਾਮ ਸਾਹਿਬ ਬਹੁਤ ਪ੍ਰਭਾਵਿਤ ਹੋਏ।ਉਹਨਾਂ ਨੂੰ ਬ੍ਰਾਮਹਣ ਵਾਦ ਅਤੇ ਬ੍ਰਾਹਮਣਵਾਦੀ ਲੋਕਾਂ ਦੇ ਪ੍ਰਤੀ ਚਿੜ ਪੈਦਾ ਹੋ ਗਈ।

ਉਨ੍ਹਾਂ ਨੇ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਨੇ ਸਾਡੇ ਲਈ ਜੋ ਕੰਮ ਕੀਤੇ ਅੱਜ ਤੱਕ ਸਾਡੇ ਲਈ ਕਿਸੇ ਨੇ ਵੀ ਅਜਿਹਾ ਕਾਰਜ ਨਹੀਂ ਕੀਤਾ। ਬਾਬਾ ਸਾਹਿਬ ਅੰਬੇਡਕਰ ਨੇ ਸਾਡੇ ਲਈ ਅੱਗੇ ਵਧਣ ਦਾ ਇੱਕ ਰਸਤਾ ਬਣਾ ਦਿੱਤਾ ਹੈ। ਜੋ ਕੰਮ ਬਾਬਾ ਸਾਹਿਬ ਨੇ ਕੀਤਾ ਉਹ ਕੰਮ ਅਸੀਂ ਅੱਜ ਤੱਕ ਨਹੀਂ ਕਰ ਸਕੇ। ਅਤੇ ਕਾਂਸ਼ੀ ਰਾਮ ਸਾਹਿਬ ਨੇ ਬਾਬਾ ਸਾਹਿਬ ਅੰਬੇਡਕਰ ਦੇ ਕੰਮਾਂ ਅਤੇ ਜੀਵਨ ਦੇ ਪ੍ਰਤੀ ਰੁਚੀ ਵਧਣ ਲੱਗੀ ਉਨ੍ਹਾਂ ਨੂੰ ਬਾਬਾ ਸਾਹਿਬ ਅੰਬੇਡਕਰ ਦਾ ਸਾਹਿਤ ਪੜ੍ਹਨ ਦੀ ਰੁਚੀ ਵਧਣ ਲੱਗੀ।ਉਸ ਤੋਂ ਬਾਅਦ ਕਾਂਸ਼ੀ ਰਾਮ ਕੁੱਝ ਗੁੰਮ-ਸੁੰਮ ਰਹਿਣ ਲੱਗੇ ਅਤੇ ਉਨ੍ਹਾਂ ਨੂੰ ਲੱਗਾ ਕਿ ਇਹ ਕੰਮ ਮੈਂਨੂੰ ਖੁਦ ਨੂੰ ਕਰਨਾ ਚਾਹੀਦਾ ਹੈ, ਅਤੇ ਉਹਨਾਂ ਨੇ ਬਾਬਾ ਸਾਹਿਬ ਦੇ ਅਧੂਰੇ ਕਾਰਵਾਂ ਨੂੰ ਪੂਰਾ ਕਰਨ ਦਾ ਬੀੜਾ ਚੁੱਕ ਲਿਆ। ਆਪਣੀ ਸਰਕਾਰੀ ਨੌਕਰੀ ਛੱਡ ਦਿੱਤੀ। ਆਪਣੇ ਪਰਿਵਾਰ ਤੋਂ ਖੁਦ ਨੂੰ ਅਲੱਗ ਕਰਕੇ ਆਪਣੇ ਆਪ ਨੂੰ ਇਸ ਕਾਰਜ ਵਿੱਚ ਝੋਕ ਦਿੱਤਾ।

**ਸਵਾਲ:ਕਾਂਸ਼ੀ ਰਾਮ ਜੀ ਨੇ ਆਪਣੇ ਕੰਮ ਦੀ ਸ਼ੁਰੂਆਤ ਕਿਸ ਤਰ੍ਹਾਂ ਕੀਤੀ?**

ਦੀਨਾ ਭਾਨਾ- ਸਭ ਤੋਂ ਪਹਿਲਾਂ ਕਾਂਸ਼ੀ ਰਾਮ ਜੀ ਨੇ ਸਰਕਾਰੀ ਕਰਮਚਾਰੀਆਂ ਨੂੰ ਸੰਗਠਿਤ ਕਰਕੇ ਉਨ੍ਹਾਂ ਵਿੱਚ ਸਮਾਜਿਕ ਚੇਤਨਾ ਦੀ ਭਾਵਨਾ ਪੈਦਾ ਕੀਤੀ।

**ਸਵਾਲ: ਕਾਂਸ਼ੀ ਰਾਮ ਕਰਮਚਾਰੀਆਂ ਨੂੰ ਕਿਸ ਤਰ੍ਹਾਂ ਸੰਗਠਿਤ ਕਰਦੇ ਸਨ?**

ਦੀਨਾ ਭਾਨਾ- ਉਹ ਕਰਮਚਾਰੀਆਂ ਦੀਆਂ ਛੋਟੀਆਂ-ਛੋਟੀਆਂ ਸਭਾਵਾ ਦਾ ਆਯੋਜਨ ਕਰਕੇ ਉਨ੍ਹਾਂ ਦਾ ਮਾਰਗਦਰਸ਼ਨ ਕਰਦੇ ਸਨ।ਬਾਅਦ ਵਿੱਚ, ਉਨ੍ਹਾਂ ਨੇ ਕੇਡਰ ਕੈਂਪਾਂ ਰਾਹੀ ਸਿਖਲਾਈ ਦਿੱਤੀ। ਇਸ ਤਰ੍ਹਾਂ ਸਾਰੇ ਦੇਸ਼ ਵਿੱਚ ਉਨ੍ਹਾਂ ਕਰਮਚਾਰੀਆਂ ਨੂੰ ਸੰਗਠਿਤ ਕਰਕੇ ਪੂਰੇ ਦੇਸ਼ ਦੇ ਕਰਮਚਾਰੀਆਂ ਦੀ 'ਸੰਗਠਿਤ ਸ਼ਕਤੀ' ਪੈਦਾ ਕੀਤੀ। ਅਤੇ ਉਨ੍ਹਾਂ ਨੂੰ ਉਨ੍ਹਾਂ ਨੇ ਬਾਮਸੇਫ ਦਾ ਨਾਮ ਦੇ ਦਿੱਤਾ। ਸੰਘਰਸ਼ ਦੇ ਲਈ ਡੀ.ਐਸ.ਫੌਰ ਦਾ ਗੰਠਨ ਕੀਤਾ ਅਤੇ ਬਾਅਦ ਵਿੱਚ ਰਾਜਨੀਤੀ ਸੰਗਠਨ ਬਹੁਜਨ ਸਮਾਜ ਪਾਰਟੀ (ਬੀ.ਐਸ.ਪੀ) ਬਣਾਈ।

**ਸਵਾਲ: ਤੁਹਾਡਾ ਕਾਂਸ਼ੀ ਰਾਮ ਦੇ ਇਸ ਕਾਰਜ ਵਿੱਚ ਕਿੰਨਾ ਯੋਗਦਾਨ ਰਿਹਾ?**

ਦੀਨਾ ਭਾਨਾ- ਮੈਂ ਉਨ੍ਹਾਂ ਦੀਆਂ ਮੀਟਿੰਗਾਂ ਵਿੱਚ ਜਾਂਦਾ ਰਿਹਾ।ਕਰੋਲਬਾਗ ਬਾਮਸੇਫ ਦਫ਼ਤਰ ਵਿੱਚ ਬੈਠਦਾ ਸੀ। ਕਿਉਂਕਿ ਬਾਅਦ ਵਿੱਚ ਮੇਰੀ ਦਿੱਲੀ ਬਦਲੀ ਹੋ ਗਈ।ਜਦੋਂ ਵੀ ਦਿੱਲੀ ਵਿੱਚ ਕੋਈ ਪ੍ਰੋਗਰਾਮ ਹੁੰਦਾ ਤਾਂ ਉਸ ਵਿੱਚ ਕੋਈ ਜ਼ਿੰਮੇਵਾਰੀ ਲੈਂਦਾ ਸੀ।ਮੇਰਾ ਜ਼ਿਆਦਾ ਸਰਗਰਮ ਯੋਗਦਾਨ ਨਹੀਂ ਰਿਹਾ।

**ਸਵਾਲ: ਕੀ ਕਾਂਸ਼ੀ ਰਾਮ ਆਪਣੇ ਉਦੇਸ਼ ਵਿੱਚ ਸਫ਼ਲ ਹੋ ਸਕਣਗੇ?**

ਦੀਨਾ ਭਾਨਾ- ਜਰੂਰ ਸਫ਼ਲ ਹੋਣਗੇ।ਕਿਉਂਕਿ ਅੱਜ ਤੱਕ ਉਨ੍ਹਾਂ ਨੇ ਜੋ ਵੀ ਕਾਮਯਾਬ ਕਦਮ ਉਠਾਇਆ ਉਨ੍ਹਾਂ ਦਾ ਹਰ ਕਦਮ ਸਫ਼ਲ ਰਿਹਾ।

# ਸਦੀ ਪਹਿਲਾਂ ਦੀ ਅਦੁੱਤੀ ਘਟਨਾ- ਜਿਸ ਨੇ ਸਿੱਖ ਇਤਿਹਾਸ ਬਦਲਿਆ

ਰਾਜਵਿੰਦਰ ਸਿੰਘ ਰਾਹੀ
91- 98157-51332

12 ਅਕਤੂਬਰ, 1920 ਨੂੰ ਸ੍ਰੀ ਦਰਬਾਰ ਸਾਹਿਬ ਵਿੱਚ ਇੱਕ ਅਦੁੱਤੀ ਘਟਨਾ ਵਾਪਰੀ ਸੀ, ਜਿਸ ਨੇ ਸ੍ਰੀ ਦਰਬਾਰ ਸਾਹਿਬ ਦੇ ਚੁਗਿਰਦੇ, ਮਹੌਲ, ਅਤੇ ਪ੍ਰਬੰਧ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਸੀ। ਇਹੋ ਨਹੀਂ, ਇਸ ਘਟਨਾ ਨਾਲ ਸਿੱਖ ਰਾਜਨੀਤੀ ਵਿੱਚ ਬੁਨਿਆਦੀ ਤਬਦੀਲੀ ਵਾਪਰੀ ਸੀ, ਜਿਸ ਨੇ ਗੁਰਦੁਆਰਾ ਸੁਧਾਰ ਲਹਿਰ ਦਾ ਮੁੱਢ ਬੰਨ੍ਹਿਆ ਸੀ ਤੇ ਜਿਸ ਵਿੱਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਜਨਮ ਲਿਆ ਸੀ ਤੇ ਗੁਰਦੁਆਰਿਆਂ ਦਾ ਪ੍ਰਬੰਧ ਪੰਥ ਦੇ ਹੱਥਾਂ ਵਿੱਚ ਆ ਗਿਆ ਸੀ। ਇਸ ਘਟਨਾ ਨੇ ਦਲਿਤ ਵਰਗ ਦਾ ਸ੍ਰੀ ਦਰਬਾਰ ਸਾਹਿਬ ਵਿੱਚ ਮੁੜ ਤੋਂ ਦਾਖਲਾ ਖੋਲ੍ਹਿਆ ਸੀ। ਇਸ ਤੋਂ ਪਹਿਲਾਂ ਦਲਿਤ ਵਰਗ ਸ੍ਰੀ ਦਰਬਾਰ ਸਾਹਿਬ ਦੇ ਖੁੱਲ੍ਹੇਆਮ ਦਰਸ਼ਨ ਇਸ਼ਨਾਨ ਤੋਂ ਵੀ ਵਾਂਝਾ ਸੀ ਤੇ ਉਸ ਦਾ ਪ੍ਰਸਾਦਿ ਵੀ ਪ੍ਰਵਾਨ ਨਹੀਂ ਕੀਤਾ ਜਾਂਦਾ ਸੀ। ਇਹੋ ਹੀ ਨਹੀਂ ਪਿਛਲੀ ਇੱਕ ਸਦੀ ਤੋਂ ਹੀ ਸਿੱਖ ਸਮਾਜ ਨੇ ਦਲਿਤ ਵਰਗ ਨੂੰ ਪਾਸੇ ਧੱਕ ਰੱਖਿਆ ਸੀ ਤੇ ਉਸ ਨਾਲ ਛੂਤ-ਛਾਤ ਦੇ ਆਧਾਰ 'ਤੇ ਵਿਤਕਰਾ ਜੋਰਾਂ 'ਤੇ ਸੀ। ਇਹ ਅਦੁੱਤੀ ਘਟਨਾ ਕਿਵੇਂ ਵਾਪਰੀ, ਇਸ ਦੇ ਪਿਛੋਕੜ ਨੂੰ ਸਮਝੇ ਵਗੈਰ ਇਸ ਦੀ ਅਹਿਮੀਅਤ ਨਹੀਂ ਪਛਾਣੀ ਜਾ ਸਕਦੀ।

ਸਿੱਖ ਸਮਾਜ ਵਿੱਚ ਜਾਤ-ਪਾਤ ਦੇ ਮਸਲੇ ਬਾਰੇ ਗੱਲਬਾਤ ਕਰਦੇ ਸਮੇਂ ਬਹੁਤ ਸਾਰੇ ਲੋਕ ਇਹ ਆਖਦੇ ਹਨ ਕਿ ਸਿੱਖੀ ਵਿੱਚ ਤਾਂ ਜਾਤ-ਪਾਤ ਹੈ ਹੀ ਨਹੀਂ। ਉਹ ਇਹ ਦਾਅਵਾ ਕਰਦੇ ਵਕਤ ਸਿੱਖ ਸਿਧਾਂਤ ਅਤੇ ਸਿੱਖ ਸਮਾਜ ਨੂੰ ਰਲਗੱਡ ਕਰ ਦਿੰਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖ ਸਿਧਾਂਤ ਵਿੱਚ ਜਾਤ-ਪਾਤ ਲਈ ਕੋਈ ਥਾਂ ਨਹੀਂ ਹੈ, ਪਰ ਸਿੱਖ ਸਮਾਜ ਵਿੱਚ ਜਾਤ-ਪਾਤ ਦੀ ਦਰਜਾਬੰਦੀ ਮੌਜੂਦ ਹੈ। ਗੁਰੂ ਸਾਹਿਬਾਨ ਨੇ ਜਾਤ-ਪਾਤ, ਛੂਤ-ਛਾਤ ਵਿਰੁੱਧ ਲੰਬੀ ਲੜਾਈ ਲੜੀ ਹੈ, ਉਹਨਾਂ ਨੇ ਸਪੱਸ਼ਟ ਸੇਧ ਦਿੱਤੀ ਹੈ :

ਓਹ ਸਭ ਤੇ ਊਚਾ, ਸਭ ਤੇ ਸੂਚਾ, ਜਾ ਕੇ ਹਿਰਦੈ ਵਸਿਆ ਭਗਵਾਨ॥

ਜਨ ਨਾਨਕੁ ਤਿਸ ਕੇ ਚਰਨ ਪਖਾਲੈ ਜੋ ਹਰਿ ਜਨੁ ਨੀਚੁ ਜਾਤਿ ਸੇਵ ਕਾਣੁ॥

ਗੁਰੂ ਸਾਹਿਬ ਤਾਂ ਕਹਿੰਦੇ ਹਨ ਕਿ ਜੋ ਬੰਦਾ ਨੀਚ ਜਾਤ ਦੀ ਸੇਵਾ ਕਰਦਾ ਹੈ, ਉਸ ਦੇ ਚਰਨ ਧੋਣੇ ਚਾਹੀਦੇ ਹਨ। ਗੁਰੂ ਨਾਨਕ ਸਾਹਿਬ ਜੀ ਦਾ ਤਾਂ ਐਲਾਨਨਾਮਾ ਹੀ ਇਹੋ ਹੈ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਗੁਰੂ ਨਾਨਕ ਸਾਹਿਬ ਚਾਰੇ ਵਰਨਾਂ ਤੋਂ ਬਾਹਰ ਰੱਖੇ ਗਏ ਅਛੂਤਾਂ (+ਚਵ 3 ਨਾਲ ਆਪਣੇ ਆਪ ਨੂੰ ਆਈਡੈਂਟੀਫਾਈ ਕਰਦੇ ਹਨ। ਦਸ ਗੁਰੂ ਸਾਹਿਬਾਨ ਨੇ ਕੁਝ ਸਿਧਾਂਤਾਂ ਨੂੰ ਧਰਮ ਦੀ ਰੰਗਤ ਦੇ ਕੇ ਵੱਖ-ਵੱਖ ਜਾਤਾਂ, ਵੱਖ ਵਰਗਾਂ ਤੇ ਵੱਖ ਧਰਮਾਂ ਦੇ ਲੋਕਾਂ ਨੂੰ ਇੱਕ ਸਮਾਜ ਵਿੱਚ ਜੋੜਨ ਦੀ ਕੋਸ਼ਿਸ਼ ਕੀਤੀ ਸੀ। ਹਰ ਗੁਰੂ ਸਾਹਿਬ ਨੇ ਇਸ ਏਕਤਾ ਨੂੰ ਆਪਣੇ-ਆਪਣੇ ਢੰਗ ਨਾਲ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਜੇਕਰ ਗੁਰੂ ਨਾਨਕ ਸਾਹਿਬ ਨੇ ਲੰਗਰ ਦੀ ਪ੍ਰਥਾ ਚਲਾਈ ਸੀ ਤਾਂ ਗੁਰੂ ਅਮਰਦਾਸ ਨੇ ਲੰਗਰ ਦੇ ਨਾਲ ਪੰਗਤ ਜ਼ਰੂਰੀ ਕਰ ਦਿੱਤੀ ਸੀ। ਗੁਰੂ ਗੋਬਿੰਦ ਸਿੰਘ ਨੇ ਇੱਕ ਬਾਟੇ 'ਚ ਅੰਮ੍ਰਿਤ ਛਕਾ ਕੇ ਜਾਤ-ਪਾਤ, ਛੂਤ-ਛਾਤ, ਊਚ-ਨੀਚ ਤੇ ਭੇਦ-ਭਾਵ ਦਾ ਫਸਤਾ ਵੱਢਣ ਦਾ ਯਤਨ ਕੀਤਾ ਸੀ। ਉਹਨਾਂ ਦਾ ਮਕਸਦ ਇੱਕ ਦੇਹ ਇੱਕ ਜਾਨ (ੰਰਅਰ;ਜਵੀ ਸਮਾਜ ਸਿਰਜਣਾ ਸੀ, ਜਿਸ ਨੂੰ ਪੰਥ ਦਾ ਨਾਂ ਦਿੱਤਾ ਗਿਆ।

ਬਾਬਾ ਬੰਦਾ ਬਹਾਦਰ ਤੱਕ ਪੰਥ ਗੁਰੂ ਸਿਧਾਂਤਾਂ ਅਨੁਸਾਰੀ ਰਿਹਾ। ਗੁਰੂ ਸਾਹਿਬ ਦੇ ਵਚਨ ਨੂੰ ਅਮਲ 'ਚ ਉਤਾਰਨ ਦਾ ਸਿਰੇ ਤੱਕ ਯਤਨ ਕੀਤਾ ਗਿਆ।

ਇਨ ਗਰੀਬ ਸਿਖਨ ਕੋ ਦਿਊਂ ਪਾਤਸ਼ਾਹੀ॥
ਯੇਹ ਯਾਦ ਰਖੈਂ ਹਮਰੀ ਗੁਰਿਆਈ॥

'ਸਿੱਖ ਇਨਕਲਾਬ' ਦੇ ਕਰਤਾ ਸ. ਜਗਜੀਤ ਸਿੰਘ, ਵਿਲੀਅਮ ਇਰਵਿਨ ਦੀ ਪੁਸਤਕ : ੰਚਪੀ ਦੇ ਹਵਾਲੇ ਨਾਲ ਲਿਖਦੇ ਹਨ ਕਿ ਸਰਹੰਦ ਫਤਿਹ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਦਾ ਗਵਰਨਰ ਬਾਬਾ ਬੀਰ ਸਿੰਘ ਰੰਘਰੇਟੇ ਨੂੰ ਬਣਾਇਆ ਸੀ ਤੇ ਅਛੂਤ ਲੋਕਾਂ ਨੂੰ ਪਿੰਡਾਂ ਦੇ ਮਾਲਕ ਬਣਾਇਆ ਸੀ। ਸੰਨ 1735 ਵਿਚ ਸ. ਕਪੂਰ ਸਿੰਘ ਨੇ ਖਾਲਸਈ ਫ਼ੌਜਾਂ ਨੂੰ ਪੰਜ ਜਥਿਆਂ ਵਿੱਚ ਵੰਡਿਆ, ਇੱਕ ਜਥੇ ਦਾ ਮੁਖੀ ਬਾਬਾ ਬੀਰ ਸਿੰਘ ਰੰਘਰੇਟਾ ਸੀ। ਮੁਕਦੀ ਗੱਲ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਮਿਸਲ ਕਾਲ ਤੱਕ ਸਿੱਖ ਲਹਿਰ ਵਿੱਚ ਦਲਿਤ ਵਰਗ ਦੀ ਵੱਡੀ ਸ਼ਮੂਲੀਅਤ ਰਹੀ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਵਿੱਤਰ ਸੀਸ ਦਿੱਲੀ ਤੋਂ ਭਾਈ ਜੈਤਾ ਜੀ ਲਿਆਏ ਸਨ। ਚਮਕੌਰ ਦੀ ਗੜ੍ਹੀ ਵਿਚ ਗੁਰੂ ਗੋਬਿੰਦ ਸਿੰਘ ਨੇ ਆਪਣੀ ਕਲਗੀ ਭਾਈ ਸੰਗਤ ਸਿੰਘ ਨੂੰ ਦਿੱਤੀ ਸੀ। ਗੁਰੂ ਸਾਹਿਬ ਨੇ ਤਲਵੰਡੀ ਸਾਬੋ ਵਿਚ ਰਫ਼ਲ ਦਾ ਨਿਸ਼ਾਨਾ ਭਾਈ ਬੀਰ ਸਿੰਘ ਅਤੇ ਧੀਰ ਸਿੰਘ ਉੱਪਰ ਪਰਖਿਆ ਸੀ। ਛੋਟੇ ਘੱਲੂਘਾਰੇ ਵਿੱਚ ਜਸਪਤ ਰਾਏ ਦਾ ਸਿਰ ਵੱਢਣ ਵਾਲਾ ਭਾਈ ਨਿਬਾਹੂ ਸਿੰਘ ਰੰਘਰੇਟਾ। ਬੋਤਾ ਸਿੰਘ ਨਾਲ ਦੂਸਰਾ ਗਰਜਾ ਸਿੰਘ ਰੰਘਰੇਟਾ ਸੀ। ਕੁਰਬਾਨੀਆਂ ਦੀ ਇਹ ਸੂਚੀ ਬਹੁਤ ਲੰਬੀ ਹੈ।

ਮਿਸਲ ਕਾਲ ਦੌਰਾਨ ਜਿਉਂ-ਜਿਉਂ ਖਾਲਸਈ ਫ਼ੌਜਾਂ ਦਾ ਜ਼ੋਰ ਵਧ ਰਿਹਾ ਸੀ, ਤਿਉਂ-ਤਿਉਂ ਖੁਦਗਰਜੀ ਅਤੇ ਸਿੱਖ ਸਿਧਾਂਤਾਂ ਦਰਮਿਆਨ ਖਾਈ ਵੀ ਵਧਦੀ ਜਾ ਰਹੀ ਸੀ। ਅਖੀਰ ਬਾਬਾ ਆਲਾ ਸਿੰਘ ਦੇ ਰਾਜ ਕਾਇਮ ਕਰਨ ਤੋਂ ਲੈ ਕੇ ਖੁਦਗਰਜ ਅਤੇ ਸੁਆਰਥੀ ਲੋਕ ਇੱਕ ਸਾਂਝੇ ਮੋਰਚੇ ਵਿੱਚ ਇਕੱਠੇ ਹੋ ਗਏ। ਉਹਨਾਂ ਨੇ ਗੁਰੂ ਨਾਲ ਜੁੜੇ ਲੋਕਾਂ ਅਤੇ ਦਲਿਤ ਵਰਗ ਨੂੰ ਪਿੱਛੇ ਧੱਕਣਾ ਸ਼ੁਰੂ ਕਰ ਦਿੱਤਾ ਸੀ। ਜੇਕਰ ਕੋਈ ਇਹਨਾਂ ਖੁਦਗਰਜ ਲੋਕਾਂ ਦਾ ਵਿਰੋਧ ਕਰਦਾ ਸੀ ਤਾਂ ਉਸ ਦਾ ਕਤਲ ਕਰ ਦਿੱਤਾ ਜਾਂਦਾ ਸੀ। ਬਾਬਾ ਬੀਰ ਸਿੰਘ ਰੰਘਰੇਟੇ ਦੀ ਪੂਰੀ ਮਿਸਲ ਸ੍ਰੀ ਅਕਾਲ ਤਖਤ 'ਤੇ ਸੱਦ ਕੇ ਤਬਾਹ ਕਰ ਦਿੱਤੀ ਸੀ। ਜਿਸ ਵਿੱਚ ਤੇਰ੍ਹਾਂ ਸੌ ਘੋੜ ਸਵਾਰ ਸਨ ਤੇ ਪੈਦਲ ਖਾਲਸੇ ਦੀ ਗਿਣਤੀ ਵੀ ਸੈਂਕੜਿਆਂ ਵਿੱਚ ਸੀ। ਰਤਨ ਸਿੰਘ ਭੰਗੂ ਅਨੁਸਾਰ :

"ਸੁਨ ਅਰਦਾਸ ਯੌਂ, ਆਯੋ ਧਾਇ। ਇਮ ਖਾਲਸੋ ਉਸ ਹੇਤ ਰਖਾਇ।
ਨਕਦ ਨਜ਼ਰਾਨੇ ਜੋ ਥੋ ਲਯਾਯੋ। ਸੋ ਭੀ ਪੰਥ ਕੈ ਆਗੈ ਲਾਯੋ।
ਔਰ ਬਿਰਾਦਰੀ ਆਨ ਮਿਲਾਈ। ਉਨ ਤੇ ਮਾਮਲੇ ਤੌਂ ਦੇਖ ਦਿਵਾਈ।
ਔਰ ਹੁਤੋ ਜੋ ਆਕੀ ਠੌਰ। ਉਨ ਪਰ ਪੰਥ ਕਰਾ ਦਈ ਦੌਰ।
ਕਈ ਮਰਵਾਇ ਕਈ ਲਏ ਬਚਾਇ। ਲੀਨੇ ਰੱਯਤ ਘਣੇ ਬਣਾਇ।''

ਸ. ਜਗਜੀਤ ਸਿੰਘ ਤੋਂ ਲੈ ਕੇ ਪ੍ਰੋ. ਕਿਸ਼ਨ ਸਿੰਘ, ਡਾ. ਜੇ.ਐੱਸ. ਗਰੇਵਾਲ, ਪ੍ਰੋ. ਹਰਿੰਦਰ ਸਿੰਘ, ਸ. ਅਜਮੇਰ ਸਿੰਘ ਤੱਕ ਸਾਰੇ ਵਿਦਵਾਨ ਇੱਕ ਮੱਤ ਹਨ ਕਿ ਮਿਸਲ ਕਾਲ ਸਮੇਂ ਜਦ ਉੱਚ ਜਾਤੀ ਵਰਗ ਦਾ ਜ਼ਮੀਨਾਂ 'ਤੇ ਕਬਜ਼ਾ ਹੋ ਗਿਆ ਅਤੇ ਬਾਅਦ ਵਿੱਚ ਉਹ ਰਾਜ ਭਾਗ ਦੇ ਮਾਲਕ ਬਣ ਗਏ ਤਾਂ ਉਹਨਾਂ ਦੇ ਮਨਾਂ ਉੱਪਰ ਖੁਦਗਰਜੀ, ਸੁਆਰਥ, ਊਚ-ਨੀਚ, ਜਾਤ-ਪਾਤ ਅਤੇ ਛੂਤ-ਛਾਤ ਨੇ ਮੁਕੰਮਲ ਗਲਬਾ ਪਾ ਲਿਆ ਸੀ। ਬਾਹਰੀ ਭੇਖ ਭਾਵੇਂ ਉਹਨਾਂ ਨੇ ਸਿੱਖੀ ਦਾ ਹੀ ਧਾਰਨ ਕੀਤਾ ਹੋਇਆ ਸੀ, ਪਰ ਸਿੱਖ ਸਿਧਾਂਤਾਂ ਨੂੰ ਉਹਨਾਂ ਨੇ ਪੂਰੀ ਤਰ੍ਹਾਂ ਤਿਲਾਂਜਲੀ ਦੇ ਦਿੱਤੀ ਸੀ। ਆਮ ਦਲਿਤ ਨੂੰ ਤਾਂ ਉਹਨਾਂ ਨੇ ਕੀ ਉੱਚਾ ਚੁੱਕਣਾ ਸੀ, ਬਲਕਿ ਸਿੱਖੀ ਨਾਲ ਜੁੜੇ ਦਲਿਤ ਵਰਗ ਨੂੰ ਵੀ ਉਸ ਦਰਜੇ ਤੱਕ ਪਿੱਛੇ ਧੱਕ ਦਿੱਤਾ ਸੀ, ਜਿੱਥੋਂ ਗੁਰੂ ਸਾਹਿਬ ਨੇ ਉਹਨਾਂ ਨੂੰ ਕੱਢਿਆ ਸੀ।

ਡਾ. ਫੌਜਾ ਸਿੰਘ ਅਨੁਸਾਰ, "ਮਹਾਰਾਜਾ ਰਣਜੀਤ ਸਿੰਘ ਦੇ 'ਖਾਲਸਾ ਰਾਜ' ਵਿੱਚ ਦਲਿਤ ਵਰਗ ਕੋਲ ਕੋਈ ਜ਼ਮੀਨ ਜਾਇਦਾਦ ਨਹੀਂ ਸੀ। ਉਸ ਨਾਲ ਉਹੀ ਸਲੂਕ ਕੀਤਾ ਜਾਂਦਾ ਸੀ ਜੋ ਬਾਕੀ ਹਿੰਦੂ ਸਮਾਜ ਵਿੱਚ ਉਸ ਨਾਲ ਕੀਤਾ ਜਾਂਦਾ ਸੀ।''1

ਪਿੰਡਾਂ ਵਿੱਚ ਦਲਿਤ ਵਰਗ ਨੂੰ ਕੁੱਤਿਆਂ ਬਿੱਲਿਆਂ ਵਾਂਗ ਦੁਰਕਾਰਿਆ ਜਾਣ ਲੱਗਾ। ਸਿੱਖੀ ਨਾਲ ਜੁੜੇ ਦਲਿਤਾਂ ਨੂੰ ਗੁਰਦੁਆਰੇ ਅੰਦਰ ਦਾਖਲ ਨਹੀਂ ਹੋਣ ਦਿੱਤਾ ਜਾਂਦਾ ਸੀ। ਉਹਨਾਂ ਨੂੰ ਖੂਹਾਂ ਤੋਂ ਪਾਣੀ ਨਹੀਂ ਭਰਨ ਦਿੱਤਾ ਜਾਂਦਾ ਸੀ। ਉਹਨਾਂ ਕੋਲੋਂ ਵਗਾਰ (ਮੁਫ਼ਤ ਕੰਮ) ਲਿਆ ਜਾਂਦਾ ਸੀ। ਇੱਥੋਂ ਤੱਕ ਸ੍ਰੀ ਦਰਬਾਰ ਸਾਹਿਬ ਵਿੱਚ ਉਹਨਾਂ ਦਾ ਦਾਖਲਾ ਬੰਦ ਹੋ ਗਿਆ ਸੀ। ਜਦ ਪੰਜਾਬ ਵਿੱਚ 1870 ਤੋਂ ਬਾਅਦ ਆਰੀਆ ਸਮਾਜ ਲਹਿਰ ਪੈਦਾ ਹੋਈ ਤਾਂ ਉਹਨਾ ਨੇ ਦਲਿਤਾਂ ਨੂੰ ਸ਼ੁੱਧ ਕਰਕੇ ਆਰੀਆ ਸਮਾਜ ਵਿੱਚ ਸ਼ਾਮਲ ਕਰਨਾ ਸ਼ੁਰੂ ਕਰ ਦਿੱਤਾ। ਇਸ ਦੇ ਨਾਲ ਹੀ ਈਸਾਈ ਪਾਦਰੀਆਂ ਵਲੋਂ ਦਲਿਤ ਵਰਗ ਨੂੰ ਈਸਾਈ ਧਰਮ ਵਿੱਚ ਸ਼ਾਮਲ ਕਰਨਾ ਸ਼ੁਰੂ ਕਰ ਦਿੱਤਾ। ਸਿੱਖ ਸਮਾਜ ਤੋਂ ਦੁਰਕਾਰੇ ਵਰਗ ਵਲੋਂ ਇਸ ਧਰਮ ਦਾ ਆਸਰਾ ਲੈਣ ਤੋਂ ਵਗੈਰ ਹੋਰ ਕੋਈ ਚਾਰਾ ਵੀ ਨਹੀਂ ਸੀ। ਕਿਉਂਕਿ ਇਹ ਹਾਕਮਾਂ (ਅੰਗਰੇਜ਼ਾਂ) ਦਾ ਧਰਮ ਹੋਣ ਕਰਕੇ, ਉਹਨਾਂ ਨੂੰ ਸਮਾਜਕ ਸੁਰੱਖਿਆ ਮਿਲਦੀ ਸੀ। ਸ੍ਰੀ ਦਰਬਾਰ ਸਾਹਿਬ ਸਮੇਤ ਉਹ ਗੁਰਦੁਆਰਿਆਂ ਵਿੱਚ ਜਾ ਸਕਦੇ ਹਨ, ਅੰਗਰੇਜ਼ਾਂ ਦੇ ਡੰਡੇ ਤੋਂ ਡਰਦਾ ਕੋਈ ਜੱਟ/ਸਿੱਖ ਕੁਸਕਦਾ ਨਹੀਂ ਸੀ। ਦਲਿਤ ਵਰਗ ਦੇ ਇਸ ਤਰ੍ਹਾਂ ਸਿੱਖ ਧਰਮ ਛੱਡਣ ਨਾਲ ਸਿੱਖਾਂ ਦੇ ਉਸ ਪਤਵੰਤੇ ਵਰਗ ਅੰਦਰ ਚਿੰਤਾ ਪੈਦਾ ਹੋ ਗਈ ਜਿਹਨਾਂ ਨੇ ਪੱਛਮੀ ਵਿੱਦਿਆ ਪੜ੍ਹੀ ਹੋਈ ਸੀ ਤੇ ਜਿਹਨਾਂ 'ਤੇ ਮੌਡਰਨਿਟੀ ਦਾ ਪ੍ਰਭਾਵ ਸੀ। ਇਸ ਦੀ ਬਦੌਲਤ 1873 ਵਿੱਚ ਸਿੰਘ ਸਭਾ ਲਹਿਰ ਪੈਦਾ ਹੋਈ, ਜਿਸ ਦਾ ਮੁੱਖ ਕਾਰਜ ਤਾਂ ਭਾਵੇਂ 'ਹਮ ਹਿੰਦੂ ਨਹੀਂ' ਦੀਆਂ ਟਰਮਾਂ 'ਚ ਸਿੱਖਾਂ ਦੀ ਵੱਖਰੀ ਪਛਾਣ ਕਾਇਮ ਕਰਨਾ ਸੀ, ਪਰ ਦੁਜੈਲਾ ਕੰਮ ਸਿੱਖ ਸਮਾਜ 'ਚੋਂ ਦਲਿਤਾਂ ਪ੍ਰਤੀ ਛੂਤ-ਛਾਤ ਦੂਰ ਕਰਨਾ ਵੀ ਸੀ (ਜਾਤ-ਪਾਤ ਖ਼ਤਮ ਕਰਨਾ ਨਹੀਂ)। ਭਾਵੇਂ ਸਿੱਖ ਸਿਧਾਂਤਾਂ ਅਨੁਸਾਰ ਕੋਈ ਵੀ ਇਨਸਾਨ ਸ਼ੁੱਧ ਜਾਂ ਅਸ਼ੁੱਧ ਨਹੀਂ ਹੈ, ਸਾਰੇ ਰਾਮ ਦੀ ਅੰਸ਼ ਹਨ, ਏਕ ਨੂਰ ਤੋਂ ਪੈਦਾ ਹੋਏ ਹਨ ਪਰ ਫਿਰ ਵੀ ਸਿੰਘ ਸਭਾ ਵਾਲਿਆਂ ਨੇ ਜੱਟਾਂ ਦੀ ਕ੍ਰੋਪੀ ਤੋਂ ਬਚਣ ਲਈ ਆਰੀਆ ਸਮਾਜ ਦੀ ਤਰਜ 'ਤੇ ਦਲਿਤ ਸਿੱਖਾਂ ਨੂੰ ਅੰਮ੍ਰਿਤ ਛਪਾ ਕੇ 'ਸ਼ੁੱਧ' ਕਰਨਾ ਸ਼ੁਰੂ ਕਰ ਦਿੱਤਾ। ਅੰਮ੍ਰਿਤ ਛਕਣ ਦੇ ਬਾਵਜੂਦ ਵੀ ਦਲਿਤ ਸਿੱਖ ਸਮਾਜ 'ਚ ਅਭੇਦ ਨਾ ਹੋ ਸਕੇ, ਉਹਨਾਂ ਦੀ ਪਛਾਣ, ਮਜ਼੍ਹਬੀ ਸਿੱਖ, ਰਵਿਦਾਸੀਏ ਸਿੱਖ, ਜੁਲਾਹੇ ਸਿੱਖ, ਰਾਏ ਸਿੱਖ, ਰਹਿਤੀਏ ਸਿੱਖ ਆਦਿ ਵਜੋਂ ਪੱਕੀ ਹੋ ਗਈ।

1892 ਵਿੱਚ ਇੰਡੀਅਨ ਕੌਂਸਲਜ਼ ਐਕਟ ਪਾਸ ਹੋਣ ਤੋਂ ਬਾਅਦ ਹਿੰਦੂ ਅਤੇ ਸਿੱਖ ਸਮਾਜ ਵਿੱਚ ਦਲਿਤਾਂ ਨੂੰ ਆਪੋ-ਆਪਣੇ ਪਾਸੇ ਖਿੱਚਣ ਦੀ ਰਾਜਸੀ ਗੇਮ ਸ਼ੁਰੂ ਹੋ ਗਈ, ਕਿਉਂਕਿ ਆਬਾਦੀ ਦੇ ਲਿਹਾਜ ਨਾਲ ਸੀਟਾਂ ਮਿਲਦੀਆਂ ਸਨ। ਇਸ ਕਰਕੇ ਚੀਫ਼ ਖਾਲਸਾ ਵੀ ਦਲਿਤ ਸਿੱਖਾਂ ਨੂੰ ਅੰਮ੍ਰਿਤ ਛਕਾਉਣ ਲਈ ਮੈਦਾਨ ਵਿੱਚ ਆ ਗਿਆ। ਗਿ. ਹੀਰਾ ਸਿੰਘ ਦਰਦ ਅਨੁਸਾਰ, "ਚੀਫ਼ ਖਾਲਸਾ ਨੇ ਦਲਿਤਾਂ ਨੂੰ ਅੰਮ੍ਰਿਤ ਛਕਾਉਣ ਲਈ ਤਨਖ਼ਾਹਦਾਰ ਨੌਕਰ ਰੱਖੇ ਹੋਏ ਸਨ। ਉਹ ਨੌਕਰ ਦਲਿਤਾਂ ਨੂੰ ਅੰਮ੍ਰਿਤ ਤਾਂ ਛਕਾ ਦਿੰਦੇ ਸਨ ਪਰ ਉਹਨਾਂ ਦਾ ਲੰਗਰ ਨਹੀਂ ਛਕਦੇ ਸੀ। ਚੀਫ਼ ਖਾਲਸਾ ਨੇ ਸਕੂਲ ਖੋਲ੍ਹੇ ਹੋਏ ਸਨ, ਪਰ ਉਹਨਾਂ ਵਿੱਚ ਦਲਿਤ ਬੱਚਿਆਂ ਨੂੰ ਦਾਖਲ ਨਹੀਂ ਕੀਤਾ ਜਾਂਦਾ ਸੀ। ਚੀਫੀਏ ਪਤਵੰਤਿਆਂ ਦਾ ਕਹਿਣਾ ਸੀ ਇਸ ਤਰ੍ਹਾਂ ਲੋਕ ਨਰਾਜ ਹੁੰਦੇ ਹਨ ਤੇ ਸਾਨੂੰ ਚੰਦੇ ਨਹੀਂ ਦਿੰਦੇ।''2

ਇਸ ਪਾਸੇ ਪੰਚ ਖਾਲਸਾ ਦੀਵਾਨ ਭਸੌੜ ਦੇ ਬਾਬੂ ਤੇਜਾ ਸਿੰਘ ਨੇ ਵੀ ਯਤਨ ਸ਼ੁਰੂ ਕਰ ਦਿੱਤੇ ਸਨ। ਪੰਚ ਖਾਲਸਾ ਦੀਵਾਨ ਨੇ 14 ਜੂਨ 1903 ਇੱਕ ਹਾੜ੍ਹ ਸੰਮਤ 1960 ਬਿ: ਨੂੰ ਫਿਲੌਰ ਨੇੜੇ ਬੱਕਾਪੁਰ ਪਿੰਡ ਵਿੱਚ ਅੰਮ੍ਰਿਤ ਸੰਚਾਰ ਸਮਾਗਮ ਰੱਖਿਆ, ਜਿਸ ਵਿੱਚ ਸਿੱਖੀ ਦੇ ਸ਼ਰਧਾਲੂ ਬਣੇ ਮੌਲਵੀ ਕਰੀਮ ਬਖ਼ਸ਼ ਅਤੇ ਉਸ ਦੇ ਪਰਿਵਾਰ ਨੂੰ ਅੰਮ੍ਰਿਤ ਛਕਾ ਕੇ ਸਿੱਖ ਸਜਾਉਣਾ ਸੀ। ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ ਵਿੱਚ ਸ਼ਾਮਲ ਸਨ :

1. ਸੰਤ ਤੇਜਾ ਸਿੰਘ ਮਸਤੂਆਣਾ
2. ਭਾਈ ਤਖਤ ਸਿੰਘ ਫਿਰੋਜ਼ਪੁਰ
3. ਭਾਈ ਬਸੰਤ ਸਿੰਘ ਬੱਪੀਆਣਾ (ਪਟਿਆਲਾ)
4. ਭਾਈ ਸੋਹਣ ਸਿੰਘ ਗੁੱਜਰਖਾਨ
5. ਭਾਈ ਅਮਰ ਸਿੰਘ ਘੁਮਾਣ (ਲੁਧਿ.)।

ਇਸ ਸਮਾਗਮ ਵਿੱਚ ਕੁੱਲ 35 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। 3

ਮੌਲਵੀ ਕਰੀਮ ਬਖ਼ਸ਼ ਦਾ ਨਾਂ ਲਖਮੀਰ ਸਿੰਘ ਰੱਖਿਆ ਗਿਆ ਤੇ ਉਸ ਦੇ ਪੁੱਤਰ ਮੁਨਸ਼ੀ ਰੁਕਨਦੀਨ ਦਾ ਨਾਂ ਭਾਈ ਮਹਿਤਾਬ ਸਿੰਘ ਰੱਖਿਆ ਗਿਆ।

## ਖਾਲਸਾ ਬਿਰਾਦਰੀ

ਅੰਮ੍ਰਿਤ ਛਕ ਕੇ ਰਹਿਤੀਏ ਸਿੱਖ ਬਣ ਚੁੱਕੇ ਰਵਿਦਾਸੀਏ ਭਾਈਚਾਰੇ ਦੇ ਕੁਝ ਬੰਦਿਆਂ ਵਲੋਂ 'ਖਾਲਸਾ ਬਿਰਾਦਰੀ' ਦਾ ਗਠਨ ਕੀਤਾ ਗਿਆ ਸੀ। ਖਾਲਸਾ ਬਿਰਾਦਰੀ ਦੇ ਆਗੂ ਲੱਖਾ ਸਿੰਘ ਬਜਾਜ ਪਿੰਡ ਜੰਡੂ ਸਿੰਘਾਂ (ਜਲੰਧਰ) ਸਨ। ਇਹ ਬਿਰਾਦਰੀ ਵੱਖ-ਵੱਖ ਦਲਿਤ ਜਾਤੀਆਂ ਨੂੰ ਅੰਮ੍ਰਿਤ ਛਕਾ ਕੇ ਸਿੱਖੀ ਨਾਲ ਜੋੜਨ ਦਾ ਯਤਨ ਕਰ ਰਹੀ ਸੀ। ਪਿੰਡ ਬੱਕਾਪੁਰ ਵਿੱਚ ਜੋ ਮੁਸਲਮਾਨ ਪਰਿਵਾਰ ਸਿੰਘ ਸਜਿਆ ਸੀ, ਉਸ ਨੂੰ ਪਿੰਡ ਦੇ ਜੱਟ ਭਾਈਚਾਰੇ ਨੇ ਪ੍ਰਵਾਨ ਨਾ ਕੀਤਾ, ਉਹ ਮੁਸਲੇ ਦੇ ਮੁਸਲੇ ਹੀ ਰਹੇ। ਇਹ ਪਰਿਵਾਰ ਸ੍ਰੀ ਅੰਮ੍ਰਿਤਸਰ ਰਹਿਣ ਲੱਗ ਪਿਆ, ਪਰ ਉੱਥੇ ਵੀ ਉੱਚ ਜਾਤੀ ਸਿੱਖਾਂ ਵਲੋਂ ਇਹਨਾਂ ਨੂੰ ਅਭੇਦ ਨਾ ਕੀਤਾ ਗਿਆ। ਅਖੀਰ ਇਹ ਪਰਿਵਾਰ ਖਾਲਸਾ ਬਿਰਾਦਰੀ 'ਚ ਸ਼ਾਮਲ ਹੋ ਗਿਆ। ਮੌਲਵੀ ਕਰੀਮ ਬਖ਼ਸ਼ ਤੋਂ ਲਖਮੀਰ ਸਿੰਘ ਬਣੇ ਸੱਜਣ ਦੇ ਪੁੱਤਰ ਮਹਿਤਾਬ ਸਿੰਘ ਨੇ ਆਪਣੇ ਨਾਂ ਨਾਲ 'ਬੀਰ' ਤਖ਼ੱਲਸ ਜੋੜ ਲਿਆ ਅਤੇ ਉਸ ਨੇ 'ਬੀਰ' ਨਾਂ ਦਾ ਅਖ਼ਬਾਰ ਕੱਢਣਾ ਸ਼ੁਰੂ ਕਰ ਦਿੱਤਾ। ਇਸੇ ਦੌਰਾਨ 1908 ਵਿੱਚ ਮਜ਼੍ਹਬੀ ਸਿੱਖਾਂ ਵਲੋਂ ਬਾਬਾ ਜੀਵਨ ਸਿੰਘ ਮਜ਼੍ਹਬੀ ਸਿੱਖ ਦਲ ਦੀ ਸਥਾਪਨਾ ਕੀਤੀ ਗਈ। ਇਹ ਦੋਨੋਂ ਜਥੇਬੰਦੀਆਂ, ਖਾਲਸਾ ਬਿਰਾਦਰੀ ਅਤੇ ਮਜ਼੍ਹਬੀ ਸਿੱਖ ਦਲ ਦਲਿਤ ਵਰਗ ਨੂੰ ਸਨਮਾਨਯੋਗ ਥਾਂ ਦਿਵਾਉਣ ਲਈ ਪੂਰੀ ਤਨਦੇਹੀ ਨਾਲ ਸਰਗਰਮ ਹੋ ਗਈਆਂ। ਇਸ ਨਾਲ ਸਾਂਝੇ ਪੰਜਾਬ ਦੇ ਦਲਿਤ ਵਰਗ ਅੰਦਰ ਉਤਸ਼ਾਹ ਦੀ ਇੱਕ ਤਰੰਗ ਪੈਦਾ ਹੋ ਗਈ। ਸਿੱਟੇ ਵਜੋਂ ਖਾਲਸਾ ਬਿਰਾਦਰੀ ਵਲੋਂ 10-11-12 ਅਕਤੂਬਰ, 1920 ਨੂੰ ਸ੍ਰੀ ਅੰਮ੍ਰਿਤਸਰ ਦੇ ਜੱਲਿਆਂ ਵਾਲਾ ਬਾਗ ਵਿੱਚ ਇੱਕ ਤਿੰਨ ਰੋਜਾ ਦੀਵਾਨ ਰੱਖਿਆ ਗਿਆ। ਦੀਵਾਨ ਵਿੱਚ ਮਹਿਤਾਬ ਸਿੰਘ ਬੀਰ, ਲੱਖਾ ਸਿੰਘ ਬਜਾਜ, ਗਿ. ਬਹਾਦਰ ਸਿੰਘ ਆਜਜ (ਸਿਆਲਕੋਟੀ), ਪਾਲਾ ਸਿੰਘ ਬਰਨਾਲਾ ਤੇ ਮਜ਼੍ਹਬੀ ਸਿੱਖ ਦਲ ਦੇ ਜਥੇ. ਢੇਰਾ ਸਿੰਘ ਤੋਂ ਇਲਾਵਾ ਸੈਂਕੜੇ ਦਲਿਤ ਸ਼ਾਮਲ ਸਨ।4 ਇਸ ਦੀਵਾਨ ਦਾ ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀਆਂ ਅਤੇ ਸ਼ਹਿਰ ਦੇ ਸਨਾਤਨੀ ਸਿੱਖਾਂ ਵਲੋਂ ਡਟਵਾਂ ਵਿਰੋਧ ਕੀਤਾ ਗਿਆ। ਦੀਵਾਨ ਦੇ ਚਸ਼ਮਦੀਦ ਗਵਾਹ ਮਿਹਰ ਸਿੰਘ ਰਵੇਲ ਅਨੁਸਾਰ, "ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀਆਂ, ਪੁਜਾਰੀਆਂ ਅਤੇ ਸ਼ਹਿਰ ਦੇ ਸਨਾਤਨੀ ਸਿੱਖਾਂ ਨੇ ਇਸ ਦੀਵਾਨ ਦੇ ਕਾਮਯਾਬ ਹੋਣ ਵਿੱਚ ਰੋਕ ਪਾਈ। ਇਸ ਦੀਵਾਨ ਦੇ ਮੁੱਖ ਪ੍ਰਬੰਧਕ ਭਾਈ ਮਹਿਤਾਬ ਸਿੰਘ ਬੀਰ ਨੇ ਮੈਨੂੰ ਕਿਹਾ "ਸਾਡੇ ਦੀਵਾਨ ਦੀ ਵਿਰੋਧਤਾ ਬਹੁਤ ਹੋ ਰਹੀ ਹੈ, ਤੁਸੀਂ ਸਰਦਾਰ ਸੁੰਦਰ ਸਿੰਘ ਮਜੀਠੀਆ ਨੂੰ ਕਹੋ ਕਿ ਸਾਡੀ ਮਦਦ ਕਰਨ।'' ਮੈਂ ਮਜੀਠਾ ਹਾਊਸ ਜਾ ਕੇ ਸਰਦਾਰ ਜੀ ਨੂੰ ਸਾਰਾ ਹਾਲ ਕਹਿ ਸੁਣਾਇਆ। ਸਰਦਾਰ ਜੀ ਨੇ ਕਿਹਾ, "ਬੀਰ ਜੀ ਨੂੰ ਕਹਿ ਦਿਉ ਅੱਜ (11 ਅਕਤੂਬਰ, 1920) ਦੇ ਦੀਵਾਨ ਵਿੱਚ ਗੁਰੂ ਦੀਆਂ ਸੰਗਤਾਂ ਪਹੁੰਚ ਜਾਣਗੀਆਂ।'' ਮੈਂ ਇਹ ਸੁਨੇਹਾ ਬੀਰ ਜੀ ਨੂੰ ਪਹੁੰਚਾ ਦਿੱਤਾ। ਸਰਦਾਰ ਜੀ ਤਦੋਂ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਚੀਫ਼ ਖਾਲਸਾ ਦੀਵਾਨ ਦੇ ਸਕੱਤਰ ਸਨ। ਉਹ ਕਾਲਜ ਦੀ ਸਾਰੀ ਸੰਗਤ ਲੈ ਕੇ ਜੱਲਿਆਂ ਵਾਲਾ ਬਾਗ ਪਹੁੰਚ ਗਏ। ਲੋਕ ਵੀ ਭਾਰੀ ਗਿਣਤੀ ਵਿੱਚ ਇਹ ਅਚੰਭਾ ਵੇਖਣ ਲਈ ਜੱਲਿਆਂ ਵਾਲਾ ਬਾਗ ਗਏ। ਦੀਵਾਨ ਬੜਾ ਕਾਮਯਾਬ ਹੋਇਆ। ਪ੍ਰੋਫ਼ੈਸਰ ਬਾਵਾ ਹਰਕਿਸ਼ਨ ਸਿੰਘ, ਪ੍ਰੋਫ਼ੈਸਰ ਤੇਜਾ ਸਿੰਘ ਅਤੇ ਪੰਡਿਤ ਦੀਨਾ ਨਾਥ ਦੇ ਵੀ ਲੈਕਚਰ ਹੋਏ। ਖਾਲਸਾ ਬਿਰਾਦਰੀ ਦੇ ਸਿੰਘਾਂ ਦੇ ਹੌਂਸਲੇ ਵਧ ਗਏ। ਇਹਨਾਂ ਨੇ ਫ਼ੈਸਲਾ ਕੀਤਾ, "ਕੁਝ ਵੀ ਹੋਵੇ'' ਅਗਲੇ ਦਿਨ (12 ਅਕਤੂਬਰ, 1920) ਕੜਾਹਿ ਪ੍ਰਸਾਦਿ ਦੀ ਦੇਗ ਲੈ ਕੇ ਵੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਚੜ੍ਹਾਉਣਗੇ।''5

ਪ੍ਰੋਫ਼ੈਸਰ ਤੇਜਾ ਸਿੰਘ ਅਨੁਸਾਰ, "12 ਅਕਤੂਬਰ, 1920 ਨੂੰ ਅੰਮ੍ਰਿਤਸਰ ਦੀ ਖਾਲਸਾ ਬਰਾਦਰੀ ਨੇ ਆਪਣਾ ਵਾਰਸ਼ਿਕ ਦੀਵਾਨ ਜੱਲਿਆਂ ਵਾਲਾ ਬਾਗ ਵਿੱਚ ਰੱਖਿਆ ਅਤੇ ਐਲਾਨ ਕੀਤਾ ਕਿ ਉੱਥੇ ਨੀਵੀਆਂ ਅਖਵਾਉਣ ਵਾਲੀਆਂ ਜਾਤੀਆਂ ਵਲੋਂ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾ ਕੇ ਅਭੇਦ ਵਰਤਾਇਆ ਜਾਵੇਗਾ ਅਤੇ ਉਪਰੰਤ ਉਹਨਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਾਏ ਜਾਣਗੇ। ਇਸ ਦੇ ਉਲਟ, ਦਰਬਾਰ ਸਾਹਿਬ ਦੇ ਪੁਜਾਰੀਆਂ ਵਲੋਂ ਢੰਡੋਰਾ ਫਿਰਾਇਆ ਗਿਆ ਕਿ ਉਸ ਦੀਵਾਨ ਵਿੱਚ ਕੋਈ ਸਿੱਖ ਨਾ ਜਾਵੇ। ਜਿਹੜੇ ਜਾਣਗੇ ਉਹ ਅਧਰਮਤਾ ਦੇ ਭਾਗੀ ਹੋਣਗੇ। ਇਹ ਸੁਣ ਕੇ ਲੋਕੀ ਤ੍ਰਹਿ ਗਏ ਅਤੇ ਜਿਹਨਾਂ ਰਾਗੀਆਂ ਤੇ ਪ੍ਰਚਾਰਕਾਂ ਨੇ ਦੀਵਾਨ ਵਿੱਚ ਆਉਣਾ ਮੰਨਿਆ ਸੀ, ਉਹ ਵੀ ਕਤਰਾ ਗਏ। ਜਦ ਮੈਨੂੰ ਤੇ ਬਾਵਾ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਅਸੀਂ ਕਾਲਜ ਵਿੱਚ ਛੁੱਟੀ ਕਰਵਾ ਕੇ ਆਪਣੇ ਸਾਥੀ ਪ੍ਰੋਫ਼ੈਸਰਾਂ ਅਤੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਉਸ ਦੀਵਾਨ ਵਿੱਚ ਹਾਜ਼ਰ ਹੋ ਗਏ। ਉੱਥੇ ਵਖਿਆਨ ਹੋਏ ਅਤੇ ਅੰਮ੍ਰਿਤ ਪ੍ਰਚਾਰ ਹੋਇਆ। ਨਾਲ ਹੀ ਐਲਾਨ ਕੀਤਾ ਗਿਆ ਕਿ ਜਿਹਨਾਂ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ ਹੈ, ਉਹਨਾਂ ਨੂੰ ਕੱਲ੍ਹ ਅੱਠ ਵਜੇ ਸਵੇਰੇ ਸ੍ਰੀ ਹਰਿਮੰਦਰ ਸਾਹਿਬ ਲਿਜਾ ਕੇ ਅਭੇਦ ਵਰਤਾਇਆ ਜਾਵੇਗਾ। ਪੁਜਾਰੀਆਂ ਵਲੋਂ ਸੁਨੇਹਾ ਕਿ ਅੱਠ ਦੀ ਥਾਂ ਨੌਂ ਵਜੇ ਉਪਰੰਤ ਆਓ ਅਤੇ ਖਾਲਸਾ ਬ੍ਰਾਦਰੀ ਵਾਲਿਆਂ ਨੂੰ ਸਾਹਮਣੇ ਦਰਵਾਜਿਓਂ ਨਾ ਅੰਦਰ ਲਿਆਉਣਾ, ਪਹਾੜ ਵਾਲੀ ਬਾਹੀ ਵਲੋਂ ਲਿਆਉਣਾ। ਅਸੀਂ ਕਿਹਾ ਕਿ ਉਹ ਅੱਠ ਵਜੇ ਹੀ ਆਉਣਗੇ ਅਤੇ ਸਾਹਮਣੇ ਦਰਵਾਜਿਓਂ ਹੀ ਅੰਦਰ ਵੜਨਗੇ। ਦੂਜੇ ਦਿਨ ਇਉਂ ਹੀ ਕੀਤਾ ਗਿਆ।''6

12 ਅਕਤੂਬਰ ਨੂੰ ਸਵੇਰੇ ਸੰਗਤ ਕੜਾਹਿ ਪ੍ਰਸਾਦਿ ਦੀ ਦੇਗ ਲੈ ਕੇ ਸ੍ਰੀ ਦਰਬਾਰ ਸਾਹਿਬ ਪਹੁੰਚੀ। ਕੜਾਹ ਪ੍ਰਸਾਦਿ ਵਾਲੀ ਪਰਾਂਤ ਗੁਰਬਖ਼ਸ਼ ਸਿੰਘ ਰਾਹੀ ਦੇ ਪਿਤਾ ਸ. ਪਾਲਾ ਸਿੰਘ ਬਰਨਾਲਾ ਦੇ ਸਿਰ ਉੱਪਰ ਰੱਖੀ ਹੋਈ ਸੀ। ਪੁਜਾਰੀਆਂ ਨੇ ਅਰਦਾਸ ਕਰਨ ਤੋਂ ਇਨਕਾਰ ਕਰ ਦਿੱਤਾ। ਸੰਗਤ ਵਲੋਂ ਪ੍ਰੋਫ਼ੈਸਰ ਬਾਵਾ ਹਰਕਿਸ਼ਨ ਸਿੰਘ ਨੂੰ ਅਰਦਾਸ ਕਰਨ ਦੀ ਬੇਨਤੀ ਕੀਤੀ ਗਈ। ਉਹਨਾਂ ਨੇ ਅਰਦਾਸ ਕੀਤੀ। ਹੈੱਡ ਗ੍ਰੰਥੀ ਭਾਈ ਗੁਰਬਚਨ ਸਿੰਘ ਨੇ ਗੁਰਵਾਕ ਲਿਆ, ਜੋ ਇਸ ਤਰ੍ਹਾਂ ਸੀ :

ਸੋਰਠਿ ਮ: ੩ ਦੁਤੁਕੀ

ਨਿਰਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥

ਕਈ ਸੱਜਣ ਕਹਿ ਦਿੰਦੇ ਹਨ ਕਿ ਇਸ ਸੰਗਤ ਦੀ ਅਗਵਾਈ ਜਥੇ. ਕਰਤਾਰ ਸਿੰਘ ਝੱਬਰ ਤੇ ਉਸ ਦੇ ਜਥੇ ਨੇ ਕੀਤੀ ਸੀ, ਪ੍ਰੋਫ਼ੈਸਰ ਬਾਵਾ ਹਰਕਿਸ਼ਨ ਸਿੰਘ ਅਨੁਸਾਰ ਜਥੇਦਾਰ ਝੱਬਰ ਅਤੇ ਤੇਜਾ ਸਿੰਘ ਚੂਹੜਕਾਣਾ ਤਾਂ ਉਦੋਂ ਸ੍ਰੀ ਦਰਬਾਰ ਸਾਹਿਬ ਵਿੱਚ ਆਏ ਸਨ, ਜਦ ਉਹ ਅਰਦਾਸ ਕਰ ਰਹੇ ਸਨ।7

ਇਸ ਦੀ ਪੁਸ਼ਟੀ ਗਿ. ਨਰੈਣ ਸਿੰਘ ਐੱਮ.ਏ. ਵੀ ਕਰਦੇ ਹਨ, "ਝੱਬਰ ਤੇ ਭਾਈ ਤੇਜਾ ਸਿੰਘ ਚੂਹੜਕਾਣਾ ਜਦ ਬਟਾਲੇ ਸਟੇਸ਼ਨ 'ਤੇ ਚੂਹੜਕਾਣੇ ਦੀਆਂ ਟਿਕਟਾਂ ਖ਼ਰੀਦਣ ਲੱਗੇ ਤਾਂ ਭੁੱਚਰ ਜੀ ਨੇ ਇਹਨਾਂ ਨੂੰ ਪਿਛਾਂਹ ਹਟਾ ਕੇ ਇਹਨਾਂ ਦੀਆਂ ਤੇ ਆਪਣੀ ਟਿਕਟ ਭੀ ਅੰਮ੍ਰਿਤਸਰ ਜੀ ਦੀਆਂ ਲੈ ਲਈਆਂ। ਛੇ ਵਜੇ ਸਵੇਰੇ ਗੱਡੀ ਚੱਲੀ। ਅੰਮ੍ਰਿਤਸਰ ਸਟੇਸ਼ਨ 'ਤੇ ਪੁੱਜੇ। ਉੱਥੋਂ ਪੈਦਲ ਚੱਲ ਕੇ ਜਦ ਮਾਈ ਸੇਵਾ ਬਜ਼ਾਰ ਵਿਚ ਪੁੱਜੇ ਤਾਂ ਅੱਗੇ ਬਜ਼ਾਰ ਵਿੱਚ ਇਹਨਾਂ ਨੂੰ ਮਾਸਟਰ ਚੰਦਾ ਸਿੰਘ ਜੀ ਪੰਥ ਸੇਵਕ ਅਖ਼ਬਾਰ ਦੇ ਐਡੀਟਰ ਮਿਲੇ ਅਤੇ ਉਹਨਾਂ ਨੇ ਬੜੇ ਉਤਾਵਲੇ ਹੋ ਕੇ ਆਖਿਆ, ਝੱਬਰ ਜੀ ਆਪ ਸਬੱਬ ਨਾਲ ਆ ਗਏ ਹੋ, ਇਸ ਵੇਲੇ ਤੁਹਾਡੀ ਉਮਤ (ਝੱਬਰ ਜੀ ਸ਼ੁੱਧੀ ਦਾ ਪ੍ਰਚਾਰ ਬਹੁਤ ਕਰਦੇ ਹੁੰਦੇ ਸੀ। ਜੋ ਸ਼ੁੱਧ ਹੁੰਦੇ ਸਨ ਉਹਨਾਂ ਵੱਲ ਇਸ਼ਾਰਾ ਕਰਕੇ) ਦਰਬਾਰ ਸਾਹਿਬ ਕੜਾਹ ਪ੍ਰਸਾਦਿ ਲੈ ਕੇ ਗਈ ਹੈ ਪਰ ਪੁਜਾਰੀ ਉਹਨਾਂ ਨੂੰ ਅੰਦਰ ਨਹੀਂ ਵੜਨ ਦਿੰਦੇ। ਇਹ ਸੁਣਦੇ ਹੀ ਇਹਨਾਂ ਆਪਣੇ ਜੋੜੇ ਇਹਨਾਂ ਪ੍ਰੇਮੀਆਂ ਦੀ ਦੁਕਾਨ 'ਤੇ ਸੁੱਟੇ ਅਤੇ ਦੌੜ ਕੇ ਸ੍ਰੀ ਦਰਬਾਰ ਸਾਹਿਬ ਪੁੱਜੇ। ਹਜੂਮ ਵਿੱਚੋਂ ਲੰਘ ਕੇ ਇਹ ਸ੍ਰੀ ਦਰਬਾਰ ਸਾਹਿਬ ਵਿੱਚ ਬੈਠੀ ਸੰਗਤ ਦੇ ਅੱਗੇ ਜਾ ਬੈਠੇ।''8

ਇਸ ਤੋਂ ਬਾਅਦ ਸੰਗਤ ਸ੍ਰੀ ਅਕਾਲ ਤਖਤ 'ਤੇ ਪਹੁੰਚ ਗਈ। ਜਥੇ. ਕਰਤਾਰ ਸਿੰਘ ਝੱਬਰ ਹੋਰਾਂ ਨੇ ਪੁਜਾਰੀਆਂ ਨੂੰ ਕੜਾ ਪ੍ਰਸਾਦਿ ਦੀ ਅਰਦਾਸ ਕਰਨ ਲਈ ਕਿਹਾ ਪਰ ਉਹਨਾਂ ਨੇ ਇਨਕਾਰ ਕਰ ਦਿੱਤਾ। ਇਸ 'ਤੇ ਝੱਬਰ ਨੇ ਕਿਹਾ ਕਿ ਅਸੀਂ ਜੱਟ ਹੁੰਨੇ ਆਂ ਮਾਰਨਖੰਡੀ ਗਾਂ ਨੂੰ ਵੀ ਨਿਆਣਾ ਪਾ ਕੇ ਚੋਅ ਲੈਂਦੇ ਹਾਂ। ਗਰਮਾ-ਗਰਮੀ ਤੋਂ ਬਾਅਦ ਪੁਜਾਰੀ ਸ੍ਰੀ ਅਕਾਲ ਛੱਡ ਕੇ ਭੱਜ ਗਏ। ਮਾਸਟਰ ਚੰਦਾ ਸਿੰਘ ਹੋਰੀ ਅਤੇ ਸੁੰਦਰ ਸਿੰਘ ਨੂੰ ਲੈਣ ਵੀ ਗਏ, ਪਰ ਉਹ ਨਾ ਆਏ। ਇਸ 'ਤੇ ਝੱਬਰ ਨੇ ਕਿਹਾ ਸ੍ਰੀ ਦਰਬਾਰ ਸਾਹਿਬ ਦੇ ਸਮੁੱਚੇ ਪ੍ਰਬੰਧ ਲਈ 25 ਮੈਂਬਰੀ ਕਮੇਟੀ ਬਣਾਈ ਜਾਵੇ, ਪਰ ਕਮੇਟੀ ਵਿੱਚ ਉਹ ਆਵੇ, ਜੋ -

1. ਫਾਂਸੀ ਮਿਲੇ ਤਾਂ ਹੱਸ ਕੇ ਚੜ੍ਹ ਜਾਣਾ
2. ਕਾਲ਼ੇ ਪਾਣੀ ਜਾਣਾ ਪਵੇ ਜਾਂ ਜਾਇਦਾਦ ਜ਼ਬਤ ਹੋਵੇ ਤਾਂ ਖਿੜੇ ਮੱਥੇ ਪ੍ਰਵਾਨ ਕਰਨਾ
3. ਉਮਰ ਕੈਦ ਮਿਲੇ ਤਾਂ ਪ੍ਰਵਾਨ ਕਰਨਾ।

ਪਰ ਕਮੇਟੀ ਵਿੱਚ 25 ਮੈਂਬਰੀ ਪੂਰੇ ਹੋਣ ਦੀ ਥਾਂ ਤੁਰੰਤ 17 ਮੈਂਬਰ ਹੀ ਭਰਤੀ ਹੋਏ, ਜਿਹਨਾਂ ਵਿੱਚ ਦਸ ਮਜ਼੍ਹਬੀ ਅਤੇ ਰਵਿਦਾਸੀਏ ਸਨ।9 ਪਰ ਪੁਜਾਰੀਆਂ ਅਤੇ ਸਨਾਤਨੀ ਸਿੱਖਾਂ ਨੇ ਅਫ਼ਵਾਹ ਉਡਾ ਦਿੱਤੀ ਕਿ ਸ੍ਰੀ ਦਰਬਾਰ ਸਾਹਿਬ 'ਤੇ ਤਾਂ ਚੂਹੜੇ-ਚਮਾਰਾਂ ਦਾ ਕਬਜ਼ਾ ਹੋ ਗਿਆ ਹੈ। ਗਿ. ਕਰਤਾਰ ਸਿੰਘ ਕਲਾਸਵਾਲੀਆ ਅਨੁਸਾਰ :

"ਖਾਲੀ ਗਈ ਪ੍ਰਕਰਮਾਂ ਹੋ ਸਾਰੀ ਦਿੱਤੇ ਬਾਹਰ ਬਦਮਾਸ਼ ਨਕਾਰ ਭਾਈ।
ਫਿਰਨੋਂ ਤੀਵੀਆਂ ਲੁੱਚੀਆਂ ਬੰਦ ਹੋਈਆਂ ਗੁੰਡੇ ਵੜਨ ਨਾ ਹੌਂਸਲਾ ਧਾਰ ਭਾਈ।
ਕਲਜੁੱਗ ਵਿੱਚ ਧਰਮ ਦਾ ਰਾਜ ਹੋਯਾ ਲੱਗਾ ਹੋਣ ਕਰਤਾਰ ਕਰਤਾਰ ਭਾਈ।
ਰੌਲਾ ਚਾਹਯਾ ਬਦਮਾਸ਼ਾਂ ਨੇ ਪਾਵਨਾ ਸੀ ਪਰ ਕੁੱਝ ਨ ਸਕੇ ਵਗਾੜ ਭਾਈ।
ਓਹ ਤੀਵੀਆਂ ਲੁੱਚੀਆਂ ਵਿੱਚ ਗਲ਼ੀਆਂ ਬੈਠ ਬੈਠ ਕਰਨ ਗੁਫ਼ਤਾਰ ਭਾਈ।
ਭੈਣੋ ਜਾਇਓ ਨ ਵਿੱਚ ਗੁਰਦੁਆਰੇ ਕੱਠੇ ਹੋਏ ਨੇ ਚੂੜ੍ਹੇ ਚਮਾਰ ਭਾਈ।
ਓਹ ਕਿਸੇ ਦੀ ਪੱਤ ਨ ਵੇਖਦੇ ਨੇ ਕੱਠੇ ਬਾਹਰਲੇ ਹੋਏ ਗਵਾਰ ਭਾਈ।
ਏਸ ਤਰ੍ਹਾਂ ਵਿੱਚ ਸ਼ਹਿਰ ਦੇ ਪੌਣ ਰੌ਼ਲਾ ਬਦਕਾਰ ਜੇੜ੍ਹੇ ਨਰ ਨਾਰ ਭਾਈ।''10

(ਬਾਕੀ ਅਗਲੇ ਸਫੇ 'ਤੇ)

# ਪੰਜਾਬ ਤੇ ਪੰਜਾਬੀਆਂ ਦਾ ਕਰਜ਼ਦਾਰ ਹਾਂ- ਰਾਹੁਲ ਗਾਂਧੀ

**ਪਟਿਆਲਾ–** ਖੇਤੀ ਬਚਾਓ ਯਾਤਰਾ ਤਹਿਤ ਪੰਜਾਬ ਦੌਰੇ ’ਤੇ ਆਏ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਅੱਜ ਇਥੇ ਪੰਜਾਬੀਆਂ ਦੀ ਖੁੱਲ੍ਹੇ ਮਨ ਨਾਲ ਤਾਰੀਫ਼ ਕਰਦਿਆਂ ਆਖਿਆ ਕਿ ਉਹ ਆਪਣੇ ਆਪ ਨੂੰ ਪੰਜਾਬ ਅਤੇ ਪੰਜਾਬੀਆਂ ਦੇ ਕਰਜ਼ਦਾਰ ਮੰਨਦੇ ਹਨ। ਇਥੇ ਸਰਕਟ ਹਾਊਸ ਵਿੱਚ ਰੱਖੀ ਪ੍ਰੈੱਸ ਕਾਨਫਰੰਸ ਮੌਕੇ ਰਾਹੁਲ ਨੇ ਬਚਪਨ ਦੀ ਇਕ ਯਾਦ ਨੂੰ ਚੇਤੇ ਕਰਦਿਆਂ ਕਿਹਾ ਕਿ ਸਾਲ 1977 ਦੀਆਂ ਸੰਸਦੀ ਚੋਣਾਂ ਵਿੱਚ ਮਿਲੀ ਹਾਰ ਮਗਰੋਂ ਜਦੋਂ ਉਨ੍ਹਾਂ ਦੇ ਦਾਦੀ ਇੰਦਰਾ ਗਾਂਧੀ ਅਲੱਗ ਥਲੱਗ ਪੈ ਗਏ ਸਨ, ਤਾਂ ਕੁਝ ਸਿੱਖਾਂ (ਗੰਨਮੈਨਾਂ) ਨੇ ਹੀ ਉਨ੍ਹਾਂ ਦੇ ਪਰਿਵਾਰ ਦੀ ਰਾਖੀ ਕੀਤੀ ਸੀ। ਰਾਹੁਲ ਨੇ ਕਿਹਾ, ’ਉਸ ਵਕਤ ਸਾਡੇ ਘਰ ਵਿੱਚ ਇਨ੍ਹਾਂ ਸਿੱਖਾਂ ਤੋਂ ਇਲਾਵਾ ਹੋਰ ਕੋਈ ਨਹੀਂ ਸੀ, ਜਿਨ੍ਹਾਂ ਨੇ ਮੇਰੀ ਦਾਦੀ ਦੀ ਰਾਖੀ ਕੀਤੀ।

ਇਸ ਕਰਕੇ ਮੈਂ ਖ਼ੁਦ ਨੂੰ ਪੰਜਾਬ ਅਤੇ ਪੰਜਾਬੀਆਂ ਦਾ ਕਰਜ਼ਦਾਰ ਮੰਨਦਾ ਹਾਂ।’ ਕਾਂਗਰਸ ਆਗੂ ਨੇ ਕਿਹਾ ਕਿ ਉਨ੍ਹਾਂ ਨੇ ਪੰਜਾਬੀਆਂ ਤੋਂ ਬਹੁਤ ਕੁਝ ਸਿੱਖਿਆ ਹੈ ਅਤੇ ਉਨ੍ਹਾਂ ਨੂੰ ਪੰਜਾਬੀਆਂ ਦੇ ਜਜ਼ਬੇ ਦੀ ਬਹੁਤ ਕਦਰ ਹੈ। ਰਾਹੁਲ ਨੇ ਕਿਹਾ ਕਿ ਉਹ ਪੰਜਾਬ ਆਏ ਹਨ, ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਮੋਦੀ ਸਰਕਾਰ ਵੱਲੋਂ ਸੂਬੇ ਨਾਲ ਵੱਡੀ ਬੇਇਨਸਾਫੀ ਕੀਤੀ ਜਾ ਰਹੀ ਹੈ ਅਤੇ ਉਹ ਹਮੇਸ਼ਾ ਹੀ ਨਿਰਬਲ ਅਤੇ ਦੁੱਖਾਂ ਮਾਰੇ ਲੋਕਾਂ ਨਾਲ ਖੜ੍ਹਦੇ ਹਨ। ਆਪਣੀ ਫੇਰੀ ਦੇ ਤੀਜੇ ਅਤੇ ਆਖਰੀ ਦਿਨ ਰਾਹੁਲ ਗਾਂਧੀ ਨੇ ਕਿਹਾ ਕਿ ਜ਼ਮੀਨ ਗ੍ਰਹਿਣ ਬਿੱਲ



ਅਤੇ ਮਗਨਰੇਗਾ ਆਦਿ ਦੇ ਮਾਮਲੇ ਵਿੱਚ ਸਮਾਜ ਦੇ ਵੱਖ-ਵੱਖ ਤਬਕਿਆਂ ਲਈ ਲੜਦਿਆਂ ਉਨ੍ਹਾਂ ਨੂੰ ਅਕਸਰ ਕੁੱਟਿਆ ਅਤੇ ਬੁਰਾ ਭਲਾ ਕਿਹਾ ਜਾਂਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਮਜ਼ਲੂਮਾਂ ਅਤੇ ਮੋਦੀ ਸਰਕਾਰ ਦੇ ਮਾਰੂ ਕਾਰਨਾਮਿਆਂ ਤੋਂ ਖੌਫ਼ਜ਼ਦਾ ਹੋਏ ਲੋਕਾਂ ਖਾਤਰ, ਸਭ ਕੁਝ ਸਹਿਣ ਲਈ ਤਿਆਰ ਹਨ। ਉਨ੍ਹਾਂ ਦਾ ਤਰਕ ਸੀ ਕਿ ਖੇਤੀ ਵਿਰੋਧੀ ਕਾਨੂੰਨ ਨਾ ਸਿਰਫ਼ ਕਿਸਾਨ ਬਲਕਿ ਹਰ ਵਰਗ ’ਤੇ ਮਾਰੂ ਸਾਬਤ ਹੋਣਗੇ, ਜਿਸ ਕਰਕੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਇਨ੍ਹਾਂ ਖ਼ਿਲਾਫ਼ ਇਕਸੁਰ ਹੋ ਕੇ ਲੜਾਈ ਲੜਨੀ ਪਵੇਗੀ। ਉਨ੍ਹਾਂ ਦੁਹਰਾਇਆ ਕਿ ਪੰਜਾਬੀ ਦ੍ਰਿੜ੍ਹ ਇਰਾਦੇ ਵਾਲੀ ਅਤੇ ਸ਼ਕਤੀਸ਼ਾਲੀ ਕੌਮ ਹੈ, ਜਿਸ ਦੀ ਇਕਜੁੱਟਤਾ ਨੂੰ ਦੁਨੀਆ ਦੀ ਕੋਈ ਵੀ ਤਾਕਤ ਨਹੀਂ ਹਿਲਾ ਸਕਦੀ।

ਕੇਂਦਰ ’ਤੇ ਹੱਲਾ ਬੋਲਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਕਿਸੇ ਵੀ ਮੁਲਕ ਵਿੱਚ ਲੋਕਾਂ ਦੀ ਆਵਾਜ਼ ਬਣਨ ਲਈ ਮੀਡੀਆ, ਨਿਆਂਇਕ ਪ੍ਰਣਾਲੀ ਅਤੇ ਸੰਸਥਾਵਾਂ ਸਮੇਤ ਵਿਰੋਧੀ ਧਿਰਾਂ ਢਾਂਚੇ ਵਿੱਚ ਰਹਿ ਕੇ ਕੰਮ ਕਰਦੀਆਂ ਹਨ, ਪਰ ਮੋਦੀ ਸਰਕਾਰ ਨੇ ਸਮੁੱਚੇ ਢਾਂਚੇ ਨੂੰ ਕੰਟਰੋਲ ਕੀਤਾ ਹੋਇਆ ਹੈ ਅਤੇ ਅਵਾਮ ਦੀ ਆਵਾਜ਼ ਬਣਨ ਲਈ ਉਲੀਕੀ ਗਈ ਰੂਪ-ਰੇਖਾ ਨੂੰ ਹਥਿਆ ਲਿਆ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਅਜਿਹਾ ਕਰਨ ਲਈ ਜਮਹੂਰੀ ਢੰਗ ਨਹੀਂ ਸਗੋਂ ਜ਼ੋਰ-ਜਬਰ ਦਾ ਤਰੀਕਾ ਅਪਣਾਇਆ ਹੈ, ਪਰ ਇਨ੍ਹਾਂ ਮਨਸੂਬਿਆਂ ਨੂੰ ਨਕਾਰਾ ਕਰਨ ਲਈ ਕਾਂਗਰਸ ਹੋਰ ਵਧੇਰੇ ਹਮਲਾਵਰ ਰੁਖ਼ ਅਖ਼ਤਿਆਰ ਕਰੇਗੀ। ਉਨ੍ਹਾਂ ਕਿਹਾ ਕਿ ਮੋਦੀ, ਅੰਬਾਨੀ ਤੇ ਅਡਾਨੀ ਦੀ ਤਿੱਕੜੀ ਨੇ ਐੱਸਐੱਮਈਜ਼ ਨੂੰ ਨਸ਼ਟ ਕਰਕੇ ਰੁਜ਼ਗਾਰ ਦੇ ਢਾਂਚੇ ਨੂੰ ਵਿਗਾੜ ਦਿੱਤਾ ਹੈ ਤੇ ਹੁਣ ਉਹ ਖੇਤੀਬਾੜੀ ਦੀਆਂ ਨੀਹਾਂ ਨੂੰ ਤਬਾਹ ਕਰ ਰਹੇ ਹਨ। ਐੱਮਐੱਸਪੀ ਖ਼ਤਮ ਹੋ ਗਈ ਤਾਂ ਖੇਤੀ ਆਧਾਰਿਤ ਸੂਬਿਆਂ ਦਾ ਭਵਿੱਖ ਵੀ ਖਤਮ ਸਮਝੋ, ਜਿਸ ਕਰਕੇ ਉਹ ਇਨ੍ਹਾਂ ਮਾਰੂ ਕਾਨੂੰਨਾਂ ਵਿਰੁੱਧ ਹਰ ਪੱਧਰ ’ਤੇ ਜੰਗ ਲੜਨ ਲਈ ਵਚਨਬੱਧ ਹਨ।

# ਐਨ ਡੀ ਏ ਦੀ ਪ੍ਰੀਖਿਆ ਲਈ ਜ਼ਰੂਰੀ ਨੁਕਤੇ



ਵਿਜੈ ਗਰਗ

**ਐਨ ਡੀ ਏ ਦੀ ਪ੍ਰੀਖਿਆ ਦੇਣ ਲਈ ਕੁੱਝ ਸੁਝਾਅ:**

ਹਰ ਇਮਤਿਹਾਨ ਦੀ ਆਪਣੀ ਵਧੀਆ ਰਣਨੀਤੀ ਵਧੀਆ ਵਿਦਿਆਰਥੀਆਂ ਦੀ ਚੋਣ ਕਰਨ ਲਈ ਹੁੰਦੀ ਹੈ, ਇਸ ਲਈ ਇਹ ਸਭ ਮਹੱਤਵਪੂਰਨ ਬਣ ਜਾਂਦਾ ਹੈ ਕਿ ਵਿਦਿਆਰਥੀ ਨੂੰ ਇਸ ਰਣਨੀਤੀ ਦੇ ਅਨੁਸਾਰ ਚੰਗਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ।

ਹੇਠ ਦਿੱਤੇ ਨੁਕਤੇ ਇਕ ਵਿਦਿਆਰਥੀ ਨੂੰ ਐਨ ਡੀ ਏ ਪ੍ਰੀਖਿਆ ਵਾਲੇ ਦਿਨ ਆਪਣੀ ਵਧੀਆ ਕਾਰਗੁਜ਼ਾਰੀ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਨਗੇ.

1. ਆਪਣੀ ਗਿਆਰਵੀਂ ,ਬਾਰਵੀਂ ਜਮਾਤ ਦੀ ਤਿਆਰੀ ਨੂੰ ਐਨ ਡੀ ਏ ਸਿਲੇਬਸ ਨਾਲ ਸਮਕਾਲੀ ਕਰੋ।

ਤੁਹਾਡੇ ਕੋਲ ਐਨ ਡੀ ਏ ਦੇ ਸਿਲੇਬਸ ਬਾਰੇ ਸਪਸ਼ਟਤਾ ਹੋਣੀ ਚਾਹੀਦੀ ਹੈ ਅਤੇ ਤੁਹਾਨੂੰ ਗਿਆਰਵੀਂ ਬਾਰਵੀਂ ਜਮਾਤ ਦੀ ਪੜ੍ਹਾਈ ਵਾਲਾ ਸਿਲੇਬਸ (ਭੌਤਿਕ ਵਿਗਿਆਨ, ਜੀਵ ਵਿਗਿਆਨ, ਰਸਾਇਣਕ ਵਿਗਿਆਨ ਅਤੇ ਗਣਿਤ, ਅਗਰੇਜੀ, ਸੋਸ਼ਲ ਸਾਇੰਸ ਅਤੇ ਆਮ ਗਿਆਨ)ਕਰਨਾ ਚਾਹੀਦਾ ਹੈ. ਇਹ ਸੁਨਿਸ਼ਚਿਤ ਕਰਦਾ ਹੈ ਕਿ ਤੁਹਾਡੀ ਐਨ ਡੀ ਏ ਦੀ ਤਿਆਰੀ ਉਸੇ ਹਿਸਾਬ ਨਾਲ ਚਲਦੀ ਹੈ ਜੋ ਇਮਤਿਹਾਨ ਦੀ ਮੰਗ ਕਰਦਾ ਹੈ ਅਤੇ ਤੁਹਾਨੂੰ ਐਨ ਡੀ ਏ ਦੀ ਤਿਆਰੀ ਲਈ ਵਧੇਰੇ ਮਿਹਨਤ ਨਹੀਂ ਕਰਨੀ ਪੈਂਦੀ. ਤੁਹਾਡੀਆਂ ਕੋਸ਼ਿਸ਼ਾਂ ਸਹੀ ਦਿਸ਼ਾ ਵੱਲ ਹੋਣਗੀਆਂ।

**2. ਆਪਣੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਨੂੰ ਜਾਣੋ**

ਐਨ ਡੀ ਏ ਪੜਾਅ ਪ੍ਰੀਖਿਆ ਦੀ ਤਿਆਰੀ ਅਰੰਭ ਕਰਨ ਤੋਂ ਪਹਿਲਾਂ, ਉਮੀਦਵਾਰਾਂ ਨੂੰ ਐਨ ਡੀ ਏ ਦੀ ਪ੍ਰੀਖਿਆ ਲਈ ਉਨ੍ਹਾਂ ਦੇ ਮੌਜੂਦਾ ਪੱਧਰ ਦੀ ਤਿਆਰੀ ਬਾਰੇ ਪਤਾ ਹੋਣਾ ਚਾਹੀਦਾ ਹੈ. ਇਸਦੇ ਲਈ ਉਮੀਦਵਾਰਾਂ ਨੂੰ ਪਿਛਲੇ ਸਾਲਾਂ ਦੇ ਕੇ ਐਨ ਡੀ ਏ ਦੇ ਪ੍ਰਸ਼ਨ ਪੱਤਰਾਂ ਦੀ ਜਾਂਚ ਕਰਨ ਦੀ ਜ਼ਰੂਰਤ ਹੈ, ਅਤੇ ਉਹ ਮੁਲਾਂਕਣ ਕਰ ਸਕਦੇ ਹਨ ਕਿ ਉਹ ਕਿੱਥੇ ਖੜੇ ਹਨ. ਇਸਦੇ ਨਾਲ ਹੀ, ਉਹ ਆਪਣੀ ਮੌਜੂਦਾ ਤਿਆਰੀ ਅਤੇ ਦੇ ਅਧਾਰ ਤੇ ਆਪਣੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਦਾ ਵਿਸ਼ਲੇਸ਼ਣ ਕਰ ਸਕਦੇ ਹਨ।

**3. ਤਿਆਰੀ ਲਈ ਸਮੱਗਰੀ/ ਸਿਖਲਾਈ**

ਜਦੋਂ ਤੁਸੀਂ ਐਨ ਡੀ ਏ ਦੀ ਤਰ੍ਹਾਂ ਪ੍ਰੀਖਿਆ ਦੀ ਤਿਆਰੀ ਬਾਰੇ ਸੋਚਦੇ ਹੋ, ਤਾਂ ਇਹ ਸਪਸ਼ਟ ਧਾਰਨਾ ਰੱਖਣਾ ਅਤੇ ਸਹੀ ਪ੍ਰੀ-ਖਿਆ ਦਾ ਸੁਭਾਅ ਪੈਦਾ ਕਰਨਾ ਬਿਹਤਰ ਹੈ. ਐਨ ਡੀ ਏ ਲਈ ਪੇਸ਼ ਹੋਣ ਲਈ ਉਚਿਤ ਸਿਖਲਾਈ ਦਾ ਹੋਣਾ ਮਹੱਤਵਪੂਰਨ ਹੈ ਕਿਉਂਕਿ ਸਿਰਫ ਐਨ ਡੀ ਏ ਸਮੱਸਿਆਵਾਂ ਦਾ ਹੱਲ ਕਰਨਾ ਮਦਦ ਨਹੀਂ ਦੇ ਸਕਦਾ. ਐਨ ਡੀ ਏ ਦੀ ਪ੍ਰੀਖਿਆ ਦੇ ਦੋ ਪੜਾਵਾਂ ਨੂੰ ਪਾਸ ਕਰਨ ਲਈ ਇਕ ਯੋਜਨਾਬੱਧ ਮਾਰਗ ਦਰਸ਼ਨ ਦੀ ਜ਼ਰੂਰਤ ਹੈ. ਸੰਕਲਪਾਂ ਦੀ ਸਪਸ਼ਟਤਾ ਹੋਣ ਅਤੇ ਆਪਣੀ ਸਮੱਸਿਆ ਨੂੰ ਸੁਲਝਾਉਣ ਦੀ ਸਮਰੱਥਾ ਵਿੱਚ ਸੁਧਾਰ ਕਰਨਾ ਤੁਹਾਨੂੰ ਐਨ ਡੀ ਏ ਪਾਸ ਹੋਣ ਵਿੱਚ ਸਹਾਇਤਾ ਕਰੇਗਾ.

**4. ਨਿਯਮਤ ਅਭਿਆਸ ਅਤੇ ਸੰਸ਼ੋਧਨ**

ਹੋ ਸਕਦਾ ਹੈ, ਕਿ ਤੁਸੀਂ ਐਨ ਡੀ ਏ ਲਈ ਬਹੁਤ ਚੰਗੀ ਤਰ੍ਹਾਂ ਤਿਆਰੀ ਕੀਤੀ ਹੋਵੇ, ਹਾਲਾਂਕਿ, ਇਹ ਮਹੱਤਵਪੂਰਨ ਹੈ ਕਿ ਤੁਸੀਂ ਨਿਯਮਿਤ ਅਭਿਆਸ ਕਰੋ ਅਤੇ ਵਿਸ਼ਿਆਂ ਦੀ ਸੋਧ ਕਰੋ. ਇਸ ਦੇ ਨਾਲ, ਜੇ ਕੋਈ ਅਧਿਆਵਾਂ ਨੂੰ ਸੰਸ਼ੋਧਿਤ ਕਰਨ ਅਤੇ ਉਸਦਾ ਅਭਿਆਸ ਕਰਨ ਲਈ ਨਿਯਮਿਤ ਹੈ ਤਾਂ ਤੁਸੀਂ ਐਨ ਡੀ ਏ ਪ੍ਰਸ਼ਨਾਂ ਨੂੰ ਹੱਲ ਕਰਦੇ ਹੋਏ ਆਪਣੀ ਗਤੀ ਅਤੇ ਸ਼ੁੱਧਤਾ ਲਈ ਚੰਗੀ ਕਮਾਂਡ ਵਿਕਸਿਤ ਕਰ ਸਕਦੇ ਹੋ। ਸਪਸ਼ਟ ਧਾਰਨਾਵਾਂ ਅਤੇ ਸਮੇਂ ਦੇ ਪ੍ਰਬੰਧਨ ਦੇ ਨਾਲ, ਤੁਸੀਂ ਐਨ ਡੀ ਏ ਮੈਰਿਟ ਸੂਚੀ ਵਿੱਚ ਮਹੱਤਵਪੂਰਣ ਦਰਜੇ ਨੂੰ ਨਿਸ਼ਚਤ ਕਰ ਸਕਦੇ ਹੋ।

**5. ਪਿਛਲੇ ਸਾਲ ਦੇ ਪ੍ਰਸ਼ਨ ਪੱਤਰ ਹੱਲ ਕਰਨੇ**

ਆਪਣੀ ਤਿਆਰੀ ਦੇ ਪੱਧਰ ਦਾ ਮੁਲਾਂਕਣ ਕਰਨ ਲਈ, ਪਿਛਲੇ ਸਾਲ ਦੇ ਐਨ ਡੀ ਏ ਟੈਸਟ ਪੇਪਰਾਂ ਨੂੰ ਵੱਧ ਤੋਂ ਵੱਧ ਹੱਲ ਕਰਨਾ ਮਹੱਤਵਪੂਰਨ ਹੈ. ਤੁਸੀਂ ਉਨ੍ਹਾਂ ਖੇਤਰਾਂ ਦੀ ਪਛਾਣ ਕਰਨ ਦੇ ਯੋਗ ਹੋਵੋਗੇ ਜਿੱਥੋਂ ਤੁਸੀਂ ਕਮਜ਼ੋਰ ਹੋ ਅਤੇ ਉਨ੍ਹਾਂ ਨੂੰ ਸੁਧਾਰਨ ਲਈ ਆਪਣੀ ਤਿਆਰੀ ਯੋਜਨਾ ਨੂੰ ਲਾਗੂ ਕਰੋ. ਆਪਣੀ ਤਿਆਰੀ ਦੇ ਅਖੀਰਲੇ ਦੋ ਹਫਤਿਆਂ ਵਿੱਚ, ਤੁਹਾਨੂੰ ਪਿਛਲੇ ਸਾਲ ਦੇ ਪ੍ਰਸ਼ਨ ਪੱਤਰ ਤੇ ਖਾਸ ਜ਼ੋਰ ਦੇਣਾ ਚਾਹੀਦਾ ਹੈ ਤਾਂ ਜੋ ਐਨ ਡੀ ਏ ਦੀ ਪ੍ਰੀਖਿਆ ਤੋਂ ਪਹਿਲਾਂ ਬਾਕੀ ਰਹਿੰਦੇ ਸਮੇਂ ਵਿੱਚ ਆਪਣੀਆਂ ਵਧੀਆ ਕੋਸ਼ਿਸ਼ਾਂ ਕੀਤੀਆਂ ਜਾ ਸਕਣ. ਪੁਰਾਣੇ ਟੈਸਟ ਪੇਪਰਾਂ ਦੇ ਸੈਟ ਨੂੰ ਸੁਲਝਾਉਂਦੇ ਹੋਏ, ਤੁਸੀਂ ਐਨ ਡੀ ਏ ਵਿੱਚ ਪੁੱਛੇ ਗਏ ਪ੍ਰਸ਼ਨਾਂ ਦੀ ਕਿਸਮ ਦੇ ਆਦੀ ਹੋ ਜਾਓਗੇ। ਤੁਹਾਨੂੰ ਇਮਤਿਹਾਨ ਦੇ ਦੌਰਾਨ ਕਿਸੇ ਵੀ ਕਿਸਮ ਦੇ ਹੈਰਾਨੀ ਵਾਲੇ ਤੱਤ ਬਾਰੇ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ।

**6. ਐਨ ਡੀ ਏ ਪ੍ਰੀਖਿਆ ਦੇ ਦਿਨ ਤੋਂ ਪਹਿਲਾਂ ਚੰਗੀ ਨੀਂਦ ਲਓ**

ਇਹ ਮਹੱਤਵਪੂਰਨ ਹੈ ਕਿ ਐਨ ਡੀ ਏ ਪ੍ਰੀਖਿਆ ਦੇ ਦਿਨ ਤੋਂ ਇਕ ਰਾਤ ਪਹਿਲਾਂ ਸੱਤ ਤੋਂ ਅੱਠ ਘੰਟੇ ਦੀ ਨੀਂਦ ਲਓ. ਇਮਤਿਹਾਨ ਦੇ ਦਿਨ ਤੋਂ ਪਹਿਲਾਂ ਰਾਤ ਨੂੰ ਜਲਦੀ ਸੌਣ ਅਤੇ ਐਨ ਡੀ ਏ ਪ੍ਰੀਖਿਆ ਵਾਲੇ ਦਿਨ ਸਵੇਰੇ ਜਲਦੀ ਉੱਠਣ ਨਾਲ ਤੁਹਾਡੇ ਦਿਮਾਗ ਅਤੇ ਸਰੀਰ ਨੂੰ ਆਰਾਮ ਮਿਲੇਗਾ, ਅਤੇ ਤੁਸੀਂ ਪੂਰੇ ਊਰਜਾ ਨਾਲ ਪ੍ਰੀਖਿਆ ਹਾਲ ਵਿਚ ਦਾਖਲ ਹੋਵੋਗੇ.

**ਐਨ ਡੀ ਏ ਪ੍ਰੀਖਿਆ ਦੇ ਦਿਨ ਨਿਰਦੇਸ਼:**

ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਨ੍ਹਾਂ ਮਹੱਤਵਪੂਰਣ ਨਿਰਦੇਸ਼ਾਂ ਦੀ ਪਾਲਣਾ ਕਰਨ।

* ਉਮੀਦਵਾਰਾਂ ਨੂੰ ਟੈਸਟ ਸ਼ੁਰੂ ਹੋਣ ਤੋਂ 45 ਮਿੰਟ ਪਹਿਲਾਂ ਟੈਸਟ ਸੈਂਟਰ ਪਹੁੰਚਣਾ ਚਾਹੀਦਾ ਹੈ।

* ਉਮੀਦਵਾਰ, ਜੋ ਨਿਰਧਾਰਤ ਟੈਸਟ ਸਮੇਂ ਤੋਂ 15 ਮਿੰਟ ਦੇਰੀ ਤੇ ਪਹੁੰਚਦਾ ਹੈ, ਸ਼ਾਇਦ ਟੈਸਟ ਦੇਣ ਦੀ ਆਗਿਆ ਨਾ ਦਿੱਤੀ ਜਾ ਸਕੇ।

* ਉਮੀਦਵਾਰਾਂ ਨੂੰ ਪ੍ਰੀਖਿਆ ਕੇਂਦਰ ਵਿਚ ਦਾਖਲਾ ਕਾਰਡ, ਫੋਟੋ ਪਛਾਣ ਅਤੇ ਬਾਲ ਪੈੱਨ ਲਿਆਉਣ ਦੀ ਲੋੜ ਹੁੰਦੀ ਹੈ।

* ਪ੍ਰੀਖਿਆ ਕੇਂਦਰ ਦੇ ਅੰਦਰ ਕਿਸੇ ਵੀ ਕਿਸਮ ਦੇ ਗੈਜੇਟ, ਵਾਚ ਅਤੇ ਕੈਲਕੁਲੇਟਰਾਂ ਦੀ ਆਗਿਆ ਨਹੀਂ ਹੈ। ਗਤੀ ਬਣਾਈ ਰੱਖੋ ਅਤੇ ਸਾਰੇ ਪ੍ਰਸ਼ਨਾਂ ਦੀ ਕੋਸ਼ਿਸ਼ ਕਰਨ ਦੀ ਕੋਸ਼ਿਸ਼ ਕਰੋ।

# ਆਓ ਗਿਆਨ ਵਧਾਈਏ!

1. ਓਣਮ ਇੱਕ ਫੁੱਲਾਂ ਦਾ ਤਿਓਹਾਰ ਹੈ। ਇਸ ਦਾ ਸੰਬੰਧ ਭਾਰਤ ਦੇ ਦੱਖਣੀ ਰਾਜ ਕੇਰਲਾ ਨਾਲ ਹੈ।
2. ਹਿਰਨ ਦੇ ਬੱਚੇ ਨੂੰ ਹਰਨੋਟਾ ਕਿਹਾ ਜਾਂਦਾ ਹੈ।
3. ਕੇਲੇ ਵਿਚ ਵਿਟਾਮਿਨ ’ਸੀ’ ਅਤੇ ਸ਼ਹਿਦ ਵਿੱਚ ਵਿਟਾਮਿਨ ’ਈ’ ਹੁੰਦਾ ਹੈ।
4. ਰਾਸ਼ਟਰੀ ਗੀਤ ( ਬੰਦੇ ਮਾਤਰਮ ) ਨੂੰ ਗਾਉਣ ਲਈ 65 ਸਕਿੰਟ ਦਾ ਸਮਾਂ ਲੱਗਦਾ ਹੈ।
5. ਗੰਗਾ ਨਦੀ ਅਖੀਰ ਵਿੱਚ ਬੰਗਾਲ ਦੀ ਖਾੜੀ ਵਿੱਚ ਜਾ ਮਿਲਦੀ ਹੈ।
6. ਸ਼ਹੀਦ ਭਗਤ ਸਿੰਘ ਜੀ ਨੇ ਅਧਿਆਪਕ ਦੇ ਅਹੁਦੇ ’ਤੇ ਵੀ ਸੇਵਾ ਨਿਭਾਈ ਸੀ।
7. ਸੰਸਾਰ ਦੀ ਸਭ ਤੋਂ ਵੱਧ ਵਰਖਾ ਚਿਰਾਪੂੰਜੀ ਦੇ ਸਥਾਨ ’ਤੇ ਹੁੰਦੀ ਹੈ। ਇਹ ਸਥਾਨ ਭਾਰਤ ਦੇ ਪੂਰਬੀ ਰਾਜ ਮੇਘਾਲਿਆ ਵਿੱਚ ਹੈ।
8. ਮਨੁੱਖ ਦੁਆਰਾ ਬਣਾਈ ਗਈ ਦੁਨੀਆ ਦੀ ਸਭ ਤੋਂ ਉੱਚੀ ਇਮਾਰਤ ਦੁਬਈ ਦੇਸ਼ ਦੀ " ਬੁਰਜ - ਖਲੀਫਾ " ਇਮਾਰਤ ਹੈ। ਇਸ ਦੀ ਉੱਚਾਈ 829.8 ਮੀਟਰ ਹੈ।
9. ਪੁਲਾੜ ਵਿੱਚ ਪੈਨ ਨਾਲ ਲਿਖਣਾ ਅਤੇ ਰੋਣਾ ਅਸੰਭਵ ਹੁੰਦਾ ਹੈ।
10. ਆਮ ਤੌਰ ’ਤੇ ਪਾਣੀ 100 ਡਿਗਰੀ ਸੈਲਸੀਅਸ ਤਾਪਮਾਨ ’ਤੇ ਉੱਬਲਦਾ ਹੈ, ਪਰ ਧਰਤੀ ਤੋਂ 9 ਕਿਲੋਮੀਟਰ ਉੱਪਰ ਜਾਣ ’ਤੇ ਪਾਣੀ 74 ਡਿਗਰੀ ਸੈਲਸੀਅਸ ਤਾਪਮਾਨ ’ਤੇ ਹੀ ਉਬਲਣ ਲੱਗ ਪੈਂਦਾ ਹੈ।
11. "ਪੌਣ ਚੱਕੀਆਂ ਦਾ ਦੇਸ਼" ਨੀਦਰਲੈਂਡ ਨੂੰ ਕਿਹਾ ਜਾਂਦਾ ਹੈ।
12. ਅਸੀਂ ਆਪਣੀ ਨੰਗੀ ਅੱਖ ਨਾਲ 3000 ਦੇ ਕਰੀਬ ਤਾਰੇ ਹੀ ਵੇਖ ਸਕਦੇ ਹਾਂ।
13. ਇਮਲੀ ਨੂੰ " ਤਮਰ - ਏ - ਹਿੰਦ " ਵੀ ਕਿਹਾ ਜਾਂਦਾ ਹੈ , ਜਿਸ ਦਾ ਭਾਵ ਹੈ: " ਹਿੰਦੁਸਤਾਨ ਦੀ ਖਜੂਰ "।
14. ਅਜਿਹੀਆਂ 54 ਨਦੀਆਂ ਹਨ , ਜੋ ਭਾਰਤ ਅਤੇ ਬੰਗਲਾਦੇਸ਼ ਦੋਵੇਂ ਦੇਸ਼ਾਂ ਵਿੱਚ ਸਾਂਝੇ ਤੌਰ ’ਤੇ ਵਗਦੀਆਂ ਹਨ।
15. ਅਮਰੀਕਾ ਦਾ ਆਜ਼ਾਦੀ ਦਿਵਸ 4 ਜੁਲਾਈ ਨੂੰ ਮਨਾਇਆ ਜਾਂਦਾ ਹੈ।
16. ਭਾਰਤ ਦੇ ਕੁੱਲ 8 ਕੇਂਦਰ ਸ਼ਾਸਤ ਪ੍ਰਦੇਸ਼ ਹਨ।
17. ਵਿਸ਼ਵ ਪ੍ਰਸਿੱਧ ਸਥਾਨ " ਵਿਰਾਸਤ - ਏ - ਖ਼ਾਲਸਾ " ਪਵਿੱਤਰ ਧਰਤੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਿਤ ਹੈ। " ਵਿਰਾਸਤ - ਏ - ਖਾਲਸਾ " ਦਾ ਨਾਂ ਲਿਮਕਾ ਬੁੱਕ ਆੱਫ ਰਿਕਾਰਡ , ਇੰਡੀਅਨ ਬੁੱਕ ਆੱਫ ਰਿਕਾਰਡ , ਏਸ਼ੀਆ ਬੁੱਕ ਆੱਫ ਰਿਕਾਰਡ ਅਤੇ ਵਰਲਡ ਬੁੱਕ ਆੱਫ ਰਿਕਾਰਡ ਵਿਚ ਦਰਜ ਹੋ ਚੁੱਕਿਆ ਹੈ।
18. ਭਾਰਤ ਵਿੱਚ ਪਹਿਲੀ ਰੇਲ ਗੱਡੀ ਬੰਬਈ ਤੋਂ ਥਾਣਾ ਵਿਚਕਾਰ 16 ਅਪਰੈਲ 1853 ਵਿੱਚ ਚਲਾਈ ਗਈ ਸੀ। ਇਸ ਰੇਲ ਗੱਡੀ ਨੇ 35 ਕਿਲੋਮੀਟਰ ਦੀ ਦੂਰੀ 57 ਮਿੰਟ ਵਿੱਚ ਤੈਅ ਕੀਤੀ ਸੀ।
20. ਦੱਖਣੀ ਭਾਰਤ ਦੇ ਸਮੋਸਿਆਂ ਵਿਚ ਪਿਆਜ਼ , ਮਟਰ ਅਤੇ ਗਾਜਰ ਪਾਈ ਜਾਂਦੀ ਹੈ।
21. ਭਾਰਤ ਦੇ ਰਾਜ ਉੜੀਸਾ ਦੀ ਰਾਜਧਾਨੀ ਦਾ ਨਾਂ ਭੁਵਨੇਸ਼ਵਰ ਹੈ , ਪਰ ਕਟਕ ਨੂੰ ਉੜੀਸਾ ਦੀ " ਸੱਭਿਆਚਾਰਕ - ਰਾਜਧਾਨੀ " ਕਿਹਾ ਜਾਂਦਾ ਹੈ।
22. ਨੱਕ ਅਤੇ ਕੰਨ ਮਨੁੱਖੀ ਸਰੀਰ ਦੇ ਅਜਿਹੇ ਦੋ ਅੰਗ ਹਨ , ਜੋ ਸਾਰੀ ਜ਼ਿੰਦਗੀ ਵੱਧਦੇ ਰਹਿੰਦੇ ਹਨ।
23. ਦੁਨੀਆਂ ਭਰ ਦੇ ਲੋਕਾਂ ਨੂੰ ਸਾਹ ਲੈਣ ਲਈ 20% ਪ੍ਰਤੀਸ਼ਤ ਆਕਸੀਜਨ ਅਮੇਜਨ ਦੇ ਜੰਗਲਾਂ ਤੋਂ ਪ੍ਰਾਪਤ ਹੁੰਦੀ ਹੈ।
24. ਪੁਰਤਗਾਲੀ ਭਾਸ਼ਾ ਭਾਰਤ ਦੇ ਰਾਜ ਗੋਆ ਵਿੱਚ ਬੋਲੀ ਜਾਂਦੀ ਹੈ।
25. ਰਾਸ਼ਟਰੀ ਰੇਲ ਅਜਾਇਬ ਘਰ ਦਿੱਲੀ ਵਿਖੇ ਹੈ।

**– ਮਾਸਟਰ ਸੰਜੀਵ ਧਰਮਾਣੀ**
**ਸ੍ਰੀ ਅਨੰਦਪੁਰ ਸਾਹਿਬ .**
**91-94785-61356.**

# ਸਦੀ ਪਹਿਲਾਂ ਦੀ ਅਦੁੱਤੀ ਘਟਨਾ- ਜਿਸ ਨੇ ਸਿੱਖ ਇਤਿਹਾਸ ਬਦਲਿਆ

**(ਸਫਾ 21 ਦੀ ਬਾਕੀ)**

ਇਸ ਅਦੁੱਤੀ ਘਟਨਾ ਵਿੱਚੋਂ ਬਾਅਦ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਜਨਮ ਲਿਆ ਤੇ ਸਿੱਖ ਰਾਜਨੀਤੀ ਨਵੇਂ ਪੜਾਅ ਵਿੱਚ ਦਾਖਲ ਹੋਈ। ਇਸ ਘਟਨਾ ਨੇ ਗੁਰਦੁਆਰਾ ਸੁਧਾਰ ਲਹਿਰ ਦਾ ਮੁੱਢ ਬੰਨ੍ਹਿਆ।

ਇਹ ਵੱਖਰਾ ਵਿਸ਼ਾ ਹੈ ਕਿ ਸ਼੍ਰੋਮਣੀ ਕਮੇਟੀ ਉੱਤੇ ਫਿਰ ਉੱਚ ਜਾਤੀ ਵਰਗ ਦਾ ਹੀ ਕਬਜ਼ਾ ਹੋ ਗਿਆ ਤੇ ਦਲਿਤ ਵਰਗ ਨੂੰ ਧੱਕ ਕੇ ਪਿਛਾਂਹ ਕਰ ਦਿੱਤਾ ਗਿਆ। ਉਹਨਾਂ ਨੂੰ ਨੁਮ-ਾਇੰਦਗੀ ਲੈਣ ਲਈ ਲੰਬਾ ਸੰਘਰਸ਼ ਕਰਨਾ ਪਿਆ, ਖ਼ੂਨ ਡੋਲ੍ਹਣਾ ਪਿਆ ਤੇ ਗ੍ਰਿਫ਼ਤਾਰੀਆਂ ਦੇਣੀਆਂ ਪਈਆਂ। ਅਖੀਰ ਜਦ ਗ਼ਦਰੀ ਬਾਬਾ ਸੰਤ ਵਸਾਖਾ ਸਿੰਘ 1935 ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨਿਯੁਕਤ ਹੋਏ ਤਾਂ ਉਹਨਾਂ ਦੀ ਦਖਲ ਅੰਦਾਜ਼ੀ ਨਾਲ ਦਲਿਤ ਵਰਗ ’ਚੋਂ ਸਿਰਫ਼ ਦੋ ਮੈਂਬਰ ਲਏ ਗਏ।

**ਹਵਾਲੇ**

1. ਸੇਧ, ਅਗਸਤ 1979
2. ਮੇਰੀਆਂ ਕੁੱਝ ਇਤਿਹਾਸਕ ਯਾਦਾਂ, ਪੰਨਾ 166-67-68
3. ਭਾਈ ਰਣਧੀਰ ਸਿੰਘ 'ਜੇਲ੍ਹ ਚਿੱਠੀਆਂ', ਪੰਨਾ 37-38
4. ਗੁਰਬਖ਼ਸ਼ ਸਿੰਘ ਰਾਹੀ, 'ਜਿੰਨੀ ਰਾਹੀਂ ਮੈਂ ਤੁਰਿਆ', ਪੰਨਾ 68
5. ਡਾ. ਕਿਰਪਾਲ ਸਿੰਘ, ਪ੍ਰਿਥੀਪਾਲ ਸਿੰਘ ਕਪੂਰ, ਪੰਜਾਬ ਦੇ ਸਮਕਾਲੀ ਇਤਿਹਾਸ ਦੇ ਮੌਖਿਕ ਸਰੋਤ, ਮਿਹਰ ਸਿੰਘ ਰਵੇਲ ਦਾ ਬਿਆਨ, ਪੰਨਾ 230
6. ਪ੍ਰਿੰ. ਤੇਜਾ ਸਿੰਘ, ਆਰਸੀ, ਪੰਨਾ 34-35
7. The makers of modern Punjab, Comp. Dr. Kirpal Singh, Prithipal Singh Kapoor, p. 51
8. ਨਰੈਣ ਸਿੰਘ ਐੱਮ.ਏ., ਅਕਾਲੀ ਮੋਰਚੇ ਤੇ ਝੱਬਰ, ਪੰਨਾ 63
9. ਅਕਾਲੀ ਮੋਰਚੇ ਅਤੇ ਝੱਬਰ, ਪੰਨਾ 71
10. ਗਿ. ਕਰਤਾਰ ਸਿੰਘ ਕਲਾਸਵਾਲੀਆ, ਸੁਧਾਰ ਖਾਲਸਾ, ਪੰਨਾ 92

# ਪੰਜਾਬੀ ਮਨੋਰੰਜਨ ਖਬਰਨਾਮਾ

- ਅੰਮ੍ਰਿਤ ਪਵਾਰ








**ਅਫਸਾਨਾ ਖਾਨ - ਟਾਪ ਤੇ**

ਪੰਜਾਬੀ ਔਰਤ ਗਾਇਕੀ ਵਿੱਚ ਅਫਸਾਨਾ ਖਾਨ ਚੋਟੀ ਤੇ ਹੈ। ਆਰ.ਨੇਤ ਤੋਂ ਖਾਨ ਭੈਣੀ ਵਾਲਾ ਤੱਕ ਹਰ ਸਟਾਰ ਗਾਇਕ ਨਾਲ ਗਾ ਰਹੀ ਅਫਸਾਨਾ ਪੰਜਾਬੀ ਹੀ ਨਹੀਂ ਹਿੰਦੀ ਫਿਲਮਾਂ ਦੀ ਵੀ ਇਸ ਸਮੇਂ ਹਰਮਨ ਪਿਆਰੀ ਗਾਇਕਾ ਹੈ। ਅਫਸਾਨਾ ਖਾਨ ਸੰਘਰਸ਼ ਕਰ ਕਿ ਉਭਰੀ ਹੈ ਤੇ ਭੁੱਖਾਂ ਕੱਟ, ਪਿਆਸੀ ਰਹਿ ਉਸ ਸੁਰ ਨਹੀਂ ਵੰਡੀ ਅੱਜ ਟਾਪ ਤੇ ਹੈ।

**ਨਵਾਂ ਚਿਹਰਾ - ਗੁਰਵਿੰਦਰ ਸਿੰਘ**

ਸਰਦਾਰੀ ਦਿੱਖ ਤੇ ਪੱਗ ਦਾ ਅੰਦਾਜ ਨਿਰਦੇਸ਼ਕ ਪ੍ਰੀਤ ਸਿੱਧੂ ਨੂੰ ਪਸੰਦ ਆ ਗਿਆ। ਇਹੀ ਕਾਰਣ ਹੈ ਕਿ ਗੁਰਵਿੰਦਰ ਨੂੰ ਉਸਨੇ ਆਪਣੀ ਵੈਬ-ਸੀਰੀਜ਼ 'ਰੰਗ ਬਿਰੰਗੀ' 'ਚ ਕੰਮ ਦਿੱਤਾ ਹੈ। ਸ਼ੌਂਕ ਨਾਲ ਐਕਟਰ ਬਣੇ ਗੁਰਵਿੰਦਰ ਦਾ ਇਰਾਦਾ ਹੁਣ ਅਗਾਂਹ ਚੰਗਾ ਕੰਮ ਕਰਨਾ ਵੀ ਹੈ ਤੇ ਬਾਕੀ ਸਭ ਵਕਤ ਦੇ ਹੱਥ ਹੈ।

**ਕਿਸਾਨੀ ਜੰਗ ਦਾ ਸਿਪਾਹੀ - ਯੋਗਰਾਜ ਸਿੰਘ**

ਇਕੱਲਾਂ ਟੀ.ਵੀ ਚੈਨਲਾਂ ਤੇ ਹੀ ਨਹੀਂ ਯੋਗਰਾਜ ਸਿੰਘ ਮੋਢੇ ਨਾਲ ਮੋਢਾ ਲਾ ਕਿ ਕਿਸਾਨਾਂ ਦੇ ਖੇਤੀ ਕਨੂੰਨਾਂ ਵਿਰੁੱਧ ਸੰਘਰਸ਼ ਵਿਚ ਚਲ ਪਿਆ ਹੈ। ਮੋਗਾ ਰੈਲੀ ਵਿਚ ਯੋਗਰਾਜ ਦੀ ਲਲਕਾਰ ਤੇ ਹੋਰ ਸਾਰੀਆਂ ਧਿਰਾਂ ਨੂੰ ਇਕੱਠਾ ਕਰ ਕਿ ਯੋਗਰਾਜ ਸਿੰਘ ਕਿਸਾਨਾਂ ਦੀ ਜਿੱਤ ਲਈ ਅਰਦਾਸਾਂ ਵੀ ਕਰ ਰਹੇ ਹਨ।

**ਜੈਸਲੀਨ ਕਹੇ ਸਮਾਂ ਹੀ ਸਭ ਕੁੱਝ**

'ਯਾਰ ਅਣਮੁੱਲੇ ਰਿਟਰਨਜ' ਦੀ ਹੀਰੋਇਨ ਜੈਸਲੀਨ ਸਲਾਇਚ ਕਹਿ ਰਹੀ ਹੈ ਕਿ ਸਮੇਂ ਦੀ ਘੜੀ ਦੇ ਹੱਥ ਹੀ ਇਨਸਾਸ ਦੀ ਡੋਰ ਹੈ। ਕਰੋਨਾਂ ਨਾਂ ਆਉਂਦਾ ਤਾਂ ਉਹ ਅੱਜ ਚੋਟੀ ਦੀ ਪੰਜਾਬੀ ਫਿਲਮ ਹੀਰੋਇਨ ਹੁੰਦੀ। ਹੁਣ ਖੇਤੀ ਕਾਨੂੰਨ ਦਾ ਰੋਲਾ, ਇਸ ਨਾਲ ਕੈਰੀਅਰ ਰੁੱਕ ਜਿਹਾ ਗਿਆ ਹੈ।

**ਇਰਾਦਾ ਸੰਦੀਪ ਦਾ**

ਨਵੇਂ ਪੰਜਾਬੀ ਹੀਰੋ ਸੰਦੀਪ ਸਿੰਘ ਨੂੰ ਹੁਣ ਫਿਲਮੀ ਖੇਤਰ 'ਚ ਅਭਿਨੈ ਦਾ ਤਜ਼ਰਬਾ ਹੋ ਗਿਆ ਹੈ। 'ਰੰਗ ਬਿਰੰਗੀ' 'ਚ ਕੰਮ ਕਰ ਕਿ ਉਸਨੂੰ ਰੁਮਾਂਟਿਕ ਦ੍ਰਿਸ਼, ਜਜਬਾਤੀ ਦ੍ਰਿਸ਼ਾ ਤੋਂ ਇਲਾਵਾ ਹੀਰੋਇਨ ਤੇ ਨਿਰਦੇਸਕ ਨਾਲ ਤਾਲਮੇਲ ਬਿਠਾਉਣਾ ਵੀ ਆਗਿਆ ਹੈ।

**ਇੱਕ ਸੰਦੀਪ ਕੌਰ ਵੀ**

'ਚਾਕਲੇਟ' ਨੇ ਸਫਲ ਗਾਇਕਾ ਬਣਾ ਲਿਆ ਹੈ। ਐਸ ਆਡਿਉ ਦੀ ਪ੍ਰਬੰਧਕ ਬਣ ਸੰਗੀਤ ਸੇਵਾ ਕਰ ਰਹੀ ਸੰਦੀਪ ਸੰਧੂ ਆ ਰਹੇ ਸਮੇਂ ਦੀ ਕਾਮਯਾਬ ਫਿਲਮ ਨਿਰਮਾਤਰੀ ਵੀ ਹੈ। ਸੰਦੀਪ ਸੰਧੂ ਇਸ ਸਭ 'ਚ ਰੀਆ ਘੱਗ, ਹਰਪ੍ਰਿਤ ਘੱਗ ਦਾ ਅਹਿਮ ਯੋਗਦਾਨ ਦੱਸਦੀ ਹੈ।

ਸੰਦੀਪ ਸੰਧੂ ਪੜੀ ਲਿਖੀ ਗਾਇਕਾ ਹੈ। ਪਰਦੇ ਤੇ ਉਹ ਅਭਿਨੈ ਵੀ ਕਰੇਗੀ ਤੇ ਰਾਣਾ ਸੰਧੂ ਦੀ ਅਦਾਕਾਰਾ ਬਣੇਗੀ ਲਗਦਾ ਹੈ।

## ਨਿੱਕੀਆ ਕਰੂੰਬਲਾਂ ਪ੍ਰਕਾਸ਼ਨ ਨੇ ਗਵੀਸ਼ ਤੇ ਹੂਮਾ ਦੀ ਸੰਗਤਿਕ ਮਹਿਫ਼ਲ ਕਰਵਾਈ

**ਮਾਹਿਲਪੁਰ:** ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ ਅਤੇ ਸੁਰ ਸੰਗਮ ਵਿਦਿਅਕ ਟਰੱਸਟ ਵਲੋਂ ਪ੍ਰਿੰ.ਮਨਜੀਤ ਕੌਰ ਦੀ ਅਗਵਾਈ ਹੇਠ ਇਕ ਸੰਗੀਤਕ ਮਹਿਫ਼ਲ ਦਾ ਪ੍ਰਬੰਧ ਕਰੂੰਬਲਾਂ ਭਵਨ ਵਿਚ ਕੀਤਾ ਗਿਆ। ਇਸ ਮਹਿਫ਼ਲ ਵਿਚ ਸਮਰਾਲੇ ਤੋਂ ਉਚੇਚੇ ਤੌਰ ਤੇ ਉੱਘੇ ਬਾਲ ਕਲਾਕਾਰ ਡਾ. ਗਵੀਸ਼ ਗੋਪਾਲ ਅਤੇ ਉਸਦੀ ਜੀਵਨ ਸਾਥਣ ਹੁਮਾ ਖੋਸਲਾ ਨੇ ਹਿੰਦੀ, ਪੰਜਾਬੀ ਅਤੇ ਭੋਜਪੁਰੀ ਗੀਤਾਂ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਗਵੀਸ਼ ਗੋਪਾਲ ਨੇ ਆਪਣੇ ਬਚਪਨ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਉਸਨੇ ਮਾਹਿਲਪੁਰ ਦੇ ਬਾਲ ਮੇਲੇ ਅਤੇ ਬਾਲ ਕਾਫਲੇ ਵਿਚ ਉੱਘੇ ਕਲਾਕਾਰ ਤੇ ਸਾਹਿਤ ਅਕੈਡਮੀ ਅਵਾਰਡੀ ਸਾਹਿਤਕਾਰ ਨਾਲ ਭਾਗ ਲੈ ਕੇ ਆਪਣੀ ਕਲਾ ਨੂੰ ਬੁਲੰਦੀਆਂ ਤੇ ਪਹੁੰਚਾਇਆ। ਉਹਨਾਂ ਅੱਗੇ ਕਿਹਾ ਕਿ ਬਲਜਿੰਦਰ ਮਾਨ ਅਤੇ ਐਸ਼ ਅਸ਼ੋਕ ਭੌਰਾ ਨੇ ਇਸ ਸ਼ਹਿਰ ਨੂੰ ਸਾਹਿਤਕ, ਸੱਭਿਆਚਾਰਕ, ਖੇਡ ਅਤੇ ਬਾਲ ਸਾਹਿਤ ਦੇ ਖੇਤਰ ਵਿਚ ਵਿਸ਼ਵ ਪ੍ਰਸਿੱਧੀ ਦਿਵਾਈ ਹੈ। ਸ਼ੌਂਕੀ ਮੇਲੇ ਅਤੇ ਚੀਚੋ ਚੀਚ ਗੰਨੇਰੀਆਂ ਕਾਫਲੇ ਦੀ ਚਰਚਾ ਅਜ ਵੀ ਬੜੇ ਮਾਣ ਤੇ ਸਤਿਕਾਰ ਨਾਲ ਕੀਤੀ ਜਾਂਦੀ ਹੈ। ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਅਤੇ ਬਾਲ ਸਾਹਿਤਕਾਰ ਬਲਜਿੰਦਰ ਮਾਨ ਨੇ ਉਹਨਾਂ ਦਾ ਮਾਣ ਸਨਮਾਨ ਕਰਦਿਆਂ ਕਿਹਾ ਕਿ ਗਵੀਸ਼ ਉਹ ਕਲਾਕਾਰ ਹੈ ਜੋ ਮਾਸਟਰ ਸਲੀਮ ਅਤੇ ਯੁਧਵੀਰ ਮਾਣਕ ਵਰਗਿਆਂ ਨਾਲ ਬਚਪਨ ਵਿਚ ਮੋਢਾ ਮੇਚ ਕੇ ਗਾਉਂਦਾ ਰਿਹਾ। ਬਾਅਦ ਵਿਚ ਸੰਗੀਤਕ ਖੋਜ ਵਿਚ ਜੁਟ ਗਿਆ। ਹੁਮਾ ਖੋਸਲਾ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਆਖਿਆ ਕਿ ਅਸੀਂ ਨਰੋਏ ਬਾਲ ਸਾਹਿਤ ਨੂੰ ਸੰਗੀਤ ਵਿਚ ਪ੍ਰੋਅ ਕੇ ਬੱਚਿਆਂ ਦੀ ਸੋਚ ਨੂੰ ਉਚੇਰਾ ਕਰ ਸਕਦੇ ਹਾਂ। ਬੱਚਿਆਂ ਨੇ ਕਲਾਕਾਰ ਜੋੜੀ ਤੋਂ ਬਾਲ ਵੰਨਗੀਆਂ ਫਰਮਾਇਸ਼ ਨਾਲ ਸੁਣੀਆਂ। ਇਸ ਸੰਗੀਤਕ ਮਹਿਫ਼ਲ ਵਿਚ ਲੋਕ ਕਵੀ ਪੰਮੀ ਖੁਸ਼ਹਾਲਪੁਰੀ ਅਤੇ ਸੁਖਮਨ ਸਿੰਘ ਨੇ ਆਪਣੀਆਂ ਬਾਲ ਰਚਨਾਵਾਂ ਨੂੰ ਤਰੰਨਮ ਵਿਚ ਪੇਸ਼ ਕਰਕੇ ਚੰਗੀ ਭੱਲ ਖੱਟੀ। ਬੱਗਾ ਸਿੰਘ ਆਰਟਿਸਟ, ਪਰਮਜੀਤ ਪਾਲ, ਛਿੰਦਰ ਪਾਲ, ਨਰਿੰਦਰ ਕੁਮਾਰ, ਨਿਧੀ ਅਮਨ ਸਹੋਤਾ, ਹਰਮਨਪ੍ਰੀਤ ਕੌਰ, ਮਨਜਿੰਦਰ ਸਿੰਘ, ਹਰਵੀਰ ਮਾਨ ਅਤੇ ਰਵਨੀਤ ਕੌਰ ਆਦਿ ਨੇ ਵੀ ਆਪੋ ਆਪਣੇ ਢੰਗ ਨਾਲ ਆਪਣੀ ਹਾਜ਼ਰੀ ਲਗਵਾਈ। ਸਭ ਦਾ ਧੰਨਵਾਦ ਕੁਲਦੀਪ ਕੌਰ ਬੈਂਸ ਵਲੋਂ ਕੀਤਾ ਗਿਆ।



## ਪੁਰਾਣੇ ਹਿੰਦੀ, ਪੰਜਾਬੀ ਰਿਕਾਰਡ, ਕੈਸਿਟਾਂ ਤੇ ਗ੍ਰਾਮੋਫੋਨ ਮਸ਼ੀਨਾਂ ਦਾ ਖ਼ਜ਼ਾਨਾਂ ਸਾਂਭੀ ਬੈਠਾ ਮੋਗਾ ਦਾ ਰਵੀ ਮਨੋਚਾ



**ਤਸਵਿੰਦਰ ਸਿੰਘ ਬੜੈਚ**
91-98763-22677

'ਮਿੱਤਰਾ ਦੀ ਲੂਣ ਦੀ ਡਲੀ, ਨੀ ਤੂੰ ਮਿਸ਼ਰੀ ਬਰੋਬਰ ਜਾਣੀ, 'ਲੈ ਜਾ ਛੱਲੀਆਂ ਭੁੰਨਾ ਲਈ ਦਾਣੇ, ਵੇ ਮਿੱਤਰਾਂ ਦੂਰ ਦਿਆ' 'ਤੇਰੇ ਖੁਸ਼ਕ ਮੱਕੀ ਦੇ ਦਾਣੇ, ਮਿੱਤਰਾਂ ਨੇ ਨਹੀਂ ਚੱਬਣੇ', ਗਾਣਾ ਸੁਣ ਕੇ ਪੁਰਾਣਾ ਸਮਾਂ ਚੇਤੇ ਆ ਜਾਂਦਾ ਹੈ। ਕਦੇ ਸਮਾਂ ਸੀ ਜਦੋਂ ਸੰਗੀਤ ਸੁਣਨ ਦਾ ਸਾਧਨ ਗ੍ਰਾਮੋਫੋਨ ਉੱਤੇ ਪੱਥਰ ਤੇ ਪਲਾਸਟਿਕ ਦੇ ਤਵੇ ਹੋਇਆ ਕਰਦੇ ਸਨ। ਜੋ ਨਜਾਰਾ ਸੰਗੀਤ ਸੁਣਨ ਦਾ ਗ੍ਰਾਮੋਫੋਨ ਮਸ਼ੀਨ 'ਤੇ ਆਉਂਦਾ ਸੀ, ਉਹ ਹੋਰ ਕਿਸੇ ਸਾਧਨ ਰਾਹੀਂ ਨਹੀਂ ਆ ਸਕਦਾ। ਅੱਜ ਇਹ ਸਭ ਕੁੱਝ ਸੱਭਿਆਚਾਰ ਦਾ ਭੁੱਲਿਆ ਵਿਸਰਿਆ ਅੰਗ ਬਣ ਕੇ ਰਹਿ ਗਿਆ ਹੈ। ਨਵੀਂ ਪੀੜ੍ਹੀ ਵਿਚੋਂ ਬਹੁਤ ਘੱਟ ਨੂੰ ਗ੍ਰਾਮੋਫੋਨ ਮਸ਼ੀਨਾਂ ਤੇ ਤਵਿਆ ਬਾਰੇ ਜਾਣਕਾਰੀ ਹੋਵੇਗੀ। ਨੋਜਵਾਨ ਪੀੜ੍ਹੀ 'ਚੋਂ ਬਹੁਤਿਆਂ ਨੇ ਤਾਂ ਇਹ ਗ੍ਰਾਮੋਫੋਨ ਮਸ਼ੀਨਾਂ ਤੇ ਤਵੇ (ਰਿਕਾਰਡ) ਵੇਖੇ ਵੀ ਨਹੀਂ ਹੋਣੇ। ਅੱਜ ਦੀ ਨੋਜਵਾਨ ਪੀੜ੍ਹੀ ਜਿੱਥੇ ਇਸ ਪੁਰਾਤਨ ਸੰਗੀਤਕ ਕਲਚਰ ਤੋਂ ਮਨਫੀ ਹੋ ਰਹੀ ਹੈ ਉਥੇ ਇਸ ਨੂੰ ਸਾਂਭਣ ਦੇ ਉਪਰਾਲੇ ਕਰਨ ਵਾਲੇ ਤੇ ਨਵੀਂ ਪੀੜ੍ਹੀ ਨੂੰ ਇਸ ਸੰਗੀਤਕ ਵਿਰਾਸਤ ਨਾਲ ਜੋੜਨ ਦੇ ਉਪਰਾਲੇ ਕਰਨ ਵਾਲੇ ਕੁਝ ਕੁ ਟਾਂਵੇ-ਟਾਂਵੇ ਦੇਖਣ ਅਤੇ ਸੁਣਨ ਨੂੰ ਮਿਲ ਹੀ ਜਾਂਦੇ ਹਨ। ਅਜਿਹਾ ਇਕ ਵਿਆਕਤੀ ਹੈ ਰਵੀ ਮਨੋਚਾ। ਜਿਸ ਨੇ ਪਿਛਲੇ 100 ਸਾਲਾਂ ਤੋਂ ਚਲੇ ਆ ਰਹੇ ਗੀਤ-ਸੰਗੀਤ ਦੇ ਪੱਥਰ, ਪਲਾਸਟਿਕ ਦੇ ਰਿਕਾਰਡ,ਕੈਸਿਟਾਂ ਤੇ ਗ੍ਰਾਮੋਫੋਨ ਮਸ਼ੀਨਾਂ ਦਾ ਵੱਡਾ ਖ਼ਜਾਨਾ ਸਾਂਭ ਕੇ ਰੱਖਿਆ ਹੋਇਆ ਹੈ। ਉਸਨੇ ਇਹ ਪੁਰਾਤਨ ਸੰਗੀਤਕ ਵਸਤਾਂ ਆਪਣੇ ਘਰ ਵਿਚ ਹੀ ਸਾਂਭ ਕੇ ਰੱਖੀਆਂ ਹੋਈਆਂ ਹਨ, ਜਿਨ੍ਹਾਂ ਨੂੰ ਪੁਰਾਣੇ ਸੰਗੀਤ ਨੂੰ ਪਿਆਰ ਕਰਨ ਵਾਲੇ ਪ੍ਰੇਮੀ ਦੂਰੋਂ-ਦੂਰੋਂ ਵੇਖਣ ਸੁਣਨ ਆਉਂਦੇ-ਜਾਂਦੇ ਰਹਿੰਦੇ ਹਨ। ਥੋੜ੍ਹੀ ਜਗ੍ਹਾਂ ਹੋਣ ਦੇ ਜਾਵਜੂਦ ਉਸਨੇ ਇਨ੍ਹਾਂ ਸੰਗੀਤਕ ਵਸਤਾਂ ਨੂੰ ਬੜੇ ਸਲੀਕੇ ਨਾਲ ਸਾਂਭ ਕੇ ਰੱਖਿਆ ਹੋਇਆ ਹੈ। ਉਸ ਵੱਲੋਂ ਸੰਭਾਲੀਆਂ ਇਨ੍ਹਾਂ ਵਸਤਾਂ ਵਿੱਚ 15 ਹਜਾਰ ਦੇ ਕਰੀਬ ਆਡੀਓ ਕੈਸਿਟਾਂ, 10 ਹਜਾਰ ਦੇ ਕਰੀਬ ਸੀ, ਡੀ, ਡੀ ਵੀ ਡੀ, ਵੀਡਿਓ



ਸੀ ਡੀ, ਏ ਵੀ ਡੀ ਤੋਂ ਇਲਾਵਾ ਪੁਰਾਣਾ ਬਲੈਕ ਐਂਡ ਵਾਈਟ ਟੀ ਵੀ (ਜੋ ਉਸਨੇ ਬੈਗਲੂਰ ਤੋਂ 25 ਹਜਾਰ ਰੁਪਏ ਦਾ ਖਰੀਦਿਆ ਹੈ), 2 ਟਿਊਬਾਂ ਵਾਲੇ ਰੇਡੀਓ (ਜੋ 70 ਸਾਲ ਪੁਰਾਣੇ ਹਨ), ਸੰਭਾਲੇ ਹੋਏ ਹਨ। ਜਿਹੜਾ ਗੀਤ ਕਿਤੋਂ ਵੀ ਨਹੀਂ ਮਿਲਦਾ, ਉਹ ਉਸ ਕੋਲ ਮਿਲ ਜਾਂਦਾ ਹੈ। ਇਸ ਤੋਂ ਇਲਾਵਾ ਉਸ ਕੋਲ ਕੋਈ 9 ਦੇ ਕਰੀਬ ਗ੍ਰਾਮੋਫੋਨ ਮਸ਼ੀਨਾਂ ਜਿਨ੍ਹਾਂ ਵਿਚ ਹੱਥ ਨਾਲ ਚਾਬੀ ਦੇ ਕੇ ਚੱਲਣ ਵਾਲੀਆਂ, ਬੈਟਰੀ ਅਤੇ ਬਿਜਲੀ ਨਾਲ ਚੱਲਣ ਵਾਲੀਆਂ ਐਚ. ਐਮ. ਵੀ., ਫਿਲਿਪਸ, ਜਾਪਾਨੀ, ਮਰਫੀ, ਕੰਪਨੀਆਂ ਦੀਆਂ ਪਈਆਂ ਹਨ। ਰਵੀ ਮਨੋਚਾ ਦੀ ਸੰਗੀਤਕ ਲਾਇਬ੍ਰੇਰੀ ਵਿਚ ਜਿਹੜੀਆਂ ਚਾਬੀ ਨਾਲ ਚੱਲਣ ਵਾਲੀਆਂ ਗ੍ਰਾਮੋਫੋਨ ਮਸ਼ੀਨਾਂ ਪਈਆਂ ਹਨ, ਉਹ ਕਈ ਦਹਾਕੇ ਪੁਰਾਣੀਆਂ ਹਨ। ਰਵੀ ਨੇ ਇਹ ਸੰਗੀਤਕ ਖਜ਼ਾਨਾ ਆਪਣੀ ਸੰਗੀਤਕ ਲਾਇਬਰੇਰੀ ਵਿੱਚ ਪੁੱਤਾਂ ਵਾਂਗ ਸੰਭਾਲ ਕੇ ਰੱਖਿਆ ਹੋਇਆ ਹੈ। ਜਿਸ 'ਤੇ ਹੁਣ ਤੱਕ ਤਕਰੀਬਨ 40 ਲੱਖ ਰੁਪਏ ਖਰਚ ਆ ਚੁੱਕਿਆ ਹੈ। ਮੋਗਾ ਦੇ ਰਵੀ ਮਨੋਚਾ ਨੇ ਦੱਸਿਆ ਕਿ ਉਸਨੂੰ ਇਹ ਸ਼ੌਕ ਬਚਪਨ ਤੋਂ ਹੀ ਹੈ ਤੇ ਉਸਨੇ ਇਹ ਪੁਰਾਤਨ ਅਤੇ ਵਿਰਸੇ ਨਾਲ ਸਬੰਧਿਤ ਗ੍ਰਾਮੋਫੋਨ ਮਸ਼ੀਨਾਂ ਤੇ ਰਿਕਾਰਡ ਆਪਣੀਆਂ ਜੇਬਾਂ 'ਚੋਂ ਪੈਸੇ ਖ਼ਰਚ ਕਰਕੇ ਸਮੁੱਚੇ ਪੰਜਾਬ 'ਚੋਂ ਵੱਖ-ਵੱਖ ਸ਼ਹਿਰਾਂ ਦੀ ਖਾਕ ਛਾਣ ਕੇ ਇਕੱਠੇ ਕੀਤੇ ਹਨ। ਰਵੀ ਦੇ ਦੱਸਣ ਮੁਤਾਬਿਕ ਉਸ ਨੂੰ ਜੇ ਕੋਈ ਅੱਜ ਵੀ ਆ ਕੇ ਦੱਸਦਾ ਹੈ ਕਿ ਫਲਾਣੇ ਸਹਿਰ ਜਾਂ ਪਿੰਡ ਕਿਸੇ ਵਿਆਕਤੀ ਕੋਲ ਤਵੇ ਪਏ ਹਨ ਤਾਂ ਉਹ ਉਸਨੂੰ ਹਰ ਹਾਲਤ ਵਿਚ ਹਾਸਲ ਕਰਦਾ ਹੈ, ਭਾਂਵੇ ਉਸਨੂੰ ਇਸਦਾ ਕਿੰਨ੍ਹਾਂ ਹੀ ਮੁੱਲ ਤਾਰਨਾ ਪਵੇ। ਮੋਗਾ ਦੇ ਰਵੀ ਦਾ ਕਹਿਣਾ ਹੈ ਕਿ ਇਸ ਸ਼ੌਕ ਵਿਚ ਉਸ ਦੀ ਧਰਮਪਤਨੀ ਕਵਿਤਾ, ਬੇਟੇ ਰਿਤਿਕ ਤੇ ਬੇਟੀ ਗੂਜਨ ਦਾ ਉਸ ਨੂੰ ਪੂਰਾ ਸਹਿਯੋਗ ਹੈ।

## ਕੋਰੋਨਾ ਬਨਾਮ ਇਨਸਾਨੀਅਤ



**ਗੁਰਵਿੰਦਰ ਸਿੰਘ 'ਉੱਪਲ'**
91-98411-45000

ਕੋਰੋਨਾ ਯਾਨੀ ਕਿ ਕੋਵਿਡ-19 ਸ਼ਬਦ ਨੂੰ ਸੁਣਨ ਸਾਰ ਹੀ ਦਿਮਾਗ ਵਿੱਚ ਸਮਾਜਿਕ ਦੂਰੀ ਦਾ ਸੰਕਲਪ ਪੈਦਾ ਹੋ ਜਾਂਦਾ ਹੈ। ਪਿਛਲੇ ਕਾਫ਼ੀ ਸਮੇਂ ਤੋਂ ਸਾਰਾ ਹੀ ਸੰਸਾਰ ਇਸ ਮਹਾਂਮਾਰੀ ਨਾਲ਼ ਜੂਝ ਰਿਹਾ ਹੈ। ਬਹੁਤੇ ਤਾਂ ਇਸ ਦੁਨੀਆਂ ਤੋਂ ਰੁਖ਼ਸਤ ਹੀ ਹੋ ਗਏ ਹਨ। ਸਰਕਾਰਾਂ ਸਮੇਂ-ਸਮੇਂ 'ਤੇ ਹਦਾਇਤਾਂ ਜਾਰੀ ਕਰ ਕਰ ਰਹੀਆਂ ਹਨ।

ਜਨਤਾ ਨੂੰ ਉਨ੍ਹਾਂ ਹਦਾਇਤਾਂ ਨੂੰ ਪਾਲਣ ਕਰਨ ਵਾਸਤੇ ਕਹਿ ਰਹੀਆਂ ਹਨ। ਇਸ ਮਹਾਂਮਾਰੀ ਦੀ ਦਵਾਈ ਨਾ ਹੋਣ ਕਰਕੇ ਸਰਕਾਰ ਸਮਾਜਿਕ ਦੂਰੀ ਦਾ ਹੀ ਪਾਲਣਾ ਕਰਨ ਵਾਸਤੇ ਕਹਿ ਰਹੀ ਹੈ। ਇਹ ਕਾਫ਼ੀ ਹੱਦ ਤੱਕ ਸਹੀ ਵੀ ਹੈ। ਕਿਉਂਕਿ ਸਿਆਣੇ ਕਹਿੰਦੇ ਹਨ ਕਿ "ਜਾਨ ਹੈ ਤਾਂ ਜਹਾਨ ਹੈ"। ਇਸ ਕਰਕੇ ਅਗਰ ਅਸੀਂ ਘਰ ਰਹਾਂਗੇ ਜਾਂ ਸਮਾਜਿਕ ਦੂਰੀ ਬਣਾ ਕੇ ਰੱਖਾਂਗੇ ਤਾਂ ਅਸੀਂ ਆਪਣੀ ਅਤੇ ਆਪਣੇ ਸਾਕ ਸਬੰਧੀਆਂ ਦੀ ਜਾਨ ਮਹਿਫ਼ੂਜ਼ ਰੱਖ ਸਕਾਂਗੇ।

ਪ੍ਰੰਤੂ ਸੋਚਣ ਵਾਲ਼ੀ ਗੱਲ ਇਹ ਹੈ ਕਿ ਕਰੋਨਾ ਮਹਾਂਮਾਰੀ ਦੇ ਚੱਲਦਿਆਂ ਸਮਾਜਿਕ ਦੂਰੀ ਕਿੰਨੀ ਕੁ ਜਾਇਜ਼ ਹੈ? ਸਭ ਤੋਂ ਪਹਿਲਾਂ ਅਸੀਂ ਆਪਣੇ ਘਰ ਤੋਂ ਹੀ ਸ਼ੁਰੂ ਕਰਦੇ ਹਾਂ। ਇਹ ਦੇਖਣ 'ਚ ਆਇਆ ਹੈ ਕਿ ਘਰ ਦੇ ਸਕੇ ਮੈਂਬਰ ਇੱਕ ਦੂਜੇ ਤੋਂ ਦੂਰ ਦੂਰ ਇੰਝ ਰਹਿੰਦੇ ਹਨ ਜਿਵੇਂ ਉਹ ਕਿਸੇ ਹੋਰ ਪਰਿਵਾਰ ਨਾਲ਼ ਸਬੰਧ ਰੱਖਦੇ ਹੋਣ। ਉਨ੍ਹਾਂ ਦੀ ਇੱਕ ਦੂਜੇ ਦੇ ਮਨਾਂ 'ਚ ਵੱਧਦੀ ਦੂਰੀ ਸਪਸ਼ਟ ਤੌਰ 'ਤੇ ਵੇਖੀ ਜਾ ਸਕਦੀ ਹੈ। ਜੇਕਰ ਕੋਈ ਪਰਿਵਾਰ ਦਾ ਮੈਂਬਰ ਪਾਣੀ ਜਾਂ ਰੋਟੀ ਦੀ ਮੰਗ ਕਰਦਾ ਵੀ ਹੈ ਤਾਂ ਬਹੁਤ ਹੀ ਹੀਣ ਭਾਵਨਾ ਨਾ਼ਲ ਦੂਰ ਰਹਿ ਕੇ ਭੋਜਨ ਦਿੱਤਾ ਜਾਂਦਾ ਹੈ। ਕਹਿਣ ਦਾ ਮਤਲਬ ਇਹ ਹੈ ਕਿ ਕੋਰੋਨਾ ਕਰਕੇ ਸਾਨੂੰ ਆਪਣੇ ਮਨਾਂ ਵਿੱਚ ਨਫ਼ਰਤ ਜਾਂ ਫਿੱਕ ਨਹੀਂ ਪਾਉਣੀ ਚਾਹੀਦੀ। ਕਿਉਂਕਿ ਇਸ ਬਿਮਾਰੀ ਨੇ ਤਾਂ ਇੱਕ ਨਾ ਇੱਕ ਦਿਨ ਚਲਿਆ ਜਾਣਾ ਹੈ ਪਰ ਅਗਰ ਤੁਹਾਡੇ ਮਨ ਵਿੱਚ ਇੱਕ ਦੂਜੇ ਪ੍ਰਤੀ ਨਫ਼ਰਤ ਦਾ ਕੋਰੋਨਾ ਪੈਦਾ ਹੋ ਗਿਆ ਤਾਂ ਉਸਨੂੰ ਕੱਢਣਾ ਔਖਾ ਹੋ ਸਕਦਾ ਹੈ।

ਕੋਰੋਨਾ ਬਿਮਾਰੀ ਦੌਰਾਨ ਇਨਸਾਨੀਅਤ ਦਾ ਬਹੁਤ ਘਾਣ ਹੋ ਰਿਹਾ ਹੈ। ਪਿਛਲੀ ਦਿਨੀਂ ਮੈਂ ਫੇਸਬੁੱਕ 'ਤੇ ਲੁਧਿਆਣਾ ਸ਼ਹਿਰ ਦੀ ਵੀਡੀਓ ਵੇਖ ਰਿਹਾ ਸੀ। ਜਿਸ ਵਿੱਚ ਲੁਧਿਆਣਾ ਤੋਂ ਜਗਰਾਓਂ ਰੋਡ (ਜੋ ਕਿ ਇੱਕ ਬਹੁਤ ਵਿਅਸਤ ਰੋਡ ਹੈ) 'ਤੇ ਇੱਕ 50 ਕੁ ਸਾਲਾਂ ਦਾ ਵਿਅਕਤੀ ਕੀੜੇ ਪੈਣ ਕਰਕੇ, ਇਲਾਜ ਪੱਖੋਂ ਇਸ ਕਰਕੇ ਆਪਣੇ ਪ੍ਰਾਣ ਤਿਆਗ ਗਿਆ ਕਿ ਕੋਰੋਨਾ ਵਾਇਰਸ ਦੇ ਚੱਲਦਿਆਂ ਉਸਨੂੰ ਚੁੱਕਣਾ ਤਾਂ ਦੂਰ ਦੀ ਗੱਲ, ਲੋਕ ਉਸ ਕੋ਼ਲ ਰੁਕਣ ਤੋਂ ਵੀ ਝਿਜਕਦੇ ਸਨ। ਇਸ ਪ੍ਰਕਾਰ ਦੀਆਂ ਰੋਜ਼ਾਨਾ ਪਤਾ ਨਹੀਂ ਕਿੰਨੀਆਂ ਕੁ ਖਬਰਾਂ ਅਸੀਂ ਅਖਬਾਰਾਂ ਜਾਂ ਟੈਲੀਵਿਜ਼ਨ ਉੱਪਰ ਦੇਖਦੇ ਅਤੇ ਸੁਣਦੇ ਹਾਂ।

ਬੇਸ਼ੱਕ ਬਹੁਤ ਇਨਸਾਨ ਇਸ ਕੋਰੋਨਾ ਮਹਾਂਮਾਰੀ ਦੌਰਾਨ ਇਨਸਾਨੀਅਤ ਦੀ ਸੇਵਾ ਕਰਦੇ ਹਨ। ਕੋਈ ਨਵਾਂ ਘਰ ਬਣਾ ਕੇ ਦੇ ਰਿਹਾ ਹੈ। ਕੋਈ ਬਿਮਾਰ ਵਿਅਕਤੀਆਂ ਦਾ ਇਲਾਜ ਕਰਵਾ ਰਿਹਾ ਹੈ। ਜੋ ਕਿ ਸਾਡੇ ਲਈ ਪ੍ਰੇਰਣਾ ਸਰੋਤ ਹਨ। ਸਾਨੂੰ ਉਨ੍ਹਾਂ ਕੋ਼ਲੋਂ ਸਬਕ ਲੈਣਾ ਚਾਹੀਦਾ ਹੈ।

ਪ੍ਰੰਤੂ ਬਹੁਤ ਸਾਰੇ ਲੋਕ, ਜਿੰਨ੍ਹਾਂ ਵਾਸਤੇ ਇਹ ਕੋਰੋਨਾ ਇੱਕ ਹਊਆ ਬਣ ਚੁੱਕਾ ਹੈ, ਉਨ੍ਹਾਂ ਨੂੰ ਇਨਸਾਨੀਅਤ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ।

ਕੋਰੋਨਾ ਮਹਾਂਮਾਰੀ ਦੌਰਾਨ ਹੀ ਸੋਸ਼ਲ ਮੀਡਿਆ ਉੱਪਰ ਇਟਲੀ ਦੇ ਡਾਕਟਰ ਮੀਆਂ-ਬੀਬੀ ਦੀ ਖ਼ਬਰ ਤੋਂ ਅਸੀਂ ਸਾਰੇ ਭਲੀ ਭਾਂਤ ਜਾਣੂ ਹਾਂ। ਕਿ ਕਿਸ ਪ੍ਰਕਾਰ ਉਨ੍ਹਾਂ ਨੇ ਹਜ਼ਾਰਾਂ ਮਰੀਜ਼ਾਂ ਨੂੰ ਬਚਾਇਆ ਸੀ, ਪ੍ਰੰਤੂ ਅਖੀਰ ਨੂੰ ਉਹ ਦੋਵੇਂ ਇਸ ਸੰਸਾਰ ਨੂੰ ਅਲਵਿਦਾ ਆਖ ਗਏ। ਸੋ ਕਹਿਣ ਦਾ ਮਤਲਬ ਇਹ ਹੈ ਕਿ ਬੇਸ਼ਕ ਸਾਨੂੰ ਸਮਾਜਿਕ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ ਪਰ ਨਾ਼ਲ ਨਾ਼ਲ ਸਾਨੂੰ ਇਨਸਾਨੀਅਤ ਨੂੰ ਵੀ ਜ਼ਿੰਦਾ ਰੱਖਣਾ ਚਾਹੀਦਾ ਹੈ।

ਮੇਰਾ ਉਨ੍ਹਾਂ ਸਾਰੇ ਹੀ ਵਾਰੀਅਰਜ਼ ਨੂੰ ਪ੍ਰਣਾਮ, ਜਿਹੜੇ ਇਸ ਕੋਰੋਨਾ ਮਹਾਂਮਾਰੀ ਦੌਰਾਨ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਲੋਕਾਂ ਦੀਆਂ ਜਾਨਾਂ ਬਚਾ ਰਹੇ ਹਨ, ਅਤੇ ਹਰ ਸੰਭਵ ਤਰੀਕੇ ਨਾ਼ਲ ਮਦਦ ਕਰ ਰਹੇ ਹਨ। ਸੋ, ਅੰਤ ਵਿੱਚ ਮੇਰਾ ਸਮੁੱਚੀ ਕਾਇਨਾਤ ਨੂੰ ਇੱਕੋ ਹੀ ਸੁਨੇਹਾ ਹੈ ਕਿ ਸਾਨੂੰ ਇਸ ਕੋਰੋਨਾ ਦੀ ਆੜ ਵਿੱਚ ਆਪਣੇ ਸਮਾਜਿਕ ਰਿਸ਼ਤਿਆਂ ਅਤੇ ਇਨਸਾਨੀਅਤ ਦਾ ਘਾਣ ਨਹੀਂ ਕਰਨਾ ਚਾਹੀਦਾ। ਜਿੱਥੇ ਕਿਤੇ ਵੀ ਕੋਈ ਵੀ ਲਾਚਾਰ ਵਿਅਕਤੀ ਮਿ਼ਲਦਾ ਹੈ ਤਾਂ ਉਸਦੀ ਹਰ ਸੰਭਵ ਤਰੀਕੇ ਨਾਲ ਮਦਦ ਕਰਨੀ ਚਾਹੀਦੀ ਹੈ। ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਉਸਦੀ ਮਦਦ ਕਰਨੀ ਚਾਹੀਦੀ ਹੈ। ਕਿਉਂਕਿ ਜੇਕਰ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ ਵਰਗੇ ਦੇਸ਼ ਭਗਤ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਦੇਸ਼ ਨੂੰ ਆਜ਼ਾਦੀ ਨਾ ਦਵਾਉਂਦੇ ਤਾਂ ਅੱਜ ਸ਼ਾਇਦ ਅਸੀਂ ਉਨ੍ਹਾਂ ਨੂੰ ਯਾਦ ਨਾ ਕਰਦੇ। ਇਸ ਕਰਕੇ ਸਾਨੂੰ ਵੀ ਜ਼ਰੂਰ ਉਸ ਅਕਾਲ ਪੁਰਖ ਵਾਹਿਗੁਰੂ ਨੂੰ ਆਪਣੇ ਅੰਗ ਸੰਗ ਸਮਝ ਕੇ ਕੋਰੋਨਾ ਦੌਰਾਨ ਲੋਕਾਂ ਨਾ਼ਲ ਇਨਸਾਨੀਅਤ ਤੌਰ 'ਤੇ ਜੁੜੇ ਰਹਿਣਾ ਚਾਹੀਦਾ ਹੈ। ਉਨ੍ਹਾਂ ਨਾ਼ਲ ਭੇਦ ਭਾਵ ਨਹੀਂ ਕਰਨਾ ਚਾਹੀਦਾ ਅਤੇ ਸਮਾਜਿਕ ਰਿਸ਼ਤਿਆਂ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾ਼ਲ ਤੁਸੀਂ ਭਾਰਤ ਮਾਤਾ ਦੇ ਇੱਕ ਸੱਚੇ ਸਪੂਤ ਹੋਣ ਦਾ ਮਾਣ ਪ੍ਰਾਪਤ ਕਰੋਗੇ।

ਜੈ ਹਿੰਦ!

"ਜੋ ਕਰਦੇ ਸੇਵਾ ਦੇਸ਼ ਦੀ ਐ,
ਉਹ ਨਾਮ ਵਿੱਚ ਹੀਰਿਆਂ ਜੜਦੇ ਨੇ।
ਲੋਕ ਯਾਦ ਹਮੇਸ਼ਾ ਕਰਦੇ ਨੇ,
ਜੋ ਨਾ਼ਲ ਵਿੱਚ ਮੁਸੀਬਤ ਖੜ੍ਹਦੇ ਨੇ।
ਉਨ੍ਹਾਂ ਯੋਧਿਆਂ ਨੂੰ ਹੈ ਸਲਾਮ ਮੇਰਾ,
ਜੋ ਨਾ਼ਲ ਕੋਰੋਨਾ ਲੜਦੇ ਨੇ।
ਜੇ 'ਗੁਰਵਿੰਦਰਾ' ਮਨਾਂ ਵਿੱਚ ਫਿੱਕ ਨਹੀਂ,
ਫਿਰ ਰਿਸ਼ਤੇ ਪੂਰ ਵੀ ਚੜ੍ਹਦੇ ਨੇ।"

### ਕਿਸਾਨ ਵੀਰੋ, ਜ਼ਰਾ ਬਚ ਕੇ ਮੋੜ ਤੋਂ..


# ਦੇਖਣਾ ਧਰਮ ਯੁੱਧ ਮੋਰਚੇ ਵਾਂਗ ਕਿਤੇ ਕਿਸਾਨੀ ਸੰਘਰਸ਼ ਨੂੰ ਵੀ ਇਹ ਲੀਡਰ ਫੇਲ ਨਾ ਕਰ ਦੇਣ?



ਜਗਰੂਪ ਸਿੰਘ ਜਰਖੜ
98143-00722

ਇਤਿਹਾਸ ਗਵਾਹ ਹੈ ਕਿ ਪੰਜਾਬ ਕਿਸੇ ਵੀ ਸੰਘਰਸ਼ੀ ਮੈਦਾਨ ਵਿੱਚ ਜਦੋਂ ਵੀ ਹਾਰਿਆ ਤਾਂ ਸਾਡੇ ਲੀਡਰਾਂ ਦੀ ਗਦਾਰੀ ਕਾਰਨ ਹੀ ਹਾਰਿਆ, ਸਾਡਾ ਸਿੱਖ ਰਾਜ ਗਿਆ ਤਾਂ ਆਪਣਿਆਂ ਦੀ ਗਦਾਰੀ ਕਰ । 1947 ਵਿੱਚ ਅਸੀਂ ਵੱਖਰਾ ਮੁਲਕ ਨਹੀਂ ਲੈ ਸਕੇ ਆਪਣੇ ਲੀਡਰਾਂ ਦੀ ਗਦਾਰੀ ਕਾਰਨ, ਪੰਜਾਬ ਨੂੰ ਵੱਧ ਅਧਿਕਾਰਾਂ ਲਈ ਕਿਸਾਨੀ ਦੀ ਬੇਹਤਰੀ ਅਤੇ ਸਿੱਖੀ ਦੀ ਅਫਾਜ਼ਤ ਲਈ ਸਾਲ 1982 ਵਿੱਚ ਧਰਮ ਯੁੱਧ ਮੋਰਚਾ ਸ਼ੁਰੂ ਹੋਇਆ ਤਾਂ ਉਸ ਨੂੰ ਮਾਰ ਪਈ ਸਿੱਖ ਲੀਡਰਾਂ ਦੀ ਗਦਾਰੀ ਦੀ ,1984 ਵਿੱਚ ਦਰਬਾਰ ਸਾਹਿਬ ਤੇ ਹੋਏ ਹਮਲੇ ਵਿੱਚ ਵੀ ਵੱਡੀ ਭੂਮਿਕਾ ਸਾਡੇ ਆਪਣੇ ਲੀਡਰ ਨੇ ਨਿਭਾਈ, ਹੁਣ ਜਦੋਂ ਦੇਸ਼ ਦੀ ਕਿਸਾਨੀ ਦੇ ਖਿਲਾਫ ਕੇਂਦਰ ਸਰਕਾਰ ਨੇ ਤਿੰਨ ਬਿੱਲ ਪਾਸ ਕੀਤੇ ਜਿਸ ਦੇ ਵਿਰੋਧ ਵਿੱਚ ਪੰਜਾਬ ਦਾ ਕਿਸਾਨ ਜਾਗਿਆ ਉਸ ਨੇ ਕਿਸਾਨੀ ਦੇ ਨਾਲ ਹੋ ਰਹੇ ਧੱਕੇ ਦੇ ਖਿਲਾਫ ਇਨਸਾਫ ਦੀ ਲੜਾਈ ਸ਼ੁਰੂ ਕੀਤੀ ਲੋਕਾਂ ਦੇ ਰੋਹ ਨੂੰ ਦੇਖਦਿਆਂ ਤਾਂ ਅਕਾਲੀ ਅਤੇ ਕਾਂਗਰਸੀਆਂ ਨੇ ਗਿਰਗਿਟ ਵਾਂਗ ਆਪਣੇ ਰੰਗ ਬਦਲ ਲਏ, ਤਿੰਨ ਮਹੀਨੇ ਪਹਿਲਾਂ ਜਿਹੜੇ ਅਕਾਲੀ ਇਸ ਕਿਸਾਨ ਵਿਰੋਧੀ ਆਰਡੀਨੈਂਸ ਦੀਆਂ ਤਰੀਫਾਂ ਕਰਦੇ ਸਨ ਅਤੇ ਉਸ ਨੂੰ ਕਿਸਾਨੀ ਦੇ ਹੱਕ ਵਿੱਚ ਦੱਸਦੇ ਸਨ ਦੂਜੇ ਪਾਸੇ ਕਾਂਗਰਸੀਆਂ ਅਤੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ ਕਿਸਾਨੀ ਬਿੱਲ ਬਣਨ ਤੋਂ ਪਹਿਲਾਂ ਕੇਂਦਰ ਸਰਕਾਰ ਦੀਆਂ ਮੀਟਿੰਗਾਂ ਵੀ ਅਟੈਂਡ ਕੀਤੀਆਂ, ਹਾਲਾਂਕਿ ਉੱਚ ਅਧਿਕਾਰੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਇਸ ਕਦਰ ਸਾਵਧਾਨ ਕਰ ਦਿੱਤਾ ਸੀ ਕਿ ਜੇਕਰ ਇਹ ਬਿੱਲ ਪਾਸ ਹੋ ਗਿਆ ਤਾਂ ਪੰਜਾਬ ਦੇ ਵਿੱਚ ਕਿਸਾਨੀ ਦੀ ਕੋਈ ਖੈਰ ਨਹੀਂ ਬਹੁਤ ਨੁਕਸਾਨ ਪੰਜਾਬ ਦੇ ਕਿਸਾਨ ਦਾ ਹੋਵੇਗਾ ਪਰ ਆਪਣੀ ਮਸਤ ਚਾਲ ਚੱਲਣ ਵਾਲੇ ਮੁੱਖ ਮੰਤਰੀ ਪੰਜਾਬ ਨੇ ਕੋਈ ਗੰਭੀਰਤਾ ਨਹੀ ਦਿਖਾਈ ਜਦੋਂ ਪੰਜਾਬ ਦੇ ਕਿਸਾਨਾਂ ਨੇ ਸੜਕਾਂ ਉੱਪਰ ਆ ਕੇ ਕਿਸਾਨੀ ਖਿਲਾਫ ਪਾਸ ਹੋਏ ਇਸ ਬਿੱਲ ਵਿਰੁੱਧ ਸੰਘਰਸ਼ ਦਾ ਬਿਗਲ ਵਜਾਇਆ ਤਾਂ ਰਾਜ ਭਾਗ ਦੀਆਂ ਹਿੱਸੇਦਾਰ ਰਵਾਇਤੀ ਪਾਰਟੀਆਂ ਨੂੰ ਜਦੋਂ ਆਪਣਾ ਵੋਟ ਬੈਂਕ ਖਿਸਕਦਾ ਦਿੱਸਣ ਲੱਗਿਆ ਤਾਂ ਫਿਰ ਕੋਈ ਅਸਤੀਫਾ ਦੇਣ ਦਾ ਡਰਾਮਾ ,ਕੋਈ ਬੀਜੇਪੀ ਨਾਲੋਂ ਨਾਤਾ ਤੋੜਨਾ ਡਰਾਮਾ ,ਕੋਈ ਦਿੱਲੀ ਜਾ ਕੇ ਕਿਸਾਨਾਂ ਨਾਲ ਧਰਨਾ ਦੇਣ ਦਾ ਐਲਾਨ ਕਰਨ ਲੱਗਿਆ , ਕੋਈ ਟਰੈਕਟਰ ਰੈਲੀ ਕੋਈ ਟ੍ਰੈਕਟਰਾਂ ਨੂੰ ਅੱਗ ਲਾਉਣ ਲੱਗਾ ,ਕੋਈ ਚੱਕਾ ਜਾਮ ਕਰਨ ਲੱਗਿਆ ਗੱਲ ਕੀ ਸੀ ਕਿ ਪੂਰਾ ਪੰਜਾਬ ਦਾ ਅਵਾਮ " ਕਿਸਾਨੀ ਦੇ ਇਸ ਇਨਸਾਫ ਯੁੱਧ " ਵਿੱਚ ਪੰਜਾਬ ਦੇ ਕਿਸਾਨ ਨਾਲ ਖੜ੍ਹਾ ਹੋ ਗਿਆ ਫਿਰ ਇਨ੍ਹਾਂ ਲੀਡਰਾਂ ਨੇ ਤਾਂ ਕਿੱਥੇ ਪਿੱਛੇ ਹੱਟਣਾ ਸੀ?

ਜੇਕਰ ਇਨ੍ਹਾਂ ਲੀਡਰਾਂ ਦਾ ਇਤਿਹਾਸ ਫਰੋਲੀਏ ਤਾਂ 1982 ਵਿੱਚ ਇਹ ਜਦੋਂ ਸੰਤ ਜਰਨੈਲ ਸਿੰਘ ਖਾਲਸਾ ਭਿ-ਡਰਾਂ ਵਾਲਿਆਂ ਨੇ ਆਪਣੀਆਂ ਹੱਕੀ ਮੰਗਾਂ ਖਾਤਰ ਮੋਰਚਾ ਸ਼ੁਰੂ ਕੀਤਾ ਦੂਜੇ ਪਾਸੇ ਅਕਾਲੀ ਦਲ ਨੇ ਆਪਣਾ ਕਪੂਰੀ ਮੋਰਚਾ ਸ਼ੁਰੂ ਕੀਤਾ ਸੀ ਅਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਬਾਗੀ ਹੋ ਕੇ ਦਿੱਲੀ ਤੋਂ ਆਪਣਾ ਮੋਰਚਾ ਸ਼ੁਰੂ ਕੀਤਾ ਜਦੋਂ ਸਿੱਖ ਸੰਗਤਾਂ ਦਾ ਪੂਰਾ ਜਲੌਅ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਵੱਲ ਹੋ ਗਿਆ ਅਤੇ ਸੰਤਾਂ ਦੇ ਚਾਰੇ ਪਾਸੇ ਦੀ ਚੜ੍ਹਤ ਹੋਣ ਲੱਗੀ ਤਾਂ ਇਨ੍ਹਾਂ ਦੋਹਾਂ ਗਰੁੱਪਾਂ ਨੇ ਆਪਣੇ ਲਗਾਏ ਮੋਰਚਿਆਂ ਦਾ ਸੰਤਾਂ ਨਾਲ ਰਲੇਵਾਂ ਕਰਦਿਆਂ "ਧਰਮ ਯੁੱਧ ਮੋਰਚੇ" ਦੇ ਨਾਮ ਹੇਠ ਆਨੰਦਪੁਰ ਸਾਹਿਬ ਦਾ ਮਤਾ (ਜੋ ਪੰਜਾਬ ਲਈ ਵੱਧ ਅਧਿਕਾਰਾਂ ਦੀ ਮੰਗ ਕਰਦਾ ਸੀ) ਮਨਾਉਣ ਦੀ ਵੱਡੇ ਅਕਾਲੀ ਲੀਡਰਾਂ ਨੇ ਸੰਤ ਜਰਨੈਲ ਸਿੰਘ ਨਾਲ ਮਿਲ ਕੇ ਦਰਬਾਰ ਸਾਹਿਬ ਵਿਖੇ ਅਰਦਾਸ ਕਰਦਿਆਂ ਇਹ ਪ੍ਰਣ ਕੀਤਾ ਕਿ ਜਾਂ ਤਾਂ ਸਾਡੀਆਂ ਜਾਨਾਂ ਜਾਣਗੀਆਂ ਜਾਂ ਫਿਰ ਆਨੰਦਪੁਰ ਸਾਹਿਬ ਦੇ ਮਤੇ ਦੀਆਂ ਸਾਰੀਆਂ ਮੰਗਾਂ ਮਨਾਈਆਂ ਜਾਣਗੀਆਂ । ਕਿਸੇ ਵੀ ਕਾਜ ਲਈ ਮਰ ਮਿਟਨ ਵਾਲੀਆਂ ਲੜਾਈਆਂ ਇੰਨੀਆਂ ਸੌਖੀਆਂ ਨਹੀਂ ਹੁੰਦੀਆਂ ਫਿਰ ਨਤੀਜਾ ਕੀ ਨਿਕਲਿਆ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਤਾ ਗੁਰੂ ਅੱਗੇ ਕੀਤੀ ਅਰਦਾਸ ਦੀ ਅਹਿਮੀਅਤ ਨੂੰ ਮੁੱਖ ਰੱਖ ਕੇ ਆਪਣੇ ਸਾਥੀਆਂ ਨਾਲ ਆਪਣੀ ਜਾਨ ਤਲੀ ਉੱਤੇ ਰੱਖ ਕੇ ਕੁਰਬਾਨ ਹੋ ਗਿਆ । ਇਹ ਲੀਡਰ ਲੋਕ ਜਿਹੜੇ ਕਹਿੰਦੇ ਸੀ ਕਿ ਟੈਂਕ ਪਹਿਲਾ ਸਾਡੀਆਂ ਲਾਸ਼ਾਂ ਦੇ ਉੱਪਰ ਦੀ ਫੇਰ ਦਰਬਾਰ ਸਾਹਿਬ ਵਿੱਚ ਜਾਣਗੇ ਪਰ ਜਦੋਂ ਇਮਤਿਆਨ ਦਾ ਵਕਤ ਆਇਆ ਤਾਂ ਇਹ ਗੱਦਾਰੀ ਦੀ ਤਖਤੀ ਗਲਾਂ ਚ ਪਾ ਕੇ ਹੱਥ ਖੜ੍ਹੇ ਕਰ ਕੇ ਬਾਹਰ ਆ ਗਏ। ਦਰਬਾਰ ਸਾਹਿਬ ਉੱਤੇ ਹੋਏ ਹਮਲੇ ਦੇ ਰੋਹ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਦੇ ਆਮ ਘਰਾਂ ਦੀਆਂ ਮਾਵਾਂ ਦੇ ਹਜ਼ਾਰਾਂ ਪੁੱਤ ਇਨ੍ਹਾਂ ਲੀਡਰਾਂ ਨੇ ਸਿੱਖ ਸੰਘਰਸ਼ ਵਿੱਚ ਸ਼ਹੀਦ ਕਰਵਾ ਦਿੱਤੇ,ਕਿਸੇ ਲੀਡਰ ਦਾ ਇੱਕ ਵੀ ਮੁੰਡਾ ਉਸ ਸਿੱਖ ਸੰਘਰਸ਼ ਵਿੱਚ ਨਹੀਂ ਮਰਿਆ ਪਰ ਜਦੋਂ ਰਾਜ ਭਾਗ ਕਰਨ ਦੀ ਵਾਰੀ ਆਈ ਤਾਂ ਇਨ੍ਹਾਂ ਸਾਰੇ ਵੱਡੇ ਲੀਡਰਾਂ ਦੇ ਮੁੰਡੇ ਕੋਈ ਐਮ ਐਲ ਏ ,ਕੋਈ ਐਮ ਪੀ ,ਤੇ ਕੋਈ ਡਿਪਟੀ ਮੁੱਖ ਮੰਤਰੀ ਬਣ ਗਿਆ । ਕਿਸਾਨ ਵੀਰੋ ਇਹ ਇਨ੍ਹਾਂ ਰਾਜਨੀਤਿਕ ਲੀਡਰਾਂ ਦਾ ਕਿਰਦਾਰ ਹੈ । ਇਹ ਉਹ ਲੋਕ ਨੇ ਜੋ ਦਿਨੇ ਸ਼ਹੀਦ ਹੋਏ ਨੌਜਵਾਨਾਂ ਦੇ ਭੋਗਾਂ ਤੇ ਜਾਂਦੇ ਸੀ ਅਤੇ ਰਾਤ ਨੂੰ ਉਸ ਵੇਲੇ ਦੇ ਪੁਲੀਸ ਮੁਖੀ ਕੇ ਪੀ ਐਸ ਗਿੱਲ ਨਾਲ ਪੰਜਾਬ ਦੀ ਜਵਾਨੀ ਨੂੰ ਮਾਰਨ ਦੀਆਂ ਵਿਉਂਤਾਂ ਬਣਾਉਂਦੇ ਸਨ । ਕਿਸਾਨੀ ਅੰਦੋਲਨ ਵਿੱਚ ਵੀ ਇਹਨਾਂ ਲੋਕਾਂ ਵੱਲੋਂ ਕਿਸੇ ਵਧੀਆ ਆਸ ਦੀ ਤਵੱਕੋ ਨਾ ਰੱਖਣਾ ।



ਕਸਾਨੀ ਸਾਡਾ ਖਾਨਦਾਨੀ ਪੇਸ਼ਾ ਹੈ ਇਸ ਨੂੰ ਬਚਾਉਣਾ ਅਤੇ ਅੱਗੇ ਲੈ ਕੇ ਜਾਣਾ ਹਰ ਪੰਜਾਬੀ ਦਾ ਫ਼ਰਜ਼ ਹੈ। ਜਿੰਨੀਆਂ ਵੀ ਕਿਸਾਨ ਜਥੇਬੰਦੀਆਂ ਅਤੇ ਮਜ਼ਦੂਰ ਵਰਗ ਇਸ ਸੰਘਰਸ਼ ਵਿੱਚ ਹੈ ਉਨ੍ਹਾਂ ਸਾਰਿਆਂ ਨੂੰ ਸਲੂਟ ਹੈ ਜਿੰਨੀਆਂ ਵੀ ਸਮਾਜ ਸੇਵੀ ਸੰਸਥਾਵਾਂ ਸੰਤ, ਮਹਾਤਮਾ, ਗਾਉਣ ਵਾਲਿਆਂ ਅਤੇ ਕਿਰਤੀ ਕਾਮਿਆਂ ਨੇ ਕਿਸਾਨਾਂ ਦੇ ਹੱਕ ਵਿੱਚ ਨਾਅਰਾ ਬੁਲੰਦ ਕੀਤਾ ਉਹ ਵੀ ਇਸ ਕਿਰਤ ਸੱਭਿਆਚਾਰ ਦਾ ਹਿੱਸਾ ਹਨ ਅਤੇ ਉਹ ਦਿਲੋਂ ਕਿਸਾਨੀ ਨੂੰ ਪਿਆਰ ਕਰਦੇ ਹਨ ਪਰ ਹੁਣ ਅੱਗੇ ਹੋਵੇਗਾ ਕੀ ਕਿ ਕਿਸਾਨੀ ਸੰਘਰਸ਼ ਨੂੰ ਚਾਲਬਾਜ਼ ਲੀਡਰਾਂ ਦੁਆਰਾ ਤਾਰੋਪੀਡ ਕੀਤਾ ਜਾਏਗਾ , ਕਿਸਾਨ ਜਥੇਬੰਦੀਆਂ ਦੇ ਲੀਡਰਾਂ ਨੂੰ ਖਰੀਦਣ ਦਾ ਯਤਨ ਕੀਤਾ ਜਾਵੇਗਾ । ਪਾੜੋ ਅਤੇ ਰਾਜ ਕਰੋ ਵਾਲੀ ਚਾਲ ਚੱਲੀ ਜਾਵੇਗੀ ਇੱਥੇ ਹੀ ਬੱਸ ਨਹੀਂ ਕਿਸਾਨ ਉੱਤੇ ਅੱਤਵਾਦੀ ਹੋਣ ਦਾ ਠੱਪਾ ਵੀ ਲੱਗ ਸਕਦਾ ਹੈ ਫਿਰ ਬੜੇ ਵੱਡੇ ਵੱਡੇ ਜ਼ਬਾਨੀ ਕਲਾਮੀ ਇਹ ਲੀਡਰ ਕਿਸਾਨਾਂ ਲਈ ਇਨਸਾਫ ਦੇ ਵਾਅਦੇ ਕਰਨਗੇ ਪਰ ਜ਼ਬਾਨੀ ਭਰੋਸਿਆਂ ਤੇ ਕਦੇ ਵੀ ਯਕੀਨ ਨਾ ਕਰਨਾ ਕਿਸਾਨੀ ਹੱਕਾਂ ਲਈ ਸ਼ੁਰੂ ਹੋਇਆ ਇਹ ਸੰਘਰਸ਼ ਤੁਹਾਡੀ ਦ੍ਰਿੜਤਾ ਇਮਾਨਦਾਰੀ ਸਮਰਪਿਤ ਭਾਵਨਾ ਅਤੇ ਲਗਨ ਨਾਲ ਮਿੱਥੇ ਨਿਸ਼ਾਨੇ ਤੇ ਪਹੁੰਚ ਸਕਦਾ ਹੈ ਬੱਸ ਸਾਰੀਆਂ ਕਿਸਾਨ ਜਥੇਬੰਦੀਆਂ ਦਾ ਆਪਸੀ ਥਵਾਕ ਨਾ ਟੁੱਟੇ ਇੱਕ ਗੱਲ ਜ਼ਰੂਰ ਯਾਦ ਰੱਖਣਾ ਤੁਹਾਡਾ ਨਿਸ਼ਾਨਾ ਹੈ ਕਿਸਾਨਾਂ ਨੂੰ ਇਨਸਾਫ਼ ਦਿਵਾਉਣਾ,ਅਤੇ ਕਿਸਾਨੀ ਦੇ ਬਣਦੇ ਹੱਕ ਲੈਣਾ ਜੇਕਰ ਤੁਹਾਡੀ ਏਕਤਾ ਬਣੀ ਰਹੀ ਤਾਂ ਕੇਂਦਰ ਸਰਕਾਰ ਤਾਂ ਕੀ ਤੁਸੀ ਵੱਡੇ ਵੱਡੇ ਪਹਾੜਾਂ ਨੂੰ ਵੀ ਸੁੱਟ ਸਕਦੇ ਹੋ ਕਿਉਂਕਿ ਪੰਜਾਬ ਦਾ ਹਰ ਵਰਗ ਤੁਹਾਡੇ ਨਾਲ ਚੱਟਾਨ ਵਾਂਗ ਖੜ੍ਹਾ ਹੈ ਪਰ ਇਹ ਵੀ ਯਾਦ ਰੱਖਣਾ ਇਨ੍ਹਾਂ ਲੀਡਰਾਂ ਦਾ ਸਿਰਫ਼ ਇੱਕੋ ਇੱਕ ਨਿਸ਼ਾਨਾ ਹੈ ਤੁਹਾਡੇ ਸੰਘਰਸ਼ ਨੂੰ ਫੇਲ ਕਰ ਕੇ 2022 ਵਿੱਚ ਆਪਣੀ ਸਰਕਾਰ ਬਣਾਉਣਾ ਹੈ। ਹੁਣ ਗੇਂਦ ਕਿਸਾਨਾਂ ਦੇ ਪਾੜੇ ਵਿੱਚ ਹੈ ਜਦ ਕਿ ਇਹ ਬੇਈਮਾਨ ਲੀਡਰ ਕਿਸਾਨਾਂ ਦੇ ਪਾੜੇ ਵਿੱਚੋਂ ਗੇਂਦ ਖੋਹਣ ਨੂੰ ਉਤਾਵਲੇ ਬੈਠੇ ਹਨ । ਕਿਸਾਨ ਵੀਰੋ ਧਰਮ ਯੁੱਧ ਮੋਰਚੇ ਦੇ ਸੰਘਰਸ਼ ਦਾ ਹਸ਼ਰ ਯਾਦ ਰੱਖਣਾ ਕਿ ਉਸ ਨੂੰ ਫੇਲ੍ਹ ਕਰਵਾ ਕੇ ਇਨ੍ਹਾਂ ਬਾਦਲਾਂ ,ਕੈਪਟਨਾਂ ਨੇ ਕਿਵੇਂ ਪੰਜਾਬ ਦੀ ਬਰਬਾਦੀ ਕਰਵਾਈ ਹੈ । ਪ੍ਰਮਾਤਮਾ ਕਿਸਾਨ ਜਥੇਬੰਦੀਆਂ ਨੂੰ ਸੁਮੱਤ ਬਖਸ਼ੇ, ਪੰਜਾਬ ਦੇ ਕਿਸਾਨ ਦਾ ਰੱਬ ਰਾਖਾ !

# ਕੀ ਕਿਸਾਨਾਂ ਦੀ ਗੱਲ ਕਿਸੇ ਤਣ ਪੱਤਣ ਲੱਗੇਗੀ?

ਪੰਜਾਬ ਏਕ ਮਸਲੇ ਅਨੇਕ, ਕਦੇ ਪੰਜਾਬ ਦੇ ਪਾਣੀਆਂ ਦਾ ਰੇੜਕਾ , ਕਦੇ 1984 ਦੇ ਸਿੱਖ ਕਤਲੇਆਮ ਲਈ ਇਨਸਾਫ਼ ਦੀ ਗੱਲ , ਕਦੇ 25000 ਹਜ਼ਾਰ ਲਾਵਾਰਸ ਲਾਸ਼ਾਂ ਲੱਭਣ ਦੇ ਮਾਮਲੇ ਬਦਲੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸ਼ਹੀਦੀ ਤੱਕ ਵਾਲਾ ਸੰਘਰਸ਼ ,ਕਦੇ ਬਲਵੰਤ ਸਿੰਘ ਮੁਲਤਾਨੀ ਅਤੇ ਹੋਰ ਅਨੇਕਾਂ ਸਿੱਖ ਨੌਜਵਾਨਾਂ ਨੂੰ ਸ਼ਹੀਦ ਅਤੇ ਪਰਿਵਾਰਾਂ ਨੂੰ ਬੇਪਤ ਕਰਨ ਵਾਲੇ ਸੁਮੇਧ ਸਿੰਘ ਸੈਣੀ ਨੂੰ ਜੇਲ੍ਹ ਦੀਆਂ ਸਲਾਖਾਂ ਵਿੱਚ ਭੇਜਣ ਲਈ , ਕਦੇ ਇੱਕ ਹੋਰ ਬੁੱਚੜ ਅਜੀਤ ਸਿੰਘ ਪੂਹਲਾ ,ਕਦੇ ਪਿੰਕੀ ਕੈਟ ਵਰਗਿਆਂ ਵੱਲੋਂ ਦਿਨ ਦਿਹਾੜੇ ਕਤਲ ਪਤਾ ਨਹੀਂ ਕਿਹੜੇ ਕਿਹੜੇ ਚ ਝਮੇਲਿਆਂ ਵਿੱਚੋਂ ਪੰਜਾਬ ਲੰਘਿਆ ਅਤੇ ਪੰਜਾਬੀਆਂ ਨੇ ਸੰਤਾਪ ਭੋਗਿਆ ਸੰਘਰਸ਼ ਕੀਤਾ ਪਰ ਇਨਸਾਫ ਕਦੇ ਵੀ ਨਹੀਂ ਮਿਲਿਆ ਗੱਲ ਭਾਵੇਂ ਪੰਜਾਬ ਦੇ ਅਧਿਕਾਰਾ ਨੂੰ ਮੰਗਣ ਦੀ ਹੋਵੇ ਜਾਂ ਆਪਣਾ ਹੱਕ ਲੈਣ ਦੀ ਹੋਈ ਹੋਵੇ ਜਦੋਂ ਵੀ ਕੋਈ ਅਜਿਹਾ ਸੰਘਰਸ਼ ਉੱਠਿਆ ਤਾਂ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਪਾੜੋ ਅਤੇ ਰਾਜ ਕਰੋ ਦੀ ਨੀਤੀ ਅਪਣਾਉਂਦਿਆਂ ਤਕਰੀਬਨ ਸਾਰੇ ਸੰਘਰਸ਼ਾਂ ਨੂੰ ਫੇਲ ਕਰ ਦਿੱਤਾ ਫੇਲ ਕਿਉਂ ਹੁੰਦੇ ਰਹੇ ਕਿਉਂਕਿ ਸਾਡੇ ਲੀਡਰਾਂ ਨੇ ਹੀ ਸਾਡੇ ਸੰਘਰਸ਼ਾਂ ਨਾਲ ਵੱਡੀ ਗੱਦਾਰੀ ਕੀਤੀ ਹੈ ਕਿਸੇ ਵੀ ਸੰਘਰਸ਼ ਦਾ ਇਤਿਹਾਸ ਫਰੋਲ ਕੇ ਦੇਖ ਲਵੋ ਉਸ ਦੇ ਫੇਲ ਹੋਣ ਵਿੱਚ ਸਾਡੀਆਂ ਰਾਜਨੀਤਕ ਪਾਰਟੀਆਂ ਦੇ ਲੀਡਰ ਹੀ ਜ਼ਿੰਮੇਵਾਰ ਬਣੇ ਹਨ ।

ਹੁਣ ਜਦੋਂ ਕਿਸਾਨ ਵਿਰੋਧੀ ਤਿੰਨ ਆਰਡੀਨੈਂਸ ਕੇਂਦਰ ਸਰਕਾਰ ਨੇ ਬਣਾਏ ਜਦੋਂ ਇਨ੍ਹਾਂ ਦੀ ਘੋਖ ਪੜਤਾਲ ਹੋ ਰਹੀ ਸੀ ਤਾਂ ਉਸ ਵਕਤ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਨੇ ਕਿਸਾਨ ਪੱਖੀ ਕੋਈ ਉਸਾਰੂ ਸੁਝਾਅ ਦੇਣ ਦੀ ਬਜਾਏ ਕੇਂਦਰ ਦੀ ਹਾਂ ਵਿੱਚ ਹਾਂ ਮਿਲਾਈ ਫਿਰ ਜਦੋਂ ਬਿੱਲ ਪਾਸ ਹੋਏ ਤਾਂ ਇੱਕ ਦੋ ਮੈਂਬਰ ਪਾਰਲੀਮੈਂਟ ਨੂੰ ਛੱਡ ਕੇ ਬਾਕੀਆਂ ਨੇ ਤਾਂ ਚੁੱਪ ਹੀ ਧਾਰੀ ਰੱਖੀ ਅਖੀਰ ਬਿੱਲ ਪਾਸ ਹੋ ਗਏ, ਮੰਨਿਆ ਲੋਕ ਸਭਾ ਵਿੱਚ ਐਨ ਡੀ ਏ ਕੋਲ ਬਹੁਮਤ ਹੈ ਚਲੋ ਬਿੱਲ ਪਾਸ ਹੋ ਗਿਆ ਪਰ ਰਾਜ ਸਭਾ ਵਿਚ ਬੀਜੇਪੀ ਦੇ ਸਿਰਫ 86 ਮੈਂਬਰ ਹਨ। ਬਿੱਲ ਪਾਸ ਹੋਣ ਲਈ 123 ਮੈਂਬਰ ਪਾਰਲੀਮੈਂਟਾਂ ਦੀ ਲੋੜ ਹੈ ਫਿਰ ਬਿਨਾਂ ਵੋਟਿੰਗ ਹੋਇਆ ਉੱਥੇ ਬਿੱਲ ਕਿਵੇਂ ਪਾਸ ਹੋ ਗਿਆ ਜਦ ਕਿ ਬਹੁਮਤ ਕਾਂਗਰਸ ਪਾਰਟੀ ਅਤੇ ਉਸ ਦੇ ਪੱਖੀਆਂ ਕੋਲ ਹੈ ਅਕਾਲੀ ਦਲ ਵੀ ਬਿੱਲ ਦੇ ਵਿਰੋਧ ਵਿੱਚ ਸੀ ਅਕਾਲੀ ਦਲ ਵੱਲੋਂ ਕਹਿੰਦੇ ਅਸੀਂ ਲੋਕ ਸਭਾ ਵਿੱਚ ਬਿੱਲ ਦੇ ਖਿਲਾਫ ਵੋਟ ਪਾਈ ਹੈ ਰਾਜ ਸਭਾ ਵਿੱਚ ਉਨ੍ਹਾਂ ਦੀਆਂ ਵੋਟਾਂ ਨੂੰ ਕੋਈ ਸੱਪ ਸੁੰਘ ਗਿਆ, ਨਾ ਕਾਂਗਰਸੀ ਬੋਲੇ ,ਨਾ ਹੀ ਅਕਾਲੀ ਬੋਲੇ ,ਉਲਟਾ ਬਾਦਲ ਪਰਿਵਾਰ ਅਤੇ ਅਕਾਲੀ ਦਲ ਤਾਂ ਖੇਤੀ ਸਬੰਧੀ ਬਣੇ ਆਰਡੀਨੈਂਸ ਦੀਆਂ ਤਰੀਫ਼ਾਂ ਕਰਦਾ ਥੱਕਦਾ ਨਹੀਂ ਸੀ ਕਾਂਗਰਸ ਵਾਲੇ ਵੀ ਕਹਿੰਦੇ ਸਨ ਕਿ ਐਮ ਐਸ ਪੀ ਖਤਮ ਨਹੀਂ ਹੋਵੇਗੀ ਪਰ ਜਦੋਂ ਕਿਸਾਨ ਅਤੇ ਮਜ਼ਦੂਰ ਦਾ ਸੰਘਰਸ਼ ਸੜਕਾਂ ਉੱਤੇ ਆ ਗਿਆ ਕੀ ਬੱਚਾ ਕੀ ਬੁੱਢਾ ਕਿਸਾਨ ਦੇ ਨਾਲ ਖੜ੍ਹਾ ਹੋ ਗਿਆ ਪੰਜਾਬ ਦੇ ਕਿਸਾਨ ਦੀ ਅਵਾਜ਼ ਪੂਰੇ ਮੁਲਕ ਵਿੱਚ ਬੋਲਣ ਲੱਗੀ ਜਿਸ ਨੂੰ ਵੇਖ ਕੇ ਮਹਾਰਾਸ਼ਟਰ ਗੁਜਰਾਤ ਕਰਨਾਟਕ ਆਦਿ ਸੂਬਿਆਂ ਦਾ ਕਿਸਾਨ ਵੀ ਕੇਂਦਰ ਸਰਕਾਰ ਦੇ ਵਿਰੁੱਧ ਕਿਸਾਨ ਵਿਰੋਧੀ ਬਿੱਲਾਂ ਦੇ ਖਿਲਾਫ਼ ਸੰਘਰਸ਼ ਦਾ ਬਿਗਲ ਵਜਾਉਣ ਲੱਗਿਆ ਤਾਂ ਫਿਰ ਵੱਡੀਆਂ ਰਾਜਨੀਤਕ ਪਾਰਟੀਆਂ ਵਿੱਚ ਹਫੜਾ ਦਫੜੀ ਮੱਚ ਗਈ ਉਨ੍ਹਾਂ ਨੂੰ ਤਰੇਲੀਆਂ ਆਉਣ ਲੱਗੀਆਂ ਫੇਰ ਅਕਾਲੀ ਕਦੇ ਅਸਤੀਫਾ ਦੇਣ ਦਾ ਡਰਾਮਾ ਕਰਨ ਲੱਗੇ ,ਕਦੇ ਚੰਡੀਗੜ੍ਹ ਗਵਰਨਰ ਵੱਲੋਂ ਕੂਚ ਕਰਨ ਲੱਗੇ ,ਕਦੇ ਰਾਹੁਲ ਗਾਂਧੀ ਆ ਕੇ ਪੰਜਾਬ ਵਿੱਚ ਟਰੈਕ-ਟਰਾਂ ਤੇ ਗੇੜੇ ਦੇਣ ਲੱਗਿਆ ਹਰ ਰਾਜਨੀਤਕ ਪਾਰਟੀ ਨੂੰ ਇਹ ਲੱਗਣ ਲੱਗਿਆ ਕਿ ਕਿਤੇ ਮੇਰਾ ਵੋਟ ਬੈਂਕ ਨਾ ਖੁਰ ਜਾਵੇ ਕਿ "ਜਲਦੀ ਚੱਕਲੋ ਰਾਜਨੀਤਕ ਸ਼ੁਰਲੀ " ਇਸੇ ਕਰਕੇ ਹਰ ਕੋਈ ਆਪਣੇ ਆਪ ਨੂੰ ਕਿਸਾਨ ਮੁੱਦਈ ਦੱਸ ਰਿਹਾ ਹੈ ਜਦਕਿ ਸਥਿਤੀ ਇਸ ਤੋਂ ਉਲਟ ਹੈ ਕਿਸਾਨ ਦਾ ਕਿਸੇ ਨੂੰ ਕੋਈ ਫਿਕਰ ਨਹੀਂ ਕਿਸਾਨ ਡੁੱਬ ਰਿਹਾ ਹੈ ਜਾਂ ਮਰ ਰਿਹਾ ਹੈ ਇਨ੍ਹਾਂ ਰਾਜਨੀਤਕ ਲੋਕਾਂ ਨੂੰ ਸਿਰਫ ਆਪਣੀਆਂ ਵੋਟਾਂ ਦਾ ਫ਼ਿਕਰ ਲੱਗਿਆ ਹੋਇਆ ਹੈ । ਜੇਕਰ ਅਕਾਲੀ ਕਾਂਗਰਸੀਆਂ ਨੂੰ ਪੰਜਾਬ ਦਾ ਫਿਕਰ ਹੁੰਦਾ ਅੱਜ ਪੰਜਾਬ ਢਾਈ ਲੱਖ ਕਰੋੜ ਦਾ ਕਰਜ਼ਾਈ ਨਾ ਹੁੰਦਾ ਪੰਜਾਬ ਦਾ ਕਿਸਾਨ ਆਤਮ ਹੱਤਿਆ ਕਰਨ ਲਈ ਮਜਬੂਰ ਨਾ ਹੁੰਦਾ ,ਇਹ ਲੋਕ ਅੰਬਾਨੀਆਂ ਅਡਾ-ਨੀਆਂ ਨੂੰ ਜ਼ਮੀਨ ਅਲਾਟ ਨਾ ਕਰਦੇ , ਪੰਜਾਬ ਚ ਜਿੰਨੇ ਵੀ ਰਿਲਾਇੰਸ ਦੇ ਪੈਟਰੋਲ ਪੰਪ ਹਨ ਉਹ 90 ਪ੍ਰਤੀਸ਼ਤ ਤੋਂ ਵੱਧ ਰਾਜਨੀਤਕ ਲੋਕਾਂ ਦੇ ਹਨ ਇੱਥੋਂ ਤੱਕ ਕੇ ਕਿਸਾਨ ਯੂਨੀਅਨਾਂ ਦੇ ਕੁਝ ਵੱਡੇ ਆਗੂਆਂ ਦੀਆਂ ਲੂੰਬੜ ਚਾਲਾਂ ਵੀ ਇਨ੍ਹਾਂ ਰਾਜਨੀਤਿਕ ਆਗੂਆਂ ਵਰਗੀਆਂ ਹੀ ਹਨ ਜਿਨ੍ਹਾਂ ਦਾ ਆਪਾਂ ਨੂੰ ਬਾਅਦ ਚ ਪਤਾ ਚੱਲੇਗਾ ਜਦੋਂ ਕਿਸਾਨਾਂ ਦਾ ਮਿਸ਼ਨ ਕਿਸੇ ਰਾਜਨੀਤਕ ਚਾਲ ਕਾਰਨ ਤਾਰੋਪੀਡ ਹੋਵੇਗਾ ।



ਚੰਗਾ ਹੋਵੇ ਤੇ ਕਿਸਾਨ ਅੰਦੋਲਨ ਦੀ ਅਗਵਾਈ ਕਿਸਾਨ ਯੂਨੀਅਨ ਦੇ ਸੁਹਿਰਦ ਆਗੂਆਂ ਦੇ ਹੱਥ ਵਿੱਚ ਰਹੇ, ਕਿਸਾਨੀ ਮੰਗਾਂ ਦੇ ਮੰਜ਼ਿਲ ਯਕੀਨੀ ਸਰ ਹੋਵੇਗੀ ਪਰ ਜੇ ਇਮਾਨਦਾਰੀ ਅਤੇ ਸਮਰਪਿਤ ਭਾਵਨਾ ਨਾਲ ਸੰਘਰਸ਼ ਨੂੰ ਅੱਗੇ ਤੋਰਿਆ ਜਾਵੇ ਜੇਕਰ 1975 ਵਿੱਚ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਗਾਈ ਐਮਰਜੈਂਸੀ ਵਿਰੁੱਧ ਪੰਜਾਬ ਦੇ ਲੋਕਾਂ ਵੱਲੋਂ ਵਜਾਇਆ ਬਿਗਲ ਪੂਰੇ ਮੁਲਕ ਵਿੱਚ ਫੈਲ ਸਕਦਾ ਹੈ ਅਤੇ ਇੰਦਰਾ ਗਾਂਧੀ ਦਾ ਤਖਤਾ ਪਲਟ ਸਕਦਾ ਹੈ। ਇਸੇ ਤਰ੍ਹਾਂ 1982 ਵਿੱਚ ਸਿੱਖਾਂ ਵੱਲੋਂ ਐਲਾਨਿਆ ਧਰਮ ਯੁੱਧ ਮੋਰਚਾ ਇੰਦਰਾ ਗਾਂਧੀ ਦੀਆਂ ਜੜ੍ਹਾਂ ਹਿਲਾ ਸਕਦਾ ਤਾਂ ਫਿਰ ਇਹ ਕਿਸਾਨਾਂ ਦਾ ਸੰਘਰਸ਼ ਵੀ ਪੂਰੇ ਮੁਲਕ ਵਿੱਚ ਕਿਸਾਨ ਪੱਖੀ ਹੋ ਕੇ ਮੋਦੀ ਸਰਕਾਰ ਦੀਆਂ ਜੜ੍ਹਾਂ ਪੁੱਟ ਸਕਦਾ ਹੈ ਅਤੇ ਕਿਸਾਨ ਅੰਦੋਲਨ ਸਫਲਤਾ ਦੇ ਨਵੇ ਝੰਡੇ ਗੱਡ ਸਕਦਾ ਹੈ ਪਰ ਗੱਲ ਤਾਹੀ ਕਿਸੇ ਤਣ ਪੱਤਣ ਲੱਗੇਗੀ ਜੇਕਰ ਇਨ੍ਹਾਂ ਵੱਡੇ ਰਾਜਨੀਤਕ ਮਗਰਮੱਛਾਂ ਭਾਵੇਂ ਉਹ ਅਕਾਲੀ ਹੋਣ ਜਾਂ ਕਾਂਗਰਸੀ ਹੋਣ ਜਾਂ ਬੀਜੇਪੀ ਵਾਲੇ ਹੋਣ ਜਾਂ ਕਿਸੇ ਹੋਰ ਰਾਜਨੀਤਕ ਪਾਰਟੀਆਂ ਦੇ ਵੀ ਹੋਣ ਉਨ੍ਹਾਂ ਨੂੰ ਮੂੰਹ ਨਾ ਲਾਇਆ ਜਾਵੇ ਅਤੇ ਸੰਘਰਸ਼ ਵਿੱਚ ਵੜ੍ਹਨ ਨਾ ਦਿੱਤਾ ਜਾਵੇ ਕਿਉਂਕਿ ਇਨ੍ਹਾਂ ਲੋਕਾਂ ਦੇ ਤਾਂ ਚੱਟੇ ਹੋਏ ਦਰੱਖਤ ਨਹੀਂ ਹਰੇ ਹੋਏ ਪੰਜਾਬ ਦੇ ਕਿਸਾਨ ਨੂੰ ਜੇਕਰ ਘਸਿਆਰਾ ਬਣਾਇਆ ਇਨ੍ਹਾਂ ਰਵਾਇਤੀ ਰਾਜਨੀਤਕ ਪਾਰਟੀਆਂ ਦਾ ਵੱਡਾ ਹੱਥ ਹੈ ਪਰਮਾਤਮਾ ਕਿਸਾਨ ਸੰਘਰਸ਼ ਨੂੰ ਸੁਮੱਤ ਦੇਵੇ ਕਾਮਯਾਬੀ ਬਖਸ਼ੇ ਪੰਜਾਬ ਦੇ ਕਿਸਾਨ ਦਾ ਰੱਬ ਰਾਖਾ

**-ਜਗਰੂਪ ਸਿੰਘ ਜਰਖੜ**

# ਨਿਊਜ਼ੀਲੈਂਡ ਦੇ ਵਿਚ ਕਮਿਊਨਿਟੀ ਕਰੋਨਾ ਕੇਸਾਂ ਦਾ ਹੋਇਆ ਸਫਾਇਆ-ਪਰ ਵਿਦੇਸ਼ੋਂ ਆਏ ਤਿੰਨ ਕੇਸ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੇ ਵਿਚ ਲਗਪਗ 102 ਦਿਨ ਕਰੋਨਾ ਦਾ ਨਾਂਅ ਨਿਸ਼ਾਨ ਨਹੀਂ ਸੀ ਰਿਹਾ ਪਰ ਬੀਤੀ 11 ਅਗਸਤ ਨੂੰ ਕਰੋਨਾ ਨੇ ਦੁਬਾਰਾ ਖਿਲੇਰਾ ਪਾ ਦਿੱਤਾ ਸੀ ਜਿਸ ਦੇ ਚਲਦਿਆਂ ਸਿਹਤ ਵਿਭਾਗ ਅਤੇ ਪੁਲਿਸ ਵਿਭਾਗ ਸਾਰੇ ਕਰੋਨਾ ਨਾਲ ਪੀੜ੍ਹਤਾਂ ਦੀ ਲੱਭ-ਲਭਾਈ ਅਤੇ ਇਲਾਜ ਦੇ ਲਈ ਲੱਗਾ ਹੋਇਆ ਸੀ।

ਹੁਣ ਜਿੱਥੇ ਬੀਤੇ ਕਈ ਦਿਨਾਂ ਤੋਂ ਕਮਿਊਨਿਟੀ ਤੋਂ ਕੋਈ ਕੇਸ ਨਹੀ ਸੀ ਆ ਰਿਹਾ ਹੈ ਉਥੇ ਕੁਝ ਲੋਕ ਆਈਸੋਲੇਸ਼ਨ ਦੇ ਵਿਚ ਸਨ ਅਤੇ ਹੁਣ ਉਨ੍ਹਾਂ ਦੇ ਨਤੀਜੇ ਨੈਗੇਟਿਵ ਆ ਗਏ ਹਨ ਅਤੇ ਕਮਿਊਨਿਟੀ ਦੇ ਵਿਚੋਂ ਕਰੋਨਾ ਦਾ ਸਫਾਇਆ ਹੋ ਗਿਆ ਹੈ। ਵਰਨਣਯੋਗ ਹੈ ਕਿ ਅੱਜ ਰਾਤ 12 ਵਜੇ ਤੋਂ ਕਰੋਨਾ ਤਾਲਾਬੰਦੀ ਦਾ ਪੱਧਰ-1 ਹੋ ਜਾਣਾ ਹੈ ਅਤੇ ਪੂਰੇ ਦੇਸ਼ ਦੇ ਵਿਚ ਇਹ ਵੀ ਲਾਗੂ ਰਹਿਣਾ ਹੈ।

ਇਸ ਸਾਰੇ ਦੇ ਬਾਵਜੂਦ ਇਸ ਵੇਲੇ ਵਿਦੇਸ਼ ਤੋਂ ਆਉਣ ਵਾਲੇ ਕੀਵੀਆਂ ਅਤੇ ਪੱਕੇ ਲੋਕਾਂ ਦੇ ਨਾਲ ਕਰੋਨਾ ਦੁਬਾਰਾ ਜਹਾਜ਼ ਚੜ੍ਹ ਇਥੇ ਪਹੁੰਚ ਰਿਹਾ ਹੈ, ਜਿਸ ਨੂੰ ਕਾਬੂ ਕਰਨ ਲਈ ਸਰਕਾਰ ਦੀ 14 ਦਿਨਾਂ ਵਾਲੀ ਨੀਤੀ ਕੰਮ ਕਰ ਰਹੀ ਹੈ। ਅੱਜ ਵਿਦੇਸ਼ ਤੋਂ ਆਇਆਂ ਵਿਚੋਂ ਤਿੰਨ ਕੇਸ ਕਰੋਨਾ ਦੇ ਨਿਕਲੇ ਹਨ। ਅੱਜ ਸ਼ਾਮਿਲ ਹੋਏ ਦੋ ਕੇਸ ਇਥੋਪੀਆ ਆਏ ਲੋਕਾਂ ਦੇ ਹਨ ਜੋ 23 ਸਤੰਬਰ ਨੂੰ ਇਥੇ ਆਏ ਸਨ ਤੇ ਹਮਿਲਟਨ ਵਿਖੇ ਹਨ।

ਤੀਜਾ ਕੇਸ 29 ਸਤੰਬਰ ਨੂੰ ਡੁਬਈ ਤੋਂ ਆਇਆ ਹੈ। ਇਸ ਵੇਲੇ 37 ਐਕਟਿਵ ਕੇਸ ਰਹਿ ਗਏ ਹਨ ਜੋ ਵਿਦੇਸ਼ ਤੋਂ ਪਰਤਿਆਂ ਦੇ ਹਨ। ਇਕ ਵਿਅਕਤੀ ਹਸਪਤਾਲ ਦਾਖਲ ਹੈ ਜਦ ਕਿ ਬਾਕੀ ਆਈਸੋਲੇਸ਼ਨ ਦੇ ਵਿਚ ਹਨ। ਨਿਊਜ਼ੀਲੈਂਡ ਦੇ ਵਿਚ ਹੁਣ ਤੱਕ 1505 ਲੋਕਾਂ ਨੂੰ ਕਰੋਨਾ ਹੋਣ ਦੀ ਪੁਸ਼ਟੀ ਹੋਈ ਹੈ ਅਤੇ 25 ਮੌਤਾਂ ਹੋਈਆਂ ਹਨ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਦੁਬਾਰਾ ਕਮਿਊਨਿਟੀ ਦੇ ਵਿਚੋਂ ਕਰੋਨਾ ਕੇਸ ਖਤਮ ਹੋ ਜਾਣੇ ਇਕ ਮੀਲ ਪੱਥਰ ਹੈ। ਦੁਬਾਰਾ ਫੈਲੇ ਕਰੋਨਾ ਕੇਸਾਂ ਦੇ ਵਿਚ ਕਮਿਊਨਿਟੀ ਤੋਂ 186 ਕੇਸ ਦਰਜ ਕੀਤੇ ਗਏ ਜਿਨ੍ਹਾਂ ਵਿਚੋਂ 179 ਔਕਲੈਂਡ ਕਲੱਸਟਰ ਨਾਲ ਸਬੰਧ ਰੱਖਦੇ ਸਨ ਅਤੇ 6 ਕ੍ਰਾਈਸਟਚਰਚ ਦੇ ਸਨ। ਸੋ ਅੱਜ ਰਾਤ ਲਾਕਡਾਊਨ ਥੱਲੇ ਆਉਣ ਤੋਂ ਪਹਿਲਾਂ ਕਮਿਊਨਿਟੀ ਦੇ ਵਿਚੋਂ ਕਰੋਨਾ ਖਤਮ ਹੋ ਜਾਣਾ ਵਾਕਿਆ ਖੁਸ਼ੀ ਵਾਲੀ ਗੱਲ ਹੈ ਕਿਉਂਕਿ ਕੱਲ੍ਹ ਤੋਂ ਲੋਕ ਪਾਰਟੀਆਂ ਆਦਿ ਕਰ ਸਕਦੇ ਹਨ ਅਤੇ ਧਾਰਮਿਕ ਅਸਥਾਨਾਂ ਉਤੇ ਇਕੱਠ ਕਰ ਸਕਦੇ ਹਨ।

# ਅਕਾਲੀ ਭਾਜਪਾ ਗੱਠਜੋੜ "ਟੁੱਟ ਗਿਆ ਤੜਕ ਕਰ ਕੇ"



ਜੀਗ ਸਿੰਘ
91-94170-95965

ਅਕਾਲੀ ਭਾਜਪਾ ਗੱਠਜੋੜ ਜਿਹੜਾ 1996 ਵਿੱਚ ਇਨ੍ਹਾਂ ਦੋਹਾਂ ਪਾਰਟੀਆਂ ਵਿੱਚ ਕਾਇਮ ਹੋਇਆ ਸੀ। ਇਹ ਇਕ ਨਾਪਾਕ ਗੱਠਜੋੜ ਸੀ ਜਿਸ ਨੇ ਇਕ ਦਿਨ ਜਰੂਰ ਟੁੱਟਣਾ ਹੀ ਸੀ ਤੇ ਹੋਇਆ ਵੀ ਉਹੋ ਕੁਝ, ਕਿਉਂ ਕਿ ਇਨ੍ਹਾਂ ਦੋਹਾਂ ਪਾਰਟੀਆਂ ਦੀਆਂ ਸੋਚਾਂ ਵਿੱਚ ਜਮੀਨ ਅਸਮਾਨ ਦਾ ਅੰਤਰ ਸੀ ਅਕਾਲੀ ਪਾਰਟੀ ਪੰਜਾਬ, ਪੰਜਾਬੀ ਬੋਲੀ ਹਿਤੈਸ਼ੀ, ਕਿਰਸਾਨੀ ਦੀ ਤਰਜਮਾਨੀ, ਪੰਜਾਬ ਦੇ ਪਾਣੀਆਂ ਆਦਿ ਦੀ ਸਮਰਥਕ ਸੀ। ਜਦੋਂ ਕਿ ਭਾਰਤੀ ਜਨਤਾ ਪਾਰਟੀ ਸ਼ੁਰੂ ਤੋਂ ਹੀ ਇਨ੍ਹਾਂ ਸਭ ਦੇ ਵਿਰੁੱਧ ਦੇ ਨਾਲ ਵਪਾਰੀਆਂ ਦੀ ਜਮਾਤ ਹੋਣ ਕਰਕੇ ਅਕਾਲੀ ਪਾਰਟੀ ਨਾਲ ਇਸ ਦੀ ਕਿਸੇ ਪਰਕਾਰ ਦੀ ਕੋਈ ਸਾਂਝ ਨਹੀਂ ਸੀ। ਜਦੋਂ ਇਹ ਗੱਠ ਜੋੜ ਟੁੱਟਾ ਤਾਂ ਉਦੋਂ ਤਕ ਚਲਾਕ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਅਕਾਲੀ ਦਲ ਬਾਦਲ ਦੇ ਰਾਜ ਕਾਲ ਵਿੱਚ ਪੰਜਾਬ ਦਾ ਇਨ੍ਹਾਂ ਵੱਡਾ ਨੁਕਸਾਨ ਕਰ ਦਿੱਤਾ ਸੀ ਜੋ ਕਿ ਭਵਿੱਖ ਵਿੱਚ ਜਲਦੀ ਪੂਰਾ ਨਹੀਂ ਹੋ ਸਕੇਗਾ। ਭਾਜਪਾ ਨੇ ਨਾ ਤਾਂ ਪੰਜਾਬ ਦੀ ਮਾਂ ਬੋਲੀ ਪੰਜਾਬੀ" ਰਹਿਣ ਦਿੱਤੀ, ਨਾ ਪੰਜਾਬ ਦੇ ਪਾਣੀ , ਨਾ ਹੀ ਚੰਡੀਗੜ੍ਹ ਸਮੇਤ ਪੰਜਾਬੀ ਬੋਲੀ ਬੋਲਦੇ ਇਲਾਕੇ ਆਦਿ ਦੇ ਮਸਲੇ ਲਗਾਤਾਰ ਵਿਰੋਧ ਕਰਨ ਕਰਕੇ ਨਿੱਬੜਨ ਦਿੱਤੇ। ਸਾਡੇ ਸੁਆਰਥੀ ਅਕਾਲੀ ਆਗੂ ਗੱਦੀ ਨਾਲ ਚਿੰਬੜ ਰਹੇ ਤੇ ਭਾਜਪਾਈ ਪੰਜਾਬ ਤੇ ਆਰਾ ਚਲਾਉਂਦੇ ਰਹੇ। ਇਥੇ ਹੀ ਬਸ ਨਹੀਂ ਇਸੇ ਸਾਦਰ ਪਾਰਟੀ ਨੇ ਸੂਬੇ ਦੇ ਅਧਿਕਾਰਾਂ ਵਿਚੋਂ ਵਿਦਿਆ, ਸਿਹਤ ਸਹੂਲਤਾਂ ਵੀ ਪੰਜਾਬ ਕੋਲੋਂ ਲੈ ਕੇ ਕੇਂਦਰ ਦੇ ਹਵਾਲੇ ਕਰਵਾ ਦਿ-ਤੀਆਂ ਤੇ ਹੁਣ 2020 ਦਾ ਬਿਜਲੀ ਕਾਨੂੰਨ ਲਿਆ ਕੇ ਪੰਜਾਬ ਦੇ ਇਕ ਹੋਰ ਅਧਿਕਾਰ ਨੂੰ ਵੀ ਖੋਹੇ ਜਾਣ ਦੀ ਤਿਆਰੀ ਕਰ ਲਈ ਹੈ। ਇਸ ਤਹਿਤ ਬਿਜਲੀ ਦਾ ਰੈਗੂਲਟੇਰੀ ਕਮਿਸ਼ਨ ਜਿਹੜਾ ਪੰਜਾਬ ਦੇ ਕੋਲ ਹੈ ਕੇਂਦਰ ਦੇ ਹਵਾਲੇ ਹੋ ਜਾਵੇਗਾ, ਫਿਰ ਜਿਹੜੀਆਂ ਬਿਜਲੀ ਦੀਆਂ ਸਹੂਲਤਾਂ ਕਿਰਸਾਣਾਂ ਨੂੰ ਦਿੱਤੀਆਂ ਜਾ ਰਹੀਆਂ ਸਨ। ਉਨ੍ਹਾਂ ਦਾ ਵੀ ਸਦਾ ਸਦਾ ਲਈ ਭੋਗ ਪੈ ਜਾਵੇਗਾ। ਵਿਦਿਆ ਦੇ ਅਧਿਕਾਰ ਪੰਜਾਬ ਕੋਲੋਂ ਖੋਹਣ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਦੇ ਸਕੂਲਾਂ ਵਿਚ ਪੜ੍ਹ ਰਹੇ ਪੰਜਾਬੀ ਬੱਚੇ ਪੰਜਾਬ ਸਰਕਾਰ ਦੀ ਮਰਜ਼ੀ ਅਨੁਸਾਰ ਪੜਾਈ ਨਹੀਂ ਕਰ ਸਕਣਗੇ ਬਲਕਿ ਭਾਜਪਾ ਸਰਕਾਰ ਦੀ ਮਰਜ਼ੀ ਅਨੁਸਾਰ ਰ ਸ ਸ ਦੇ ਆਦੇਸ਼ਾਂ ਤੇ ਜਿਸ ਤਰਾਂ ਦੀ ਉਹ ਪੜਾਈ ਕਰਾਉਣ ਲਈ ਕਹਿਣਗੇ, ਪੰਜਾਬ ਦੇ ਵਿਦਿਆਰਥੀਆਂ ਨੂੰ ਪੜ-ਾਉਣ ਲਈ ਮਜਬੂਰ ਹੋਣਗੇ ਜਿਵੇਂ ਪਿਛਲੇ ਸਮੇਂ ਇਕ ਕਿਤਾਬ ਵਿੱਚ ਇਹ ਪੜਾਇਆ ਜਾ ਰਿਹਾ ਸੀ ਕਿ ਦਸਮ ਪਾਤਸ਼ਾਹ ਡਾਕੂ" ਸਨ, ਪਤਾ ਨਹੀਂ ਕੀ ਕੀ ਇਹ ਹੋਰ ਝੂਠ, ਸੱਚ ਪੜਵਾਉਣਗੇ। ਪੰਜਾਬ ਦੇ ਵਿਦਿਆਰਥੀ ਗੁਰੂ ਸਾਹਿਬਾਨ ਦੇ ਜੀਵਨ , ਸਿੱਖ ਇਤਿਹਾਸ, ਬਾਬਾ ਬੰਦਾ ਸਿੰਘ ਬਹਾਦਰ, ਮਹਾਰਾਜਾ ਰਣਜੀਤ ਸਿੰਘ, ਅਜ਼ਾਦੀ ਲਹਿਰ ਦੇ ਪੰਜਾਬੀ ਯੋਧੇ ਵਗੈਰਾ ਵਗੈਰਾ ਸਭ ਕੁਝ ਦੀ ਪੜਾਈ ਬੰਦ ਹੋ ਜਾਵੇਗੀ। ਦੇਸ਼ ਦੇ ਗੱਦਾਰ ਕਿਸਮ ਦੇ ਲੋਕ ਅਜ਼ਾਦੀ ਘੁਲਾਟੀਏ ਬਣਨਗੇ। ਇਤਿਹਾਸ ਨੂੰ ਵਿਗਾੜ ਕੇ ਹਾਰੇ ਹੋਏ ਜੇਤੂ ਤੇ ਜੇਤੂਆਂ ਨੂੰ ਹਾਰੇ ਹੋਏ ਪੜਾਇਆ ਜਾਵੇਗਾ। ਗੱਦਾਰ ਦੇਸ ਭਗਤ ਤੇ ਦੇਸ਼ ਭਗਤ ਗੱਦਾਰ ਬਣਾਏ ਜਾਣਗੇ। ਦੇਸ਼ ਵਿੱਚ ਰਾਜ ਕਰ ਰਹੇ ਪਾਰਟੀ ਦੇ ਇਹ ਲੋਕ 'ਗੋਬਲ' ਦੇ ਚੇਲੇ ਲਗਦੇ ਹਨ ਜੋ ਬਾਰ ਬਾਰ ਝੂਠ ਬੋਲ ਕੇ ਝੂਠ ਨੂੰ ਸੱਚ" ਬਣਾਉਣ ਵਾਲੇ ਹਨ। ਦੇਸ਼ ਦੇ ਕਈ ਸੂਬਿਆਂ ਵਿੱਚ ਸਿੱਖ ਗੁਰੂਆਂ ਨੂੰ ਡਾਕੂ, ਧਾੜਵੀ, ਲੁਟੇਰੇ ਆਦਿ ਬੜਾ ਕੁਝ ਗਲਤ ਪੜਾਇਆ ਜਾ ਰਿਹਾ ਹੈ। ਬਾਦਲਾਂ ਦੀ ਲੀਡਰ ਸ਼ਿਪ ਵੇਲੇ ਇਕ ਹੋਰ ਜੋ ਵੱਡੀ ਗਲਤੀ ਕੀਤੀ ਦਸੀ ਜਾ ਰਹੀ ਹੈ ਕਿ ਇਨ੍ਹਾਂ ਨੇ ਸ਼੍ਰੋਮਣੀ ਕਮੇਟੀ, ਸਕੂਲਾਂ, ਕਾਲਜਾਂ ਵਿੱਚ ਸਿੱਖ ਵਿਰੋਧੀ ਰ ਸ ਸ ਦਾ ਅਕਸਰ ਭਰਤੀ ਕਰਕੇ ਇਨ੍ਹਾਂ ਨੇ ਸਿੱਖ ਅਦਾਰਿਆਂ ਦਾ ਵੀ ਭਗਵਾਂ ਕਰਨ ਸ਼ੁਰੂ ਕਰਾ ਲਿਆ ਹੈ।ਸਾਡੇ ਅਕਾਲੀ ਆਗੂ ਸੰਸਾਰ ਦੇ ਧਨਾਢ ਮੋਹਰੀਆਂ ਵਿੱਚ ਆਪਣਾ ਨਾਂ ਦਰਜ ਕਰਾਉਣ ਵੱਲ ਲਗੇ ਰਹੇ, ਪੰਜਾਬ, ਪੰਜਾਬੀਅਤ, ਪੰਜਾਬੀ ਬੋਲੀ ਤੇ ਪੰਜਾਬੀ ਕਿਰਸਾਨ ਭਾਵੇਂ ਸਾਰੇ ਉੱਜੜ ਜਾਣ। ਸਿੱਖਾਂ ਦੇ ਸੁਆਰਥੀ ਲੀਡਰ ਜਿਹੜੇ ਇਹ ਕਹਿੰਦੇ ਨਹੀਂ ਸਨ ਥੱਕਦੇ ਕਿ ਭਾਜਪਾ ਨਾਲ ਸਾਡਾ ਨਹੁੰ ਮਾਸ ਦਾ ਰਿਸ਼ਤਾ ਹੈ ਪਰ ਹੁਣ ਨਾ ਨਹੁੰ" ਲੱਭ ਰਿਹਾ ਹੈ ਤੇ ਨਾ "ਮਾਸ"! ਇਹ ਦੋਵੇਂ ਇਕ ਦੂਸਰੇ ਤੋਂ ਕੋਹਾਂ ਦੂਰ ਬੈਠੇ ਇਕ ਦੂਜੇ ਨੂੰ ਸੋਹਲੇ ਤੇ ਸੁਣਾਵਤਾਂ ਸੁਣਾ ਰਹੇ ਹਨ। ਪੰਜਾਬੀ ਦੇ ਕਈ ਅਖਾਣ ਵੀ ਇੰਨ ਬਿੰਨ ਅਕਾਲੀਆਂ ਤੇ ਢੁੱਕ ਰਹੇ ਹਨ ਹੱਥ ਪੁਰਾਣੇ ਖੌਂਸੜੇ ਬਸੰਤੇ ਹੋਰੀਂ ਘਰ ਆਏ", ਅੱਬ ਪਛਤਾਏ ਕਿਆ ਹੋਤ ਜਬ ਚਿੜੀਆਂ ਚੁਗ ਗਈ ਖੇਤ," ਹੱਥੀਂ ਗੰਢਾਂ ਦਿੱਤੀਆਂ, ਦੰਦਾਂ ਨਾਲ ਖੋਲ੍ਹਣੀਆਂ ਪੈਣਗੀਆਂ", ਆਪੇ ਫਾਥੜੀਏ, ਤੈਨੂੰ ਕੋਣ ਛੁਡਾਏ। ਸ੍ਰ ਪ੍ਰਕਾਸ਼ ਸਿੰਘ ਬਾਦਲ ਪੰਜ ਵਾਰੀ ਪੰਜਾਬ ਦੇ ਮੁੱਖ ਮੰਤਰੀ ਜਰੂਰ ਬਣੇ। ਪਰ ਪੰਜਾਬ ਦੇ ਹਿੱਤ ਦਾ ਕੋਈ ਇਕ ਵੀ ਕੰਮ ਨਹੀਂ ਕੀਤਾ ਤੇ ਜਿਹੜੇ ਕੀਤੇ ਉਹ ਭਾਜਪਾਈਆਂ ਦੇ ਕਹਿਣ ਤੇ ਸਾਰੇ ਹੀ ਪੰਜਾਬ ਮਾਰੂ ਕੀਤੇ। ਕੇਂਦਰ ਵਿੱਚ ਭਾਜਪਾ ਨਾਲ ਭਿਆਲੀ ਹੋਣ ਦੇ ਬਾਵਜੂਦ ਇਕ ਵੀ ਪੰਜਾਬ ਦਾ ਮਸਲਾ ਇਨ੍ਹਾਂ ਉਨ੍ਹਾਂ ਕੋਲੋਂ ਹੱਲ ਨਹੀਂ ਕਰਾ ਹੋਇਆ। ਜੇਕਰ ਅਕਾਲੀਆਂ ਨੇ ਭਾਜਪਾ ਨਾਲ ਗੱਠ ਜੋੜ ਕੀਤਾ ਸੀ ਤਾਂ ਕੀ ਇਨ੍ਹਾਂ ਦੀ ਜ਼ਿੰਮੇਵਾਰੀ ਨਹੀਂ ਸੀ ਬਣਦੀ ਕਿ ਉਹ ਪੰਜਾਬ ਦੇ ਅਤਿ ਗੰਭੀਰ ਬੜੇ ਚਿਰ ਤੋਂ ਲਮਕਦੇ ਮਸਲੇ 1984 ਦੇ ਦੰਗਿਆਂ ਦੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਂਦੇ, ਚੰਡੀਗੜ੍ਹ, ਦਰਿਆਈ ਪਾਣੀ, ਪੰਜਾਬੀ ਬੋਲਦੇ ਇਲਾਕੇ ਵਾਪਸ ਲੈਣ ਦੇ ਹੱਲ ਕਰਾਉਂਦੇ? ਇਹ ਮਸਲੇ ਤਾਂ ਇਨ੍ਹਾਂ ਨੇ ਪੰਜਾਬੀਆਂ ਨੂੰ ਗੁੰਮਰਾਹ ਕਰਕੇ ਸਿਰਫ਼ ਵੋਟਾਂ ਲੈਣ ਲਈ ਰਾਖਵੇਂ ਰੱਖੇ ਹੋਏ ਹਨ।ਇਨ੍ਹਾਂ ਨੂੰ ਆਪਣੀ ਗੱਦੀ ਤੇ ਨਿੱਜੀ ਕੰਮ ਕਰਾਉਣ ਤੋਂ ਬਿਨਾ ਹੋਰ ਕੁਝ ਨਜ਼ਰ ਹੀ ਨਹੀਂ ਆਉਂਦਾ। ਇੰਝ ਲਗ ਰਿਹਾ ਹੈ ਜਿਵੇਂ ਤਤਕਾਲੀਨ ਪ੍ਰਧਾਨ ਮੰਤਰੀ ਸ੍ਰ ਮਨਮੋਹਨ ਸਿੰਘ ਦਾ ਇਹ ਕਹਿਣਾ ਕਿ ਜਦੋਂ ਵੀ ਸ੍ਰ ਪਰਕਾਸ਼ ਸਿੰਘ ਬਾਦਲ ਉਨ੍ਹਾਂ ਨੂੰ ਦਿਲੀ ਮਿਲਣ ਆਉਂਦੇ, ਉਹ ਆਪਣੇ ਨਿੱਜੀ ਕੰਮ ਲੈ ਕੇ ਮੇਰੇ ਕੋਲ ਆਉਂਦੇ ਤੇ ਸਾਰੇ ਦੇ ਸਾਰੇ ਕਰਾ ਕੇ ਚਲੇ ਜਾਂਦੇ ਸਨ। ਇਨ੍ਹਾਂ ਨੇ ਕਦੇ ਵੀ ਮੇਰੇ ਨਾਲ ਪੰਜਾਬ ਦੇ ਕਿਸੇ ਮਸਲੇ ਬਾਰੇ ਜਿਕਰ ਤਕ ਨਹੀਂ ਕੀਤਾ"। ਇਕ ਟੀ ਵੀ ਚੈਨਲ ਤੋਂ ਪਤਾ ਲਗਾ ਕਿ ਅਕਾਲੀ ਦਲ ਬਾਦਲ ਦਾ ਭਾਜਪਾ ਨਾਲ ਮੇਲ ਮਿਲਾਪ ਕਰਾਉਣ ਵਾਲਾ ਕੋਈ ਹੋਰ ਨਹੀਂ ਸੀ ਬਲਕਿ ਤਤਕਾਲੀਨ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਦੇ ਨਜਦੀਕੀ ਰਹਿ ਚੁੱਕੇ ਸ੍ਰ ਤਰਲੋਚਨ ਸਿੰਘ ਹੀ ਸਨ। ਕੀ ਸ੍ਰ ਤਰਲੋਚਨ ਸਿੰਘ ਨੂੰ ਇਸ ਪਾਰਟੀ ਦੇ ਪੁਰਾਣੇ ਖਾਸੇ "ਪੰਜਾਬ ਵਿਰੋਧੀ" ਹੋਣ ਦਾ ਪਤਾ ਨਹੀਂ ਸੀ? ਇਹ ਸਭ ਗੱਦੀਆਂ ਦੇ ਭੁੱਖੇ ਹਨ, ਪੰਜਾਬ ਦਾ ਭਾਵੇਂ ਨਾਮੋ ਨਿਸ਼ਾਨ ਮਿਟ ਜਾਵੇ। ਸ੍ਰ ਤਰਲੋਚਨ ਸਿੰਘ ਇਕ ਵਾਰੀ ਹਰਿਆਣੇ ਤੋਂ ਰਾਜ ਸਭਾ ਦੀ ਸੀਟ ਤੇ ਫਿਰ ਕੇਂਦਰ ਵਿੱਚ ਘੱਟ ਗਿਣਤੀ ਕਮਿਸ਼ਨ ਦੀ ਚੇਅਰਮੈਨੀ ਦੇ ਅਹੁਦੇ ਦਾ ਅਨੰਦ ਮਾਣ ਚੁੱਕੇ ਹਨ। ਹਾਲੇ ਵੀ ਉਹ ਇੰਨੀ ਵਡੇਰੀ ਉਮਰ ਹੋ ਜਾਣ ਦੇ ਬਾਵਜੂਦ ਪੰਜਾਬ ਦੇ ਕਿਰਸਾਣਾਂ ਦਾ ਬੇੜਾ ਗਰਕ ਕਰਨ ਵਾਲੇ "ਮੋਦੀ ਸਾਹਿਬ" ਦੇ ਨਾਲ ਨਾਲ ਸ੍ਰ ਪ੍ਰਕਾਸ਼ ਸਿੰਘ ਬਾਦਲ" ਜਿਨ੍ਹਾਂ ਨੇ ਪੰਜਾਬ ਦਾ ਭੱਠਾ ਬਿਠਾ ਦਿੱਤਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਾਉਣ ਤੇ ਸੌਦੇ ਸਾਧ ਨੂੰ ਸਿੱਖ ਪੰਥ ਦੇ ਜਥੇਦਾਰਾਂ ਕੋਲੋਂ ਬਿਨ ਮੁਆਫ਼ੀ ਮੰਗੇ ਮੁਆਫ਼ੀ ਦੁਆ ਕੇ ਤਖਤਾਂ ਦੇ ਮਾਣ ਸਨਮਾਨ ਨੂੰ ਮਿਟੀ ਵਿੱਚ ਮਿਲਾਉਣ ਵਾਲੇ ਸ੍ਰ ਪ੍ਰਕਾਸ਼ ਸਿੰਘ ਬਾਦਲ ਨੂੰ ਪਤਾ ਨਹੀਂ ਕਿਹੜੇ ਪੱਖੋਂ ਸ੍ਰ ਤਰਲੋਚਨ ਸਿੰਘ ਨੂੰ ਸੁਲਝੇ ਲੀਡਰ ਨਜ਼ਰ ਆ ਰਹੇ ਹਨ। ਅਕਾਲੀ ਦਲ ਬਾਦਲ ਨਾਲ ਗੱਠ ਜੋੜ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਦਾ ਪਹਿਲਾਂ ਨਾਂ ਹਿੰਦੂ ਮਹਾਂ ਸਭਾ ਹੁੰਦਾ ਸੀ ਉ ਫਿਰ ਇਹ "ਭਾਰਤੀ ਜੰਨ ਸੰਘ" ਬਣੀ ਤੇ ਉਸ ਤੋਂ ਬਾਅਦ ਇਹ ਭਾਰਤੀ ਜਨਤਾ ਪਾਰਟੀ "ਬਣ ਕੇ ਹੋਂਦ ਵਿੱਚ ਆਈ ਸੀ। ਅਕਾਲੀ ਭਾਜਪਾ ਗੱਠਜੋੜ ਤੋਂ ਪਹਿਲਾਂ ਵੀ ਵੱਖ ਵੱਖ ਨਾਂਵਾਂ ਵਾਲੀ ਇਸ ਪਾਰਟੀ ਨੇ ਸਭ ਤੋਂ ਪਹਿਲਾਂ ਪੰਜਾਬੀ ਸੂਬੇ ਦਾ ਵਿਰੋਧ ਕੀਤਾ ਸੀ, ਫਿਰ ਪੰਜਾਬ ਵਿੱਚ ਰਹਿਣ ਵਾਲੇ ਹਿੰਦੂਆਂ ਦੀ ਮਾਂ ਬੋਲੀ ਪੰਜਾਬੀ ਹੁੰਦਿਆਂ, ਹਿੰਦੂਆਂ ਕੋਲੋਂ ਪੰਜਾਬੀ ਬੋਲੀ ਤੋਂ ਮੁਨਕਰ ਕਰਾ ਕੇ, ਉਨ੍ਹਾਂ ਕੋਲੋਂ ਮਾਂ ਬੋਲੀ ਪੰਜਾਬੀ" ਦੀ ਥਾਂ ਤੇ ਹਿੰਦੀ ਲਿਖਵਾਈ, ਪੰਜਾਬ ਵਿਚੋਂ ਪੰਜਾਬੀ ਬੋਲਦੇ ਇਲਾਕੇ ਕਢਵਾ ਕੇ ਹਰਿਆਣਾ ਬਣਵਾਇਆ, ਚੰਡੀਗੜ੍ਹ ਨੂੰ ਪੰਜਾਬੋਂ ਬਾਹਰ ਕਰਵਾਇਆ, ਇਸ ਫਿਰਕੂ ਪਾਰਟੀ ਨੇ ਬੜੀ ਹੁਸ਼ਿਆਰੀ ਨਾਲ ਪੰਜਾਬ ਦੇ ਸਾਰੇ ਸਕੂਲਾਂ ਤੋਂ ਬਿਨਾ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚਲ ਰਹੇ ਸਕੂਲਾਂ ਨੂੰ ਪੰਜਾਬ ਸਕੂਲ ਸਿਖਿਆ ਬੋਰਡ ਮੋਹਾਲੀ ਤੋਂ ਤੁੜਵਾ ਕੇ ਸੀ ਬੀ ਐਸ ਈ ਬੋਰਡ ਦਿਲੀ ਨਾਲ ਜੁੜਵਾ ਕੇ ਪੰਜਾਬ ਵਿੱਚ ਪਹਿਲੀ ਜਮਾਤ ਤੋਂ ਪੰਜਾਬੀ ਪੜ੍ਹ ਰਹੇ ਵਿਦਿਆਰਥੀਆਂ ਨੂੰ ਪੰਜਾਬੀ ਪੜਾਉਣੀ ਤੇ ਬੋਲਣੀ ਬੰਦ ਕਰਵਾਈ। ਪੰਜਾਬ ਦੇ ਲੋਕ ਇਹ ਵੀ ਚੰਗੀ ਤਰਾਂ ਜਾਣਦੇ ਹਨ ਕਿ ਇਸੇ ਪਾਰਟੀ ਨੇ ਸ੍ਰੀ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਸ੍ਰੀ ਗੁਰੂ ਰਾਮ ਦਾਸ ਜੀ ਤੇ ਸ੍ਰੀ ਦਰਬਾਰ ਸਾਹਿਬ ਦੀਆਂ ਲੱਗੀਆਂ ਫੋਟੋਆਂ ਦੀ ਬੜੀ ਭਾਰੀ ਬੇਅਦਬੀ ਕੀਤੀ ਸੀ ਤੇ ਨਾਲ ਹੀ ਗੁਰੂ ਨਾਨਕ ਯੂਨੀਵਰਸਿਟੀ ਦਾ ਵੀ ਰੱਜ ਕੇ ਵਿਰੋਧ ਕੀਤਾ ਸੀ ਆਦਿ ਆਦਿ ਇਸ ਪਾਰਟੀ ਦੀ "ਪੰਜਾਬ ਵਿਰੋਧੀ" ਹੋਣ ਦੀ ਇਕ ਬੜੀ ਲੰਮੀ ਚੌੜੀ ਦਾਸਤਾਂ ਹੈ। ਇਹੋ ਕੁਝ ਅੱਜ ਕਲ ਕਿਰਸਾਨ ਵਿਰੋਧੀ ਬਿੱਲ ਕੇਂਦਰ ਵਲੋਂ ਜਬਰੀ ਪਾਸ ਕਰਕੇ ਪੰਜਾਬ ਸਮੇਤ ਦੇਸ਼ ਦੇ ਕਿਰਸਾਣਾਂ ਨਾਲ ਇਕ ਹੋਰ ਵੱਡਾ ਧੱਕਾ ਕੀਤਾ ਜਾ ਰਿਹਾ। ਇਸੇ ਪਾਰਟੀ ਦੀ ਇਕੋ ਇਕ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਗੱਦੀ ਖੁੱਸਣ ਦੇ ਡਰੋਂ ਇਨ੍ਹਾਂ ਬਿੱਲਾਂ ਦੇ ਵਿਰੁੱਧ ਇਕ ਸ਼ਬਦ ਵੀ ਲੋਕ ਸਭਾ ਵਿੱਚ ਨਾ ਬੋਲੀ, ਮੂੰਹ ਵਿੱਚ ਘੁੰਗਣੀਆਂ ਪਾ ਕੇ ਬੈਠੀ ਰਹੀ।ਪੰਜਾਬ ਤੇ ਪੰਜਾਬੋਂ ਬਾਹਰ ਬੈਠਾ ਹਰ ਪੰਜਾਬੀ ਕਿਰਸਾਨ ਇਨ੍ਹਾਂ ਬਾਦਲਾਂ ਵੱਲ ਦੇਖ ਰਿਹਾ ਸੀ। ਪਰ ਉਸ ਨੂੰ ਵੀ ਘੋਰ ਨਿਰਾਸ਼ਾ ਦਾ ਮੂੰਹ ਵੇਖਣਾ ਪਿਆ। ਇਸ ਬਿਪਤਾ ਦੀ ਘੜੀ ਵਿੱਚ ਸਾਰੀਆਂ ਕਿਰਸਾਣਾਂ ਦੀਆਂ ਜਥੇਬੰਦੀਆਂ ਨੂੰ ਇਕੱਠਿਆਂ ਹੋ ਕੇ ਕੇਂਦਰ ਸਰਕਾਰ ਦੇ ਵਿਰੁੱਧ ਸੰਘਰਸ਼ ਵਿੱਢਣ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਨੇ ਕਈ ਪੜਾਵੀ ਪ੍ਰੋਗਰਾਮ ਉਲੀਕ ਕੇ ਸੰਘਰਸ਼ ਸ਼ੁਰੂ ਕਰ ਦਿੱਤਾ। ਜਦੋਂ ਬਾਦਲਾਂ ਨੇ ਆਪਣੇ ਪੈਰਾਂ ਹੇਠੋਂ ਜਮੀਨ ਖਿਸਕਦੀ ਵੇਖੀ ਤਾਂ ਨਾ ਚਾਹੁੰਦਿਆਂ ਹੋਇਆਂ ਬਾਦਲਾਂ ਨੂੰ ਕੇਂਦਰੀ ਮੰਤਰੀ ਮੰਡਲ ਦੀ ਗੱਦੀ ਛੱਡਣੀ ਪਈ। ਪੰਜਾਬੀਆਂ ਦੇ ਮਨਾਂ ਵਿੱਚ ਹਾਲੇ ਵੀ ਤੌਖਲੇ ਹਨ ਕਿ ਇਹ ਅਕਾਲੀ ਪਾਰਟੀ ਭਾਜਪਾ ਨਾਲ ਅੰਦਰੋਂ ਖਾਤੇ ਕੋਈ ਗਿੱਟ ਮਿਟ ਕਰਕੇ ਬਾਹਰ ਆਈ ਹੈ।ਇਸ ਬਾਰੇ ਖੁਲਾਸਾ ਬਾਦਲਾਂ ਦੇ ਪਿਛਲੇ ਕਿਰਦਾਰ ਨੂੰ ਵੇਖਦਿਆਂ ਕਿਰਸਾਨ ਆਗੂ ਸ੍ਰ ਬਲਬੀਰ ਸਿੰਘ ਰਾਜੇਵਾਲਾ ਨੇ ਇਕ ਟੀ ਵੀ ਚੈਨਲ ਤੇ ਆਪਣੀ ਮੁਲਾਕਾਤ ਦੌਰਾਨ ਵੀ ਕੀਤਾ ਹੈ। ਹੁਣ ਬਾਦਲ ਦਲ ਕਾਂਗਰਸੀਆਂ ਨੂੰ ਭੰਡ ਰਿਹਾ ਹੈ ਕਿ ਉਹ ਕੇਂਦਰ ਸਰਕਾਰ ਵਲੋਂ ਕਿਰਸਾਨ ਆਰਡੀਨੈਂਸ ਬਾਰੇ ਰੱਖੀਆਂ ਮੀਟਿੰਗਾਂ ਵਿੱਚ ਨਹੀਂ ਗਏ ਤੇ ਕਾਂਗਰਸੀ ਇਹ ਕਹਿ ਕੇ ਅਕਾਲੀਆਂ ਨੂੰ ਕੋਸ ਰਹੇ ਹਨ ਕਿ ਲੋਕ ਸਭਾ ਵਿਚ ਸਾਰਾ ਕੁਝ ਬੀਬੀ ਬਾਦਲ ਤੇ ਸੁਖਬੀਰ ਬਾਦਲ ਦੇ ਸਾਹਮਣੇ ਹੁੰਦਾ ਰਿਹਾ ਹੈ। ਇਨ੍ਹਾਂ ਨੇ ਕਿਰਸਾਨੀ ਬਿੱਲ ਦਾ ਵਿਰੋਧ ਨਹੀਂ ਕੀਤਾ। ਇਨ੍ਹਾਂ ਦੋਹਾਂ ਪਾਰਟੀਆਂ ਦਾ ਆਪਸ ਵਿੱਚ ਮਿਹਣੋ ਮਿਹਣੀ ਹੋਣਾ ਆਪਣੇ ਆਪ ਵਿੱਚ ਪਰਤੱਖ ਸਬੂਤ ਹੈ ਕਿ ਇਹ ਦੋਵੇਂ ਪਾਰਟੀਆਂ ਨੇ ਕਿਰਸਾਣਾਂ ਲਈ ਕੁਝ ਨਹੀਂ ਕੀਤਾ। ਵੱਡਾ ਬਾਦਲ, ਸੁਖਬੀਰ ਬਾਦਲ ਤੇ ਇਹ ਬੀਬਾ ਬਾਦਲ ਤਿੰਨੇ ਹੀ ਇਸ ਕਿਰਸਾਨੀ ਬਿੱਲ ਦੇ ਸੋਹਲੇ ਗਾਉਂਦੇ ਹੋਏ, ਸਮੂਹ ਪੰਜਾਬੀਆਂ ਨੇ ਟੀ ਵੀ ਚੈਨਲਾਂ ਤੇ ਵੇਖਣ ਦੇ ਨਾਲ ਅਖ਼ਬਾਰਾਂ ਵਿੱਚ ਇਨ੍ਹਾਂ ਦੇ ਵੱਡੇ ਵੱਡੇ ਬਿਆਨ ਛੱਪੇ ਵੀ ਜਰੂਰ ਵੇਖੇ ਹੋਣਗੇ। ਫਿਰ ਕਿਹੜੀ ਬਿੱਲੀ ਛਿੱਕ ਗਈ ਸੀ ਕਿ ਰਾਤੋਂ ਰਾਤ ਇਹ ਬਿੱਲ ਕਿਰਸਾਨ ਵਿਰੋਧੀ ਬਣ ਗਏ? ਪੰਜਾਬ ਦਾ ਸਾਰਾ ਕੁਝ ਬਰਬਾਦ ਕਰਾ ਕੇ ਹੁਣ ਇਹ ਆਗੂ ਪੰਜਾਬੀਆਂ ਨੂੰ ਮੂਰਖ ਬਣਾ ਰਹੇ ਹਨ। ਪਾਰਟੀ ਦੀ ਰਹਿੰਦੀ ਖੂੰਹਦੀ ਸ਼ਾਖ ਨੂੰ ਬਚਾਉਣ ਲਈ ਇਨ੍ਹਾਂ ਨੇ ਹੁਣ ਪੰਜਾਬ ਵਿਚਲੇ ਸਿੱਖਾਂ ਦੇ ਤਿੰਨ ਤਖਤਾਂ ਸ੍ਰੀ ਅਕਾਲ ਤਖਤ ਸ੍ਰੀ ਅੰਮ੍ਰਿਤਸਰ, ਤਖਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਤੇ ਤਖਤ ਸ੍ਰੀ ਕੇਸ-ਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੋਂ ਕਿਰਸਾਨ ਵਿਰੋਧੀ ਬਿੱਲਾਂ ਦੇ ਵਿਰੁੱਧ ਮਾਰਚ ਕੱਢ ਕੇ ਪੰਜਾਬ ਦੇ ਗਵਰਨਰ ਨੂੰ ਮੰਗ ਪੱਤਰ ਦੇਣ ਦਾ ਡਰਾਮਾ ਕਰ ਰਹੇ ਹਨ। ਜੇ ਇਨ੍ਹਾਂ ਨੇ ਕੁਝ ਕਰਨਾ ਸੀ ਤਾਂ ਦਿਲੀ ਪਾਰਲੀਮੈਂਟ ਹਾਊਸ ਅੱਗੇ ਕਰਦੇ, ਇਹ ਸਮਝਦੇ ਹਨ ਕਿ ਜਿਵੇਂ ਸਾਰੇ ਪੰਜਾਬੀ ਮੂਰਖ ਹੀ ਹੋਣ। ਸਿੱਖ ਤਾਂ ਹਾਲੇ ਜੋ ਉਹਨਾਂ ਨੇ ਪਿੱਛੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਸਲੇ ਵਿੱਚ ਅਕਾਲੀ ਸਰਕਾਰ ਨੇ ਕੀਤਾ ਸੀ ,ਉਸ ਨੂੰ ਵੀ ਨਹੀਂ ਸਨ ਭੁੱਲੇ ਕਿ ਇਕ ਹੋਰ ਕਿਰਸਾਨ ਵਿਰੋਧੀ ਬਿੱਲਾਂ ਦੇ ਨਵੇਂ ਤੱਤੇ ਚਿਮਟੇ ਉਨ੍ਹਾਂ ਨੂੰ ਲਗਾ ਦਿੱਤੇ ਹਨ।ਟਕਸਾਲੀ ਅਕਾਲੀ ਤੇ ਅਣਖ ਵਾਲੇ ਸਿੱਖ ਲੀਡਰ ਲਗਾਤਾਰ ਇਨ੍ਹਾਂ ਨੂੰ ਸਦਾ ਲਈ ਅਲਵਿਦਾ ਕਹਿੰਦੇ ਆ ਰਹੇ ਹਨ। ਅਕਾਲੀ ਪਾਰਟੀ ਦੇ ਜੇ ਪੁਰਾਤਨ ਇਤਿਹਾਸ ਤੇ ਝਾਤ ਮਾਰੀਏ ਤਾਂ ਉਹਨਾਂ ਦਾ ਇਤਿਹਾਸ ਸੱਚ ਮੁੱਚ ਵਿਲੱਖਣ ਤੇ ਸੁਨਹਿਰੀ ਰਿਹਾ ਹੈ। ਇਸ ਪਾਰਟੀ ਦੇ ਪ੍ਰਧਾਨ ਅਣਖੀ ਬਹਾਦਰ ਤੇ ਪੰਜਾਬ ਲਈ ਸਭ ਕੁਝ ਕੁਰਬਾਨ ਕਰਨ ਵਾਲੇ ਸਨ। ਪਰ ਜਦੋਂ ਮੌਜੂਦਾ ਸਮੇਂ ਦੇ ਅਕਾਲੀਆਂ ਦਾ ਇਤਿਹਾਸ ਵੇਖੀਏ ਤਾਂ ਇਹ ਲੀਡਰਸ਼ਿਪ ਗੁਰੂ ਸਾਹਿਬਾਨ ਦੇ ਸਿਧਾਂਤਾਂ ਤੋਂ ਬਿਲਕੁਲ ਕੋਰੀ, ਪੈਸੇ ਦੀ ਲਾਲਚੀ ਤੇ ਗੱਦੀਆਂ ਦੀ ਭੁੱਖੀ ਹੈ। ਜਿਸ ਕਰਕੇ ਸਿੱਖਾਂ ਦਾ ਸਿਰ ਸ਼ਰਮ ਨਾਲ ਝੁਕਦਾ ਹੈ।ਸਚਾਈ ਵਿੱਚ ਇਹ ਉਹ ਪਾਰਟੀ ਸੀ ਜਿਹੜੀ ਵੱਧ ਅਧਿ-ਕਾਰਾਂ ਦੀ ਮੰਗ ਕਰਨ ਵਾਲੀ ਸੀ, ਘੱਟ ਗਿਣਤੀਆਂ ਵਾਲੀ ਹੋਣ ਕਰਕੇ ਉਨ੍ਹਾਂ ਦੇ ਹੱਕ ਵਿੱਚ ਖੜ੍ਹਨ ਵਾਲੀ ਦੇ ਨਾਲ ਨਾਲ ਕਿਰਸਾਣਾਂ ਦੀ ਨੁਮਾਇੰਦਗੀ ਕਰਨ ਵਾਲੀ ਪਾਰਟੀ ਸੀ। ਪਰ ਅਫਸੋਸ! ਮੌਜੂਦਾ ਲੀਡਰਸ਼ਿਪ ਦੇ ਸਾਹਮਣੇ ਘੱਟ ਗਿਣਤੀਆਂ ਮੁਸਲਮਾਨਾਂ ਵਿਰੁੱਧ ਐਨ ਆਰ ਸੀ ਵਰਗੇ ਕਾਨੂੰਨ ਲਾਗੂ ਕੀਤੇ ਗਏ, ਜੰਮੂ ਕਸ਼ਮੀਰ ਦੀ 370 ਤੇ 35 ਧਾਰਾ ਖਤਮ ਕੀਤੀ ਗਈ।ਹੁਣ ਕਿਰਸਾਨ ਵਿਰੋਧੀ ਆਰਡੀਨੈਂਸਾਂ ਤੇ ਭਾਰਤ ਦੇ ਰਾਸ਼ਟਰਪਤੀ ਨੇ ਦਸਤਖ਼ਤ ਕਰਕੇ ਪੰਜਾਬ ਸਮੇਤ ਦੇਸ਼ ਭਰ ਦੇ ਕਿਰਸਾਣਾਂ ਦੇ ਹਿੱਤਾਂ ਤੇ ਵੱਡੀ ਸੱਟ ਮਾਰੀ ਹੈ। ਅੱਜ ਪੰਜਾਬ ਬਰਬਾਦ ਹੋ ਚੁੱਕਾ ਹੈ। ਜਦੋਂ1920 ਵਿੱਚ ਅਕਾਲੀ ਦਲ ਬਣਾਇਆ ਗਿਆ ਸੀ ਤਾਂ ਇਸ ਦੇ ਆਗੂ ਸਿੱਖ ਕੌਮ ਨੂੰ ਪਰਣਾਏ ਹੋਏ ਹੋਣ ਦੇ ਨਾਲ ਸਿੱਖ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਤੋਂ ਵੀ ਲਬਰੇਜ਼ ਸਨ ਪਰ ਸੌ ਸਾਲਾਂ ਬਾਅਦ 2020 ਵਿੱਚ ਇਸ ਦੇ ਆਗੂ ਉਨ੍ਹਾਂ ਸਾਰੇ ਗੁਣਾਂ ਤੋਂ ਹੀਣੇ ਹੋਣ ਕਰਕੇ ਉਨ੍ਹਾਂ ਨੇ ਸਿੱਖਾਂ ਦੀ ਇਸ ਅਕਾਲੀ ਪਾਰਟੀ ਨੂੰ ਖ਼ਾਤਮੇ ਦੇ ਕਗਾਰ ਤੇ ਜਿਥੇ ਪਹੁੰਚਾਇਆ ਹੈ ਉੱਥੇ ਸਿੱਖਾਂ ਦੀ ਧਾਰਮਿਕ ਜਥੇਬੰਦੀ ਸ਼੍ਰੋਮਣੀ ਕਮੇਟੀ ਨੂੰ ਵੀ ਸਿਰਫ਼ ਨਾਂ ਦੀ ਹੀ ਬਣਾ ਕੇ ਰੱਖ ਦਿੱਤਾ ਹੈ। ਇਸ ਲਈ ਸਿੱਖਾਂ ਦੀਆਂ ਇਨ੍ਹਾਂ ਦੋ ਸਿਰਮੌਰ ਜਥੇਬੰਦੀਆਂ ਦਾ ਸਿੱਖ ਜਗਤ ਨੂੰ ਪੁਨਰਗਠਨ ਕਰਨ ਦੀ ਜਰੂਰਤ ਹੈ। ਹੁਣ ਪਿਛਲੇ ਕਾਲੇ ਦੌਰ ਦੇ ਸੱਪ ਦੀ ਲਕੀਰ ਨੂੰ ਕੁੱਟਣ ਦੀ ਥਾਂ ਤੇ ਪੰਜਾਬ ਨੂੰ ਮੁੜ੍ਹ ਤੋਂ ਹੱਸਦਾ, ਨੱਚਦਾ ਤੇ ਗਾਉਂਦਾ ਪੰਜਾਬ ਬਣਾਉਣ ਦੀ ਅਹਿਮ ਲੋੜ ਹੈ? ਇਸ ਲਈ ਦੇਸ਼ ਵਿਦੇਸ਼ ਦੇ ਸਿਰੜੀ, ਨੇਕ, ਈਮਾਨਦਾਰ ਤੇ ਸਿੱਖ ਕੌਮ ਨੂੰ ਸਮਰਪਿਤ ਨੌਜਵਾਨਾਂ, ਬਜ਼ੁਰਗਾਂ, ਸਿੱਖ ਚਿੰਤਕਾਂ ਨੂੰ ਇਕੱਠੇ ਹੋਣ ਦੀ ਜਰੂਰਤ ਹੈ। ਜਿਸ ਵਿੱਚ ਯੋਜਨਾ ਬਣਾਈ ਜਾਵੇ ਕਿ ਕਿਵੇਂ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦਾ ਨਿਰਮਾਣ ਕਰਨਾ ਹੈ? ਇਸ ਲਈ ਪੰਜਾਬ ਸਮੇਤ ਦੇਸ ਵਿਦੇਸ਼ ਦੇ ਸੁਹਿਰਦ ਸਿੱਖਾਂ ਨੂੰ ਇਕੱਠੇ ਕੀਤਾ ਜਾਵੇ।ਇਹ ਕੰਮ ਦੋ ਚਾਰ ਦਿਨਾਂ ਦਾ ਨਹੀਂ ਬਲਕਿ ਲੰਮੇ ਸਮੇਂ ਤੇ ਠਰੰਮੇ ਨਾਲ ਲਾਮਬੰਦ ਹੋ ਕੇ ਕਰਨ ਵਾਲਾ ਹੈ। ਆਉ! ਆਪਾਂ ਸਾਰੇ ਸੁਹਿਰਦ ਸਿੱਖ ਜਿਨ੍ਹਾਂ ਦੇ ਮਨਾਂ ਵਿੱਚ ਸਿੱਖ ਪੰਥ ਲਈ ਦਰਦ ਸਮਾਇਆ ਹੋਇਆ ਹੈ। ਆਪਣੇ ਸਾਰੇ ਰੋਸੇ ਭੁਲਾ ਕੇ, ਲੋਭ ਲਾਲਚ ਨੂੰ ਤਿਆਗ ਕੇ ਇਸ ਮੁਹਿੰਮ ਵਿੱਚ ਜੁੱਟ ਜਾਈਏ। ਬਿਨ ਲਾਲਚ ਦੇ ਕੀਤੇ ਜਾਣ ਵਾਲੇ ਇਸ ਮਹਾਨ ਕਾਰਜ ਵਿੱਚ ਫ਼ਤਿਹ ਵੀ ਤੁਹਾਡੀ ਹੋਵੇਗੀ।




## ਇੱਜ਼ਤ ਖਾਤਰ ਬਣ ਜਾ--ਗੀਤ

ਹੱਦ ਜ਼ੁਲਮ ਦੀ ਮੁੱਕੀ
ਖਤਮ ਕਹਾਣੀ ਨੀ ਕੁੜੀਏ।
ਇੱਜ਼ਤ ਖਾਤਰ ਬਣ ਜਾ
ਫੂਲਾਂ ਰਾਣੀ ਨੀ ਕੁੜੀਏ।

ਪਤ ਲਾਹੁਣੀ ਮਜ਼ਲੂਮਾਂ ਦੀ
ਜੋ ਸ਼ਾਨ ਸਮਝਦੇ ਨੇ।
ਢਾਹੁਣੇ ਜ਼ੁਲਮ ਗਰੀਬਾਂ 'ਤੇ
ਜੋ ਮਾਣ ਸਮਝਦੇ ਨੇ।
ਚੁੱਕ ਭਗੌਤੀ ਸੋਧੀਂ
ਜ਼ਾਲਮ ਢਾਣੀ ਨੀ ਕੁੜੀਏ
ਇੱਜ਼ਤ ਖਾਤਰ ਬਣ ਜਾ----

ਪਾੜ ਕੇ ਅੱਖਾਂ ਝਾਕਣ ਜੋ
ਉਹ ਡੇਲੇ ਕੱਢ ਕੁੜੇ।
ਇੱਜ਼ਤ ਨੂੰ ਹੱਥ ਪਾਉਂਦੇ
ਜੋ ਗੁੱਟਾਂ ਨੂੰ ਵੱਢ ਕੁੜੇ।
ਇਉਂ ਸੁਲਝਾਉਣੀ ਪੈਣੀ
ਉਲਝੀ ਤਾਣੀ ਨੀ ਕੁੜੀਏ।
ਇੱਜ਼ਤ ਖਾਤਰ ਬਣ ਜਾ----

ਅਬਲਾ ਨਾਰੀ ਬਣਕੇ ਕਿੰਨਾ
ਜ਼ੁਲਮ ਸਹਾਰੇਂਗੀ।
ਗੁੰਗੀ ਬਹਿਰੀ ਬਣਕੇ
ਜ਼ਿੰਦਗੀ ਕਿਵੇਂ ਗੁਜਾਰੇਂਗੀ।
ਮਾਂ ਭਾਗੋ ਦੀ ਧੀਏ
ਮੂਲ ਪਛਾਣੀ ਨੀ ਕੁੜੀਏ।
ਇੱਜ਼ਤ ਖਾਤਰ ਬਣ ਜਾ----

ਮੋਢੇ ਚੁੱਕ ਦੁਨਾਲੀ ਸੋਧਾ
ਲਾ ਦੇ ਜ਼ਾਲਮ ਨੂੰ।
ਇੱਕੀਆ ਦੀ ਥਾਂ 'ਕੱਤੀ
ਭਾਜੀ ਪਾ ਦੇ ਜ਼ਾਲਮ ਨੂੰ।
ਸਿਰ ਚੁੱਕ 'ਲਾਲ' ਜਿਉਣਾ
ਦੱਸਦੀ ਬਾਣੀ ਨੀ ਕੁੜੀਏ।
ਇੱਜ਼ਤ ਖਾਤਰ ਬਣ ਜਾ-



ਲਾਲ ਸਿੰਘ ਸੁਲਹਾਣੀ
91-98721-55120

## ਹੱਦ ਜ਼ੁਲਮ ਦੀ ਮੁੱਕੀ

ਹੱਦ ਜ਼ੁਲਮ ਦੀ ਮੁੱਕੀ
ਖਤਮ ਕਹਾਣੀ ਨੀ ਕੁੜੀਏ।
ਇੱਜ਼ਤ ਖਾਤਰ ਬਣ ਜਾ
ਫੂਲਾਂ ਰਾਣੀ ਨੀ ਕੁੜੀਏ।

ਪਤ ਲਾਹੁਣੀ ਮਜ਼ਲੂਮਾਂ ਦੀ
ਜੋ ਸ਼ਾਨ ਸਮਝਦੇ ਨੇ।
ਢਾਹੁਣੇ ਜ਼ੁਲਮ ਗਰੀਬਾਂ 'ਤੇ
ਜੋ ਮਾਣ ਸਮਝਦੇ ਨੇ।
ਚੁੱਕ ਭਗੌਤੀ ਸੋਧੀਂ
ਜ਼ਾਲਮ ਢਾਣੀ ਨੀ ਕੁੜੀਏ
ਇੱਜ਼ਤ ਖਾਤਰ ਬਣ ਜਾ----

ਪਾੜ ਕੇ ਅੱਖਾਂ ਝਾਕਣ ਜੋ
ਉਹ ਡੇਲੇ ਕੱਢ ਕੁੜੇ।
ਇੱਜ਼ਤ ਨੂੰ ਹੱਥ ਪਾਉਂਦੇ
ਜੋ ਗੁੱਟਾਂ ਨੂੰ ਵੱਢ ਕੁੜੇ।
ਇਉਂ ਸੁਲਝਾਉਣੀ ਪੈਣੀ
ਉਲਝੀ ਤਾਣੀ ਨੀ ਕੁੜੀਏ।
ਇੱਜ਼ਤ ਖਾਤਰ ਬਣ ਜਾ----

ਅਬਲਾ ਨਾਰੀ ਬਣਕੇ ਕਿੰਨਾ
ਜ਼ੁਲਮ ਸਹਾਰੇਂਗੀ।
ਗੁੰਗੀ ਬਹਿਰੀ ਬਣਕੇ
ਜ਼ਿੰਦਗੀ ਕਿਵੇਂ ਗੁਜਾਰੇਂਗੀ।
ਮਾਂ ਭਾਗੋ ਦੀ ਧੀਏ
ਮੂਲ ਪਛਾਣੀ ਨੀ ਕੁੜੀਏ।
ਇੱਜ਼ਤ ਖਾਤਰ ਬਣ ਜਾ----

ਮੋਢੇ ਚੁੱਕ ਦੁਨਾਲੀ ਸੋਧਾ
ਲਾ ਦੇ ਜ਼ਾਲਮ ਨੂੰ।
ਇੱਕੀਆ ਦੀ ਥਾਂ 'ਕੱਤੀ
ਭਾਜੀ ਪਾ ਦੇ ਜ਼ਾਲਮ ਨੂੰ।
ਸਿਰ ਚੁੱਕ 'ਲਾਲ' ਜਿਉਣਾ
ਦੱਸਦੀ ਬਾਣੀ ਨੀ ਕੁੜੀਏ।
ਇੱਜ਼ਤ ਖਾਤਰ ਬਣ ਜਾ--

## ਸਿਵਿਆਂ 'ਚ ਵਾਹ ਵਾਹ

ਭਾਵੇਂ ਉੱਥੇ ਲਾਸ਼ ਵੀ ਸੁਆਹ ਹੁੰਦੀ ਏ।
ਸਿਵਿਆਂ 'ਚ ਬੰਦੇ ਦੀ ਵਾਹ ਵਾਹ ਹੁੰਦੀ ਏ।
ਅਫਸੋਸ ਲਈ ਕਹਿੰਦੇ ਨੇ ਬੜਾ ਹੀ ਚੰਗਾ ਸੀ।
ਇਸਦੇ ਜਿਹਾ ਨਾਂ ਹੋਰ ਕੋਈ ਬੰਦਾ ਸੀ।
ਉਪਰੋਂ-ਉਪਰੋਂ ਭਾਵੇਂ ਖਾਹ ਮਖਾਹ ਹੁੰਦੀ ਏ।
ਸਿਵਿਆਂ 'ਚ ਬੰਦੇ ਦੀ ਵਾਹ ਵਾਹ ਹੁੰਦੀ ਏ।
ਦੁਸ਼ਮਣ ਵੀ ਜਾ ਕੇ ਸਿਰ ਨਿਵਾਉਂਦੇ ਨੇ।
ਓੜਕ ਏਹੀ ਘਰ ਹੈ ਚੇਤੇ ਆਉਂਦੇ ਨੇ।
ਖਮੋਸ਼ੀ ਉਸ ਸਮੇਂ ਦੀ ਗਵਾਹ ਹੁੰਦੀ ਏ।
ਸਿਵਿਆਂ 'ਚ ਬੰਦੇ ਦੀ ਵਾਹ ਵਾਹ ਹੁੰਦੀ ਏ।
ਸ਼ਾਇਦ ਆਖਰੀ ਇਸ਼ਨਾਨ ਕਰਮ ਧੋਂਦਾ ਹੈ।
ਘੜੀ ਪਲਾਂ ਲਈ ਚੰਗਾ ਅਖਵਾਉਂਦਾ ਹੈ।
ਰੂਹ ਨੂੰ ਮਿਲੇ ਸ਼ਾਂਤੀ ਇਹ ਦੁਆ ਹੁੰਦੀ ਏ।
ਸਿਵਿਆਂ 'ਚ ਬੰਦੇ ਦੀ ਵਾਹ ਵਾਹ ਹੁੰਦੀ ਏ।
ਰਿਸ਼ਤੇਦਾਰੀਆਂ ਚਾਹੇ ਉਦੋਂ ਲੱਖਾਂ ਰੋਂਦੀਆਂ ਨੇ।
ਬਹੁਤਿਆ ਦੀਆ ਵਖਾਵੇ ਲਈ ਅੱਖਾਂ ਰੋਂਦੀਆ ਨੇ।
ਰੂਹ ਦੀ ਹੋਵੇ ਸਾਂਝ ਤੇ ਦਿਲ ਹਿਲਾ ਹੁੰਦੀ ਏ।
ਸਿਵਿਆਂ 'ਚ ਬੰਦੇ ਦੀ ਵਾਹ ਵਾਹ ਹੁੰਦੀ ਏ।
ਜਿਊਦਿਆਂ ਜੇ ਚੰਗੇ ਰਿਸ਼ਤੇ ਬਣਾ ਲਈਏ।
ਦੁਸ਼ਮਣ ਵੀਂ ਹੋਣ ਗਲਵੱਕੜੀਆਂ ਪਾ ਲਈਏ।
ਜਿੰਨਾਂ ਨਾਲ ਭਾਵੇਂ ਠਾਹ ਠਾਹ ਹੁੰਦੀ ਏ।
ਸਿਵਿਆਂ 'ਚ ਬੰਦੇ ਦੀ ਵਾਹ ਵਾਹ ਹੁੰਦੀ ਏ।
ਟੁੱਟਣਾ ਕਿ ਜੁੜਨਾਂ ਇਹ ਰਿਸ਼ਤੇ ਜ਼ੁਬਾਨ ਦੇ।
ਰੱਬ ਨੇ ਇਹ ਦਿੱਤਾ ਸਭ ਹੱਥ ਇਨਸਾਨ ਦੇ।
ਚੀਜ਼ ਦਾ ਸੰਧੂ ਮੁੱਲ ਦਿਸੇ ਜਦੋਂ ਗੁਆ ਹੁੰਦੀ ਏ।
ਸਿਵਿਆਂ 'ਚ ਬੰਦੇ ਦੀ ਵਾਹ ਵਾਹ ਹੁੰਦੀ ਏ।

**- ਸ਼ਿਨਾਗ ਸਿੰਘ ਸੰਧੂ**
91-97816-93300



## ਟਰੱਕ ਡਰਾਈਵਰ

ਸਤੀ ਸਤਾਈ ਬੋਲੀ ਮੈਂ ਤਾਂ ਜਾਂਦਾ ਜਿੰਦ ਤੜਫਾਕੇ
ਜੰਕ ਫੂਡ ਜਿਹਾ ਖਾ ਕੇ ਵੇ ਤੂੰ ਬਹਿ ਗਿਆ ਭਾਰ ਵਧਾ ਕੇ
ਘਰੇ ਦੇਊ ਤੈਨੂੰ ਮੱਕੀ ਦੀ ਰੋਟੀ ਸਾਗ ਮੱਖਣ ਵਿਚ ਪਾ ਕੇ
ਕੰਮ ਧੰਦਾ ਕੋਈ ਹੋਰ ਚਲਾਈਏ, ਨਾ ਮੈਂ ਲਾਉਂਦੀ ਲਾਰਾ ਵੇ
ਵੇ ਤੂੰ ਟਰੱਕ ਚਲਾਉਣਾ ਛੱਡਦੇ ਇਹ ਤਾਂ ਬਿਜਨਸ ਬਹੁਤ ਮਾੜਾ ਵੇ।

ਦੋ ਤਿੰਨ ਹਫਤੇ ਪਿੱਛੋਂ ਆਵੇ ਫੇਰ ਤੂੰ ਆ ਕੇ ਲੜਦਾ
ਨਹਾਉਣ ਧੋਣ ਦਾ ਟਾਈਮ ਕੋਈ ਨਹੀਂ ਚੌਵੀ ਘੰਟੇ ਮਰਦਾ
ਪਿੱਛੇ ਬਾਲ ਬੱਚੇ ਘਰ ਵਾਲੀ ਛੱਡਕੇ ਤੇਰਾ ਕਿੱਦਾਂ ਸਰਦਾ
ਖਰਚਿਆਂ ਦਾ ਫੇਰ ਹਿਸਾਬ ਕੋਈ ਨਹੀਂ ਇੱਥੇ ਹੁੰਦੇ ਮਸਾਂ ਗੁਜ਼ਾਰਾ ਵੇ
ਵੇ ਤੂੰ ਟਰੱਕ ਚਲਾਉਣਾ ਛੱਡਦੇ ...

ਗੱਲਾਂ ਹੋਣ ਸ਼ਰੀਕਾਂ ਦੇ ਮੈਨੂੰ ਮੇਹਣੇ ਮਾਰਨ ਸਾਰੇ
ਰੁੱਖੀ ਮਿੱਸੀ ਖਾਲਾ ਕਿਉਂ ਤੂੰ ਮਾਇਆ ਜੱਫੀਆਂ ਮਾਰੇ
ਨਾ ਮੇਰੀ ਮੰਨੀ ਸੋਚ ਸਮਝ ਲਈ ਦਿਨੇ ਦਿਖਾਜੂ ਤਾਰੇ
ਜਦੋਂ ਤਲਾਕ ਮੈਂ ਦੇ ਕੇ ਤੁਰਗੀ ਪਹਿਜੂ ਘਰੇ ਖਲਾਰਾ ਵੇ
ਵੇ ਤੂੰ ਟਰੱਕ ਚਲਾਉਣਾ ਛੱਡਦੇ ....

ਟੀ. ਵੀ. ਤੋਂ ਇਹ ਖਬਰਾਂ ਸੁਣਕੇ ਲੋਕੀ ਆਣ ਸੁਣਾਉਂਦੇ।
ਫੜਿਆ ਗਿਆ ਇਕ ਟਰੱਕ ਡਰੱਗ ਦਾ ਮੈਨੂੰ ਤਾਪ ਚੜ੍ਹਾਉਂਦੇ।
ਜੋ ਕੁਝ ਕਰਦੇ ਮਾਲਕ ਕਰਦੇ ਥੋਡੇ ਸਿਰ ਫਿਰ ਲਾਉਂਦੇ।
ਨਾ ਕਦੇ ਜਮਾਨਤ ਹੋਵੇ ਤੇ ਫਿਰ ਕਹਿੰਦਾ ਹੈ ਜੱਗ ਸਾਰਾ
ਵੇ ਤੂੰ ਟਰੱਕ ਚਲਾਉਣਾ ਛੱਡਦੇ ...

ਸੱਤ ਸਾਲ ਮੈਨੂੰ ਆਈ ਨੂੰ ਹੋ ਗਏ ਕੀ ਤੂੰ ਕਰੀ ਕਮਾਈ
ਭਰੀ ਜਾਨਾ ਹਰਜਾਨੇ ਫਿਰਦਾ ਆਪਣੀ ਹੋਸ਼ ਗਵਾਈ
ਕਿਵੇਂ ਤੁਰਿਆ ਰੋਜ ਕਚਹਿਰੀ ਕਹਿਣਾ ਦਿੰਦਾ ਫਿਰੇ ਸਫਾਈ
ਵੇਖ 'ਦੇਵ ਘੋਲੀਏ' ਵਾਲਾ ਤਾਹੀਉਂ ਕਰ ਗਿਆ ਦੂਰ ਕਿਨਾਰਾ ਵੇ
ਵੇ ਤੂੰ ਟਰੱਕ ਚਲਾਉਣਾ ਛੱਡਦੇ ਇਹ ਤਾਂ ਬਿਜਨਸ ਬਹੁਤ ਮਾੜਾ ਵੇ।



**- ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
559-232-7764

## ਧੂੜਖੱਬੀ ਖਾਨਾ ਨੂੰ ਚਟਾਈ ਕਾਂਸ਼ੀ ਰਾਮ ਨੇ

ਧੂੜ ਖੱਬੀਖਾਨਾਂ ਨੂੰ ਚਟਾਈ ਕਾਂਸ਼ੀ ਰਾਮ ਨੇ।

ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।

ਸਦੀਆਂ ਤੋਂ ਪਛੜੇ ਪਛਾੜੇ ਲੋਕ ਦੇਸ਼ ਦੇ।

ਜਾਤਾਂ ਤੇ ਕੁਜਾਤਾਂ ਵਿਚ ਪਾੜੇ ਲੋਕ ਦੇਸ਼ ਦੇ।

ਸਾਂਝ ਭਾਈਚਾਰੇ ਦੀ ਸਿਖਾਈ ਕਾਂਸ਼ੀ ਰਾਮ ਨੇ।

ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।

ਮਨੂਵਾਦੀਆਂ ਨੂੰ ਉਹਦੇ ਗੜ੍ਹਾਂ ਵਿਚ ਘੇਰਕੇ।

ਰੱਖਤੇ ਗਣਿਤ ਰਾਜਨੀਤਕਾਂ ਦੇ ਫੇਰਕੇ।

ਐਸੀ ਪੁੱਠੀ ਚਕਰੀ ਘੁੰਮਾਈ ਕਾਂਸ਼ੀ ਰਾਮ ਨੇ।

ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।

ਕਾਂਗਰਸੀ, ਭਾਜਪਾ ਸਮੇਤ ਰੱਖੇ ਠੋਕ ਕੇ।

ਬੈਠੇ ਸਨ ਸਾਰੇ ਮਨੂਵਾਦੀ ਸਾਹ ਰੋਕ ਕੇ।

ਨੀਂਦ ਕੱਲੇ ਕੱਲੇ ਦੀ ਉਡਈ ਕਾਂਸ਼ੀ ਰਾਮ ਨੇ।

ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।

ਕਹਿੰਦਾ ਛਡੂੰ ਮਨੂਵਾਦ ਦੇਸ਼ ਵਿਚੋਂ ਕੱਢ ਕੇ।

ਝੁੱਗੀਆਂ ਤੇ ਢਾਰਿਆਂ 'ਤੇ ਨੀਲਾ ਝੰਡਾ ਗੱਡ ਕੇ।

ਹਾਥੀ ਉੱਤੇ ਬਸਪਾ ਚੜ੍ਹਾਈ ਕਾਂਸ਼ੀ ਰਾਮ ਨੇ।

ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।

ਕਰਨੀ ਤੇ ਕਹਿਣੀ ਇੱਕ, ਜੀਵਨ ਕਮਾਲ ਦਾ।

ਵੱਡਾ ਜਿਗਰਾ ਸੀ ਮਾਤਾ ਬਿਸ਼ਨੀ ਦੇ 'ਲਾਲ' ਦਾ।

ਸੁੱਤੀ ਕੌਮ ਟੁੰਬ ਕੇ ਜਗਾਈ ਕਾਂਸ਼ੀ ਰਾਮ ਨੇ।

ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।



**- ਲਾਲ ਸਿੰਘ ਸੁਲਹਾਣੀ**
91-98721-55120

## "ਬੱਦਲਾਂ ਦੇ ਨਾਲ ਨਾਲ" - ਗੀਤ ਬਾਰੇ

ਬੀਤੇ ਦਿਨੀਂ ਚਰਚਿਤ ਫਿਲਮਸਾਜ਼, ਸ਼ਾਇਰ ਅਤੇ ਗੀਤਕਾਰ ਸ੍ਰੀ ਅਮਰ ਸਿੰਘ ਸਿੱਧੂ ਦਾ ਲਿਖਿਆ, "ਮਹਿੰਦੀ ਰੰਗਾ ਸੂਟੜਾ... ਗੀਤ ਨਾਲ ਚਰਚਾ ਵਿੱਚ ਆਈ ਬੇਹੱਦ ਸੁਰੀਲੀ ਗਾਇਕਾ ਗੁਰਲਗਨ ਦਾ ਗਾਇਆ ਅਤੇ ਨੌਜਵਾਨ ਸੰਗੀਤਕਾਰ ਸੁਖਪਾਲ ਦਰਸ਼ਨ ਦੀਆਂ ਮਨੋਹਰ ਧੁਨਾਂ ਨਾਲ ਸਜਾਇਆ "ਬੱਦਲਾਂ ਦੇ ਨਾਲ ਨਾਲ...... ਗੀਤ ਨੂੰ ਹਰ ਵਰਗ ਦੇ ਸਰੋਤਿਆਂ ਵੱਲੋਂ ਪਸੰਦ ਕੀਤਾ ਜਾ ਰਿਹਾ ਹੈ। ਅਮਰ ਸਿੰਘ ਸਿੱਧੂ ਨੇ ਇਸ ਗੀਤ ਵਿੱਚ ਇੱਕ ਮੁਟਿਆਰ ਦੀਆਂ ਰੀਝਾਂ, ਚਾਵਾਂ, ਸੱਧਰਾਂ ਅਤੇ ਉਮੰਗਾਂ ਦਾ ਜ਼ਿਕਰ ਕੀਤਾ ਹੈ। ਗੀਤ ਦੀ ਨਾਇਕਾ ਕਲ ਆਪਣੇ ਰੀਝਾਂ ਦੇ ਹਾਣੀ ਦੇ ਇਸ਼ਕ ਵਿੱਚ ਝੱਲੀ ਤੇ ਮਦਮਸਤ ਹੋਈ ਬੱਦਲਾਂ ਦੇ ਨਾਲ ਨਾਲ ਅੰਬਰਾਂ ਵਿੱਚ ਉੱਡਣਾ ਲੋਚਦੀ ਹੈ। ਕਲਾ ਪੱਖ ਤੋਂ ਇਸ ਗੀਤ ਦਾ ਸਭ ਤੋਂ ਖੂਬਸੂਰਤ ਪੱਖ ਮੈਨੂੰ ਇਹ ਲੱਗਿਆ ਕਿ ਅਮਰ ਸਿੰਘ ਸਿੱਧੂ ਨੇ ਇਸ ਗੀਤ ਵਿੱਚ ਤੋਰੀ ਦੀ ਵੇਲ ਦੇ ਫੁੱਲਾਂ ਦੇ ਬਿੰਬ ਦਾ ਜੋ ਜ਼ਿਕਰ ਕੀਤਾ ਹੈ, ਮੇਰੀ ਜਾਣਕਾਰੀ ਅਨੁਸਾਰ ਪੰਜਾਬੀ ਗੀਤਕਾਰੀ ਅਤੇ ਸ਼ਾਇਰੀ ਵਿੱਚ ਇਹ ਬਿੰਬ ਪਹਿਲੀ ਵਾਰ ਆਇਆ ਹੈ।

ਤੋਰੀ ਦੀ ਵੇਲ ਦੇ ਲੱਪ-ਲੱਪ ਜਿੱਡੇ ਸੁਨਹਿਰੀ ਫੁੱਲ ਦੇਖਣ ਵਾਲੇ ਦਾ ਮਨ ਮੋਹ ਲੈਂਦੇ ਹਨ ਤੇ ਉਦਾਸੇ ਤੇ ਨਿਰਾਸ਼ੇ ਮਨਾਂ ਨੂੰ ਖੇੜਾ ਪ੍ਰਦਾਨ ਕਰਦੇ ਹਨ । ਦੂਸਰੇ ਪਾਸੇ ਗੁਰਲਗਨ ਨੇ ਵੀ ਇਸ ਗੀਤ ਨੂੰ ਪੂਰੇ ਚੁਲਬੁਲੇਪਣ ਨਾਲ ਗੀਤ ਦੇ ਭਾਵਾਂ 'ਚ ਖੁੱਭ ਕੇ ਆਪਣੀ ਮਨਮੋਹਕ ਆਵਾਜ਼ ਦਿੱਤੀ ਹੈ, ਜੋ ਹਰੇਕ ਅੱਲ੍ਹੜ ਉਮਰ ਦੀ ਮੁਟਿਆਰ ਦੇ ਦਿਲ ਵਿੱਚ ਯਕੀਨਨ ਹਲਚਲ ਪੈਦਾ ਕਰੇਗੀ ਤੇ ਨਾਲ-ਨਾਲ ਹਰ ਵਰਗ ਦੇ ਸਰੋਤਿਆਂ ਦੇ ਕੰਨਾਂ ਨੂੰ ਵੀ ਸਕੂਨ ਦੇਵੇਗੀ ।ਮੈਂ ਉਪਰੋਕਤ ਤਿੰਨੇ ਦੋਸਤਾਂ ਨੂੰ ਸਮੁੱਚੀ ਪੰਜਾਬੀ ਸਾਹਿਤ ਸਭਾ (ਰਜਿ) ਬਠਿੰਡਾ ਦਾ ਪ੍ਰਧਾਨ ਹੋਣ ਦੇ ਨਾਤੇ ਸਭਾ ਵੱਲੋਂ ਮੁਬਾਰਕਬਾਦ ਦਿੰਦਾ ਹੋਇਆ ਅਗਲੀ ਪੁਲਾਂਘ ਪੁੱਟਣ ਲਈ ਸ਼ੁਭਕਾਮਨਾਵਾਂ ਭੇਟ ਕਰਦਾ ਹਾਂ। ਸਭਾ ਵੱਲੋਂ ਇਸ ਕਰਕੇ ਕਿਉਂਕਿ ਸ੍ਰੀ ਅਮਰ ਸਿੰਘ ਸਿੱਧੂ ਸਾਡੀ ਸਭਾ ਦੇ ਸਨਮਾਨਯੋਗ ਤੇ ਇੱਕ ਜ਼ਿੰਮੇਵਾਰ ਮੈਂਬਰ ਹਨ। ਆਮੀਨ!

**- ਸੁਰਿੰਦਰਪ੍ਰੀਤ ਘਣੀਆਂ**
91-98140-86961

## ਹਾਥਰਸ- ਦੋ ਮਾਪਦੰਡ

ਕੈਸਾ ਹੁਣ ਤਾਂ ਰਾਜ ਹੋ ਗਿਆ?
ਕੁੜੀਆਂ ਦੀ ਕਿਉਂ ਲਾਜ ਖੋ ਗਿਆ।

ਪਰਦਾਫਾਸ਼ ਇਕ ਰਾਜ਼ ਹੋ ਗਿਆ।
ਬਲਾਤਕਾਰੀ ਹੁਣ ਆਪਣਾ ਹੋ ਗਿਆ।
ਮੁਦਈ ਬੇਗਾਨਾ ਗੈਰ ਇਲਾਜ ਹੋ ਗਿਆ।
ਮੁੱਦ ਲੁਕੋਣ ਦਾ ਰਾਗ ਹੋ ਗਿਆ।
ਚੋਰ/ਕੁੱਤੀ ਦਾ ਸਾਜਬਾਜ਼ ਹੋ ਗਿਆ।

ਅਜਿਹੇ ਮੁੱਦੇ ਦੱਬਣ ਕਿਉਂ ਲੱਗੈ
ਸ਼ਾਇਦ ਖ਼ੂਨ ਹੋ ਗਏ ਨੇ ਬੱਗੇ।
ਇਕ ਠਾਕੁਰ ਦਾ ਮੁੱਦਾ ਚੁੱਕਣ,
ਦਲਿਤ ਦਾ ਮੁੱਦਾ ਕਾਹਤੋਂ ਦੱਬੇ।
ਰੱਬਾ! ਕੀ ਉਹ ਇਨਸਾਨ ਨਹੀਂ ਸਜੇ।

**- ਸਾਹੋਕੇ**

## ਬਚੋ ਭੁੱਖਿਆਂ ਤੇ ਸੁੱਖਿਆਂ ਤੋਂ !

ਘੋਰ ਚਿੰਤਾ ਵਿੱਚ ਕੇਂਦਰ ਨੇ ਹੋਰ ਪਾਇਆ
ਖੇਤੀ ਬਾੜੀ ਵਿੱਚ ਘਾਟੇ ਤੋਂ ਦੁਖਿਆਂ ਨੂੰ।

ਸਿਰੜ ਪਰਖਣਾ ਮਿਹਨਤੀ ਕਿਰਤੀਆਂ ਦਾ
ਮੁੱਢੋਂ ਆਦਤ ਹੈ ਹਾਕਮਾਂ ਰੁੱਖਿਆਂ ਨੂੰ।

ਝੰਡੇ ਲੈ ਲੈ ਕੇ ਆਉਣਗੇ ਆਪਣੇ ਹੀ
ਮੂੰਹ ਲਾਇਉ ਨਾ ਵੋਟਾਂ ਦੇ ਭੁੱਖਿਆਂ ਨੂੰ।

ਵਗਦੀ ਗੰਗਾ ਵਿੱਚ ਧੋਣ ਲਈ ਹਥ ਦੇਖੋ
ਹੇਜ ਪੰਥ ਦਾ ਜਾਗਿਆ 'ਸੁੱਖਿਆਂ' ਨੂੰ।

ਕਰਿਉ ਜਰਾ ਇਤਬਾਰ ਨਾ 'ਪੱਟੀਆਂ' ਦਾ
ਪੜ੍ਹੀਆਂ 'ਚਾਣਕਾ ਨੀਤੀ' ਦੇ ਪਾਠ ਦੀਆਂ।

ਤਪਦੇ ਦੇਖ ਕੇ 'ਚੁੱਲ੍ਹੇ' ਸੰਘਰਸ਼ ਵਾਲੇ
ਚੱਕੀ ਆਏ ਨੇ ਹਾਂਡੀਆਂ ਕਾਠ ਦੀਆਂ !



**-ਤਰਲੋਚਨ ਸਿੰਘ**
**'ਦੁਪਾਲ ਪੁਰ'**
001-408-915-1268

# ਪੇਂਡੂ ਖੇਤਰ 'ਚ ਸਿਹਤ ਸੇਵਾਵਾਂ ਦੇਣ ਵਾਲਾ ਉਪ-ਵੈਦ : ਸ਼੍ਰੀ ਰਾਮ ਚੰਦ ਮੋਹਲਗਵਾਰਾ

ਸਿੱਖਿਆ ਅਤੇ ਸਿਹਤ ਸੇਵਾਵਾਂ ਮੁਢਲੀਆਂ ਅਤੇ ਜਰੂਰੀ ਸੇਵਾਵਾਂ 'ਚ ਆਉਂਦੇ ਹਨ।ਇਨ੍ਹਾਂ ਸੇਵਾਵਾਂ ਨੂੰ ਨਿਭਾਉਣ ਵਾਲੇ ਸਮਾਜ 'ਚ ਨਿਵੇਕਲੀ ਪਹਿਚਾਣ ਰੱਖਦੇ ਹਨ।ਦੇਸ਼ 'ਚ ਕੋਰੋਨਾ ਨਾਲ ਫਰੰਟ ਲਾਈਨ ਤੇ ਲੜਨ ਲਈ ਸਿਹਤ ਵਿਭਾਗ ਦਾ ਅਹਿਮ ਰੋਲ ਹੈ। ਜੋਖਿਮ ਭਰੀਆਂ ਡਿਊਟੀਆਂ ਨਿਭਾਉਣ ਵਾਲੇ ਕਰਮਚਾਰੀ ਸੱਚਮੁੱਚ ਸਨਮਾਨ ਦੇ ਪਾਤਰ ਹਨ।ਇਸੇ ਤਰ੍ਹਾਂ ਹੀ ਸਿਹਤ ਸੇਵਾਵਾਂ ਪ੍ਰਤੀ ਡਿਊਟੀ ਨੂੰ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਸ਼੍ਰੀ ਰਾਮ ਚੰਦ ਉਪ-ਵੈਦ ਸਰਕਾਰੀ ਆਯੂਰਵੈਦਿਕ ਡਿਸਪੈਂਸਰੀ ਮਲ੍ਹੇਵਾਲ ਜਿਲ੍ਹਾ ਪਟਿਆਲਾ ਤੋਂ 30 ਸਤੰਬਰ 2020 ਨੂੰ ਰਿਟਾਇਰ ਹੋ ਚੁੱਕੇ ਹਨ। ਇਹਨਾਂ ਦਾ ਜਨਮ ਪਿੰਡ ਮੋਹਲਗਵਾਰਾ ਜਿਲ੍ਹਾ ਪਟਿਆਲਾ ਵਿਖੇ 1 ਅਗਸਤ 1960 ਨੂੰ ਮਾਤਾ ਸਵ: ਸ੍ਰੀਮਤੀ ਗੁਰਦੇਵ ਕੌਰ ਦੀ ਕੁੱਖ ਤੋਂ ਹੋਇਆ। ਆਪ ਦੇ ਪਿਤਾ ਸਵ: ਸ੍ਰੀ ਭਜਨ ਸਿੰਘ ਇੱਕ ਕਿਰਤੀ ਇਨਸਾਨ ਸਨ।ਰਾਮ ਚੰਦ ਨੇ ਆਪਣੀ ਪੰਜਵੀਂ ਤੱਕ ਦੀ ਸਿੱਖਿਆ ਪਿੰਡ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ ।ਉਸ ਨੇ ਛੇਵੀਂ ਤੋਂ ਦਸਵੀਂ ਤੱਕ ਦੀ ਪੜ੍ਹਾਈ ਸ.ਹ.ਸ. ਦੰਦਰਾਲਾ ਢੀਂਡਸਾ (ਪਟਿਆਲਾ) ਤੋਂ ਮਾਰਚ 1978 ਵਿੱਚ ਕਰ ਲਈ ।ਪਰ ਘਰ ਦੀ ਆਰਥਿਕ ਮਜਬੂਰੀ ਕਾਰਣ ਵੀ ਉਸ ਦੇ ਪਿਤਾ ਦੀ ਸਾਕਾਰਾਤਮਕ ਸੋਚ ਨੇ ਬੱਚਿਆ ਨੂੰ ਸਰਕਾਰੀ ਨੌਕਰੀ ਦੇ ਕਾਬਲ ਬਣਾਉਣ ਦੀ ਠਾਣੀ ਹੋਈ ਸੀ ।ਮਾਂ-ਬਾਪ ਦੇ ਦਿੱਤੇ ਚੰਗੇ ਸ਼ੰਸ਼ਕਾਰਾਂ ਸਦਕਾ ਰਾਮ ਚੰਦ ਨੇ ਵੀ ਸਰਕਾਰੀ ਆਯੂਰਵੈਦਿਕ ਕਾਲਜ ਪਟਿਆਲਾ ਵਿੱਚ ਉਪ-ਵੈਦ ਦਾ ਡਿਪਲੋਮਾ 1980 ਵਿੱਚ ਕਰ ਲਿਆ ।ਉਸ ਦਾ ਵਿਆਹ ਪਿੰਡ ਘੁਡਾਣੀ ਕਲਾਂ ਦੇ ਸਵ: ਗਿਆਨੀ ਨਾਹਰ ਸਿੰਘ ਦੀ ਬੇਟੀ ਸਰਬਜੀਤ ਕੌਰ ਨਾਲ 8 ਦਸੰਬਰ 1984 ਨੂੰ ਹੋ ਗਿਆ। ਲੰਬੇ ਸਮੇਂ ਬਾਅਦ ਉਸ ਨੂੰ ਸ਼ਰਕਾਰੀ ਉਪ-ਵੈਦ ਬਣਨ ਦਾ ਸ਼ੁਭਾਗ ਪ੍ਰਾਪਤ ਹੋ ਹੀ ਗਿਆ । ਉਸ ਦੀ ਨਿ-ਯੁਕਤੀ ਬਤੌਰ ਉਪ ਵੈਦ ਹੋਣ ਉਪਰੰਤ 20 ਅਕਤੂਬਰ 1989 ਨੂੰ ਸਰਕਾਰੀ ਆਯੂਰਵੈਦਿਕ ਡਿਸਪੈਂਸਰੀ ਕੋਟ ਮਜਲਿਸ (ਗੁਰਦਾਸਪੁਰ) ਵਿਖੇ ਪਹਿਲੀ ਹਾਜ਼ਰੀ ਦੇ ਕੇ ਉਸ ਨੇ ਸੇਵਾ ਆਰੰਭ ਕੀਤੀ।ਘਰ ਤੋਂ ਜਿਆਦਾ ਦੂਰ ਹੋਣ ਕਾਰਣ ਆਪ ਨੂੰ ਆਉਣਾ-ਜਾਣਾ ਮੁਸ਼ਕਲ ਸੀ। ਇਸ ਲਈ ਉਸ ਨੇ ਸਰਕਾਰੀ ਆਯੂਰਵੈਦਿਕ ਕਾਲਜ



ਪਟਿਆਲਾ ਵਿਖੇ ਸਤੰਬਰ 1995 ਨੂੰ ਬਦਲੀ ਕਰਵਾ ਲਈ।ਉਨ੍ਹਾ ਦੀ ਬਦਲੀ ਸਰਕਾਰੀ ਆਯੂਰਵੈਦਿਕ ਡਿਸਪੈਂਸਰੀ ਮੰਡੌਰ (ਪਟਿਆਲਾਂ) ਵਿਖੇ ਜੁਲਾਈ 2002 ਵਿੱਚ ਹੋ ਗਈ।ਇਥੇ ਆਪ ਨੇ ਤਕਰੀਬਨ 13 ਸਾਲ ਈਮਾਨਦਾਰੀ ਨਾਲ ਸੇਵਾ ਨਿਭਾਈ ਅਤੇ ਇਥੋਂ 2015 ਵਿੱਚ ਸਰਕਾਰੀ ਆਯੂਰਵੈਦਿਕ ਡਿਸਪੈਂਸਰੀ ਮਲ੍ਹੇਵਾਲ ਜਿਲ੍ਹਾ ਪਟਿਆਲਾ ਵਿਖੇ ਕਰਵਾ ਲਈ ਅਤੇ ਇਥੋਂ ਹੀ ਉਹ ਰਿਟਾਇਰ ਹੋ ਚੁੱਕੇ ਹਨ। ਉਹ ਮਿੱਠਬੋਲੜੇ ਅਤੇ ਮਿਲਣਸਾਰ ਸੁਭਾਅ ਵਾਲਾ ਇਨਸਾਨ ਹੈ।ਉਸ ਦਾ ਵੱਡਾ ਭਰਾ ਸ਼੍ਰ. ਸੁਰਜੀਤ ਸਿੰਘ ਬਤੌਰ ਖੇਤੀਬਾੜੀ ਮਾਸਟਰ ਰਿਟਾਇਰ ਹੋ ਚੁੱਕਾ ਹੈ, ਬਾਕੀ ਚਾਰ ਛੋਟੇ ਭਰਾ ਦਰਸ਼ਨ ਸਿੰਘ ਡਰਾਇੰਗ ਮਾਸਟਰ, ਰਾਮ ਸਿੰਘ ਜੇ.ਈ., ਬਹਾਦਰ ਸਿੰਘ ਅਸਿਸਟੈਂਟ ਐਕਸੀਅਨ (ਪੰਜਾਬ ਰਾਜ ਬਿਜਲੀ ਬੋਰਡ) ਅਤੇ ਹੰਸ ਰਾਜ (ਸਾਬਕਾ ਫੌਜੀ) ਹੁਣ ਈ.ਟੀ.ਟੀ. ਅਧਿਆਪਕ ਆਪਣੇ ਆਪਣੇ ਮਹਿਕਮੇ 'ਚ ਵਧੀਆ ਸੇਵਾਵਾਂ ਨਿਭਾ ਰਹੇ ਹਨ।ਸਾਰੇ ਭਰਾਵਾਂ ਦਾ ਆਪਸੀ ਪਿਆਰ ਅਤੇ ਥਪਾਕ ਸਰਾਹੁਣਯੋਗ ਹੈ।

ਬੇਟਾ ਜਤਿੰਦਰ ਸਿੰਘ ਆਪਣੀ ਕਾਬਲੀਅਤ ਦੇ ਆਧਾਰ 'ਤੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ. ਵੀ. ਐਸ. ਸੀ. ਕਰਕੇ ਪੰਜਾਬ ਪਬਲਿਕ ਸਰਵਿਸ ਕਮਿਸਨ ਵਲੋਂ ਬਤੌਰ ਵੈਟਰਨਰੀ ਅਫਸਰ ਸਿਲੈਕਟ ਹੋ ਚੁੱਕਾ ਹੈ।

ਸ਼੍ਰੀ ਰਾਮ ਚੰਦ ਆਪਣੇ ਸਮੇਂ ਦੇ ਵਧੀਆ ਕਬੱਡੀ ਖਿਡਾਰੀ ਰਹਿ ਚੁੱਕੇ ਹਨ। ਉਹ ਆਪਣੀ ਸਿਹਤ ਪ੍ਰਤੀ ਹਮੇਸ਼ਾਂ ਜਾਗਰੂਕ ਰਹਿਣ ਕਾਰਨ ਰੋਜ਼ਾਨਾ ਸ਼ੈਰ ਕਰਨ ਤੋਂ ਇਲਾਵਾ ਸਾਈਕਲਿੰਗ ਵੀ ਕਰਦੇ ਹਨ।ਉਹ ਪਿਛਲੇ ਲੰਬੇ ਸਮੇਂ ਤੋਂ ਆਪਣੇ ਪਰਿਵਾਰ ਨਾਲ ਨਾਭਾ ਵਿਖੇ ਰਹਿ ਰਹੇ ਹਨ੍ਹ ਪ੍ਰਮਾਤਮਾ ਕਰੇ ਉਹ ਹਮੇਸ਼ਾਂ ਸਿਹਤਯਾਬ ਰਹਿਣ।



**ਮੇਜਰ ਸਿੰਘ ਨਾਭਾ**
91-94635-53962



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED
TIRES
WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

**3525 Highway 99, West Corning, CA 96021**

Across the Street from TA Truck Stop

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355



## DHAN DHAN SRI GURU RAVIDASS JI

Bole' So Nirbhay! Guru Ravidass Maharaj Ki Jai!

**Guru- Piari Sadh Sangat Ji,**

Sri Guru Ravidass Temple Pittsburg- Committee has decided to open the Gurudwara Sahib on Sundays, from 10:00 AM to 1:00 PM, starting September 6, 2020. Kitchen and Langar hall will remain closed until the conditions improve. Sangat is requested to follow Contra Costa County's COVID-19 health and safety guidelines. Everyone must wear a face mask and wash hands before entering Darbar Hall and maintain 6 feet distance from others to avoid the spread of CORONA Virus. If you are not feeling well, please pray at home but do not come to Gurughar as a precaution.

Committee is taking applications for new SEWADARS ( board members) applications were sent to members last month. However, the election date has been postponed due to CORONA Virus. Sangat will be notified once the election date is re-scheduled.

Gurughar members are requested to renew their membership by paying their annual renewal fee. Your donations are greatly appreciated.

For any special needs, please contact the managing committee. We pray to Waheguru ji for the safety and good health of the entire Sangat.

**"NANAK NAM CHARDI KALA TERE BHANE SARBAT DA BHALA"**

| Chairman | President | Sangat De Sewadar | General Secretary | Treasurer |
|---|---|---|---|---|
| Jagtar Bhatia | Shinder Paul Narabut | | Dharam Pal Chonkria | Vinod Kumar |